Space for Available for Advertising

WWW.PREETNEWS.COM

WWW.PREETNAMA.COM

preetnamausa@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ

Preetnamausa@gmail.com

ਸਾਲ 4, ਅੰਕ 358, 19 ਜੂਨ ਤੋਂ 25 ਜੂਨ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਇਲੋਨ ਮਸਕ ਬਣੇ ਦੁਨੀਆਂ ਦੇ ਪਹਿਲੇ ਖ਼ਰਬਪਤੀ, ਕਦੇ ਘਰ-ਘਰ ਜਾ ਕੇ ਚਾਕਲੇਟ ਵੇਚਣ ਵਾਲੇ ਮਸਕ ਆਖ਼ਰ ਇੰਨੇ ਅਮੀਰ ਕਿਵੇਂ ਬਣੇ



ਟੈਕਨੋਲੋਜੀ ਦੀ ਦੁਨੀਆ ਦੇ ਦਿੱਗਜ, ਸਪੇਸ ਐਕਸ, ਟੈਸਲਾ ਅਤੇ ਐਕਸ (ਪਹਿਲਾਂ ਟਵਿੱਟਰ) ਦੇ ਬੌਸ, ਇਲੋਨ ਮਸਕ ਦੁਨੀਆ ਦੇ ਪਹਿਲੇ ਟ੍ਰਿਲੀਅਨੇਅਰ ਭਾਵ ਖਰਬਪਤੀ ਬਣ ਗਏ ਹਨ। ਕੁਝ ਸਮੇਂ ਤੋਂ ਮਸਕ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਰਹੇ ਹਨ, ਜਾਂ ਘੱਟੋ-ਘੱਟ ਇਸ ਮੁਕਾਮ ਦੇ ਬਹੁਤ ਕਰੀਬ ਰਹੇ ਹਨ। ਫੋਰਬਸ ਦੇ ਅਨੁਸਾਰ, ਅਕਤੂਬਰ 2025 ਵਿੱਚ ਉਹ ਅੱਧੇ ਟ੍ਰਿਲੀਅਨ ਡਾਲਰ ਭਾਵ ਅੱਧੇ ਖਰਬ ਡਾਲਰ ਤੋਂ ਵੱਧ ਦੀ ਕੁੱਲ ਜਾਇਦਾਦ ਹਾਸਿਲ ਕਰਨ ਵਾਲੇ ਪਹਿਲੇ ਵਿਅਕਤੀ ਬਣੇ। ਇੱਕ ਮਹੀਨੇ ਬਾਅਦ, ਟੈਸਲਾ ਦੇ ਸ਼ੇਅਰਹੋਲਡਰਾਂ ਨੇ ਇੱਕ ਰਿਕਾਰਡ-ਤੋੜ ਪੇ-ਡੀਲ (ਸੈਲੇਰੀ ਪੈਕੇਜ) ਨੂੰ ਮਨਜ਼ੂਰੀ ਦਿੱਤੀ, ਜਿਸ ਦੀ ਕੀਮਤ ਭਵਿੱਖ ਵਿੱਚ 1 ਖਰਬ ਡਾਲਰ ਤੱਕ ਪਹੁੰਚ ਸਕਦੀ ਹੈ। ਪਰ ਜੂਨ 2026 ਵਿੱਚ, ਮਸਕ ਦੀ ਕੁੱਲ ਜਾਇਦਾਦ ਅਰਬਪਤੀ ਤੋਂ ਖਰਬਪਤੀ ਦੇ ਪੱਧਰ ਤੱਕ ਪਹੁੰਚ ਗਈ। ਇਹ ਮਸਕ ਦੀ ਰਾਕੇਟ ਬਣਾਉਣ ਅਤੇ ਸੈਟੇਲਾਈਟ ਚਲਾਉਣ ਵਾਲੀ ਕੰਪਨੀ ਸਪੇਸਐਕਸ ਦੀ ਸ਼ੇਅਰ ਬਾਜ਼ਾਰ ਵਿੱਚ ਲਿਸਟਿੰਗ ਤੋਂ ਬਾਅਦ ਹੋਇਆ ਹੈ। ਦੱਸ ਦੇਈਏ ਕਿ ਸਪੇਸਐਕਸ ਦੀ ਐਕਸ, ਗ੍ਰੋਕ ਅਤੇ ਸਟਾਰਲਿੰਕ ਵਿੱਚ ਵੀ ਹਿੱਸੇਦਾਰੀ ਹੈ। ਹਾਲਾਂਕਿ, ਉਹ ਸਿਰਫ਼ ਆਪਣੀ ਅਥਾਹ ਦੌਲਤ ਲਈ ਹੀ ਨਹੀਂ ਜਾਣੇ ਜਾਂਦੇ। ਸਪੇਸਐਕਸ ਦੇ ਬੌਸ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਦਾ ਇਸਤੇਮਾਲ ਕਈ ਤਰ੍ਹਾਂ ਦੇ ਵਿਸ਼ਿਆਂ 'ਤੇ ਆਪਣੀ ਰਾਇ ਰੱਖਣ ਲਈ ਕੀਤਾ ਹੈ, ਜਿਸ ਵਿੱਚ ਮੌਜੂਦਾ ਮਾਮਲਿਆਂ ਤੋਂ ਲੈ ਕੇ ਮਨੁੱਖਤਾ ਦੇ ਭਵਿੱਖ ਤੱਕ ਦੇ ਮੁੱਦੇ ਸ਼ਾਮਲ ਹਨ। ਹਾਲ ਦੇ ਸਾਲਾਂ ਵਿੱਚ ਉਨ੍ਹਾਂ ਦੀ ਦਿਲਚਸਪੀ ਸਿਆਸਤ ਵਿੱਚ ਵੀ ਵਧੀ ਹੈ। ਇਸ ਵਿੱਚ 2024 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਡੌਨਲਡ ਟਰੰਪ ਨੂੰ ਜਿੱਤਣ ਵਿੱਚ ਮਦਦ ਕਰਨਾ ਵੀ ਸ਼ਾਮਲ ਹੈ, ਜਿਸ ਕਾਰਨ ਕੁਝ ਨਿਵੇਸ਼ਕ ਨਾਰਾਜ਼ ਵੀ ਹੋਏ ਸਨ।

**ਇਲੋਨ ਮਸਕ ਦਾ ਜਨਮ ਕਿੱਥੇ ਹੋਇਆ ਸੀ ?**

ਦੱਖਣੀ ਅਫ਼ਰੀਕਾ ਦੇ ਪ੍ਰਿਟੋਰੀਆ ਵਿੱਚ ਜਨਮੇ ਮਸਕ ਨੇ ਛੋਟੀ ਉਮਰ ਵਿੱਚ ਹੀ ਐਂਟਰਪ੍ਰੇਨੇਓਰਸ਼ਿਪ ਲਈ ਆਪਣੀ ਕਾਬਲੀਅਤ ਦਿਖਾ ਦਿੱਤੀ ਸੀ। ਉਹ ਆਪਣੇ ਭਰਾ ਨਾਲ ਮਿਲ ਕੇ ਘਰ-ਘਰ ਜਾ ਕੇ ਘਰ ਵਿੱਚ ਬਣਾਏ ਚਾਕਲੇਟ ਈਸਟਰ ਐਗ ਵੇਚਦੇ ਸਨ ਅਤੇ 12 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਆਪਣੀ ਪਹਿਲੀ ਕੰਪਿਊਟਰ ਗੇਮ ਬਣਾਈ ਸੀ। ਉਨ੍ਹਾਂ ਨੇ ਆਪਣੇ ਬਚਪਨ ਨੂੰ ਮੁਸ਼ਕਿਲ ਦੱਸਿਆ ਹੈ। ਇਹ ਸਮਾਂ ਉਨ੍ਹਾਂ ਦੇ ਮਾਪਿਆਂ ਦੇ ਤਲਾਕ, ਸਕੂਲ ਵਿੱਚ ਬੁਲਿੰਗ (ਦੂਜੇ ਬੱਚਿਆਂ ਦੁਆਰਾ ਪਰੇਸ਼ਾਨ ਕਰਨਾ) ਅਤੇ ਐਸਪਰਗਰ ਸਿੰਡਰੋਮ ਕਾਰਨ ਸਮਾਜਿਕ ਸੰਕੇਤਾਂ ਨੂੰ ਸਮਝਣ ਵਿੱਚ ਆਉਣ ਵਾਲੀਆਂ ਮੁਸ਼ਕਿਲ ਨਾਲ ਪ੍ਰਭਾਵਿਤ ਸੀ। ਜਿਵੇਂ ਹੀ ਮੌਕਾ ਮਿਲਿਆ, ਉਹ ਘਰ ਛੱਡ ਕੇ ਕਾਲਜ ਚਲੇ ਗਏ। ਉਹ ਕੈਨੇਡਾ ਅਤੇ ਫਿਰ ਅਮਰੀਕਾ ਚਲੇ ਗਏ, ਜਿੱਥੇ ਉਨ੍ਹਾਂ ਨੇ ਆਈਵੀ ਲੀਗ ਕਾਲਜ, ਯੂਨੀਵਰਸਿਟੀ ਆਫ਼ ਪੈਨਸਿਲਵੇਨੀਆ ਵਿੱਚ ਇਕਨਾਮਿਕਸ ਅਤੇ ਫ਼?ਜ਼ਿਕਸ ਦੀ ਪੜ੍ਹਾਈ ਕੀਤੀ।

ਉਨ੍ਹਾਂ ਦੇ ਪਹਿਲੀ ਪਤਨੀ ਜਸਟਿਨ ਮਸਕ ਇੱਕ ਲੇਖਿਕਾ ਹਨ, ਜਿਨ੍ਹਾਂ ਨੂੰ ਉਹ ਕਾਲਜ ਵਿੱਚ ਮਿਲੇ ਸਨ ਅਤੇ 2000 ਵਿੱਚ ਦੋਵਾਂ ਨੇ ਵਿਆਹ ਕਰਵਾ ਲਿਆ ਸੀ। ਜਸਟਿਨ ਨੇ ਮੇਰੀ ਕਲੇਅਰ ਲਈ 2010 ਵਿੱਚ ਲਿਖੇ ਇੱਕ ਲੇਖ ਵਿੱਚ ਨੇ ਲਿਖਿਆ ਕਿ ਕਰੋੜਾਂ ਕਮਾਉਣ ਤੋਂ ਪਹਿਲਾਂ ਵੀ ਮਸਕ ਅਜਿਹੇ ਵਿਅਕਤੀ ਨਹੀਂ ਸਨ ਜੋ ਨਾ ਨੂੰ ਸਵੀਕਾਰ ਕਰ ਲੈਣ। ਉਨ੍ਹਾਂ ਨੇ ਯਾਦ ਕਰਦੇ ਹੋਏ ਕਿਹਾ, ÷ਮੁਕਾਬਲਾ ਕਰਨ ਅਤੇ ਹਾਵੀ ਹੋਣ ਦੀ ਜੋ ਇੱਛਾ-ਸ਼ਕਤੀ ਉਨ੍ਹਾਂ ਨੂੰ ਬਿਜ਼ਨਸ ਵਿੱਚ ਇੰਨਾ ਕਾਮਯਾਬ ਬਣਾਉਂਦੀ ਸੀ, ਉਹ ਘਰ ਆਉਣ 'ਤੇ ਜਾਦੂਈ ਤਰੀਕੇ ਨਾਲ ਖ਼ਤਮ ਨਹੀਂ ਹੋ ਜਾਂਦੀ ਸੀ। ਉਨ੍ਹਾਂ ਨੇ ਅੱਗੇ ਦੱਸਿਆ ਕਿ ਵਿਆਹ ਵਿੱਚ ਡਾਂਸ ਕਰਦੇ ਸਮੇਂ ਮਸਕ ਨੇ ਉਨ੍ਹਾਂ ਨੂੰ ਕਿਹਾ ਸੀ, ਇਸ ਰਿਸ਼ਤੇ ਵਿੱਚ ਮੈਂ ਹੀ 'ਅਲਫ਼ਾ' (ਮੁੱਖ ਵਿਅਕਤੀ) ਹਾਂ।

**ਇਲੋਨ ਮਸਕ ਨੇ ਪੈਸੇ ਕਿਵੇਂ ਕਮਾਏ ?**

ਸਟੈਨਫੋਰਡ ਯੂਨੀਵਰਸਿਟੀ ਵਿੱਚ ਫ਼?ਜ਼ਿਕਸ ਦੇ ਗ੍ਰੈਜੂਏਟ ਡਿਗਰੀ ਪ੍ਰੋਗਰਾਮ ਵਿੱਚ ਦਾਖਲਾ ਲੈਣ ਤੋਂ ਕੁਝ ਹੀ ਸਮੇਂ ਬਾਅਦ ਮਸਕ ਨੇ ਪੜ੍ਹਾਈ ਛੱਡ ਦਿੱਤੀ ਅਤੇ 1990 ਦੇ ਦਹਾਕੇ ਦੇ ਡਾਟ-ਕਾਮ ਬੂਮਦੌਰਾਨ ਦੋ ਟੈਕਨੋਲੋਜੀ ਸਟਾਰਟਅਪ ਸ਼ੁਰੂ ਕੀਤੇ। ਇਨ੍ਹਾਂ ਵਿੱਚ ਇੱਕ ਵੈੱਬ ਸੌਫਟਵੇਅਰ ਫਰਮ ਅਤੇ ਇੱਕ ਆਨਲਾਈਨ ਬੈਂਕਿੰਗ ਕੰਪਨੀ ਸੀ, ਜੋ ਬਾਅਦ ਵਿੱਚ ਪੇਪਾਲ ਬਣੀ ਅਤੇ ਜਿਸ ਨੂੰ 2002 ਵਿੱਚ ਏਬੇਅ ਨੂੰ 1.5 ਅਰਬ ਡਾਲਰ ਵਿੱਚ ਵੇਚ ਦਿੱਤਾ ਗਿਆ। ਉਨ੍ਹਾਂ ਨੇ ਆਪਣੀ ਕਮਾਈ ਇੱਕ ਨਵੀਂ ਰਾਕੇਟ ਕੰਪਨੀ, ਸਪੇਸਐਕਸ - ਜਿਸ ਨੂੰ ਉਹ ਨਾਸਾ ਦਾ ਕਿਫਾਇਤੀ ਬਦਲ ਬਣਾਉਣਾ ਚਾਹੁੰਦੇ ਸਨ - ਅਤੇ ਇੱਕ ਨਵੀਂ ਇਲੈਕਟ੍ਰਿਕ ਕਾਰ ਕੰਪਨੀ, ਟੈਸਲਾ ਵਿੱਚ ਲਗਾਈ। ਟੈਸਲਾ ਵਿੱਚ ਉਹ 2008 ਵਿੱਚ ਚੀਫ਼ ਐਗਜ਼ਿਕਿਊਟਿਵ ਬਣਨ ਤੱਕ ਬੋਰਡ ਦੇ ਚੇਅਰਮੈਨ ਰਹੇ। ਇਨ੍ਹਾਂ ਦੋਹਾਂ ਕੰਪਨੀਆਂ ਨੇ ਆਪਣੇ-ਆਪਣੇ ਉਦਯੋਗਾਂ ਵਿੱਚ ਵੱਡਾ ਬਦਲਾਅ ਲਿਆਉਣ ਦਾ ਕੰਮ ਕੀਤਾ, ਭਾਵੇਂ ਕਈ ਵਾਰ ਉਹ ਆਰਥਿਕ ਤੌਰ 'ਤੇ ਲਗਭਗ ਡੁੱਬਣ ਦੇ ਕਿਨਾਰੇ ਤੱਕ ਪਹੁੰਚ ਗਈਆਂ ਸਨ। ਉਨ੍ਹਾਂ ਦੇ ਹੋਰ ਕਾਰੋਬਾਰੀ ਉਪਰਾਲਿਆਂ ਵਿੱਚ ਅਕਤੂਬਰ 2022 ਵਿੱਚ ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ (ਹੁਣ ਐਕਸ) ਦਾ ਟੇਕਓਵਰ ਵੀ ਸ਼ਾਮਲ ਹੈ। ਮਸਕ ਦੀ ਲੰਬੇ ਸਮੇਂ ਦੀ ਇੱਛਾ ਅਤੇ ਉਦੇਸ਼ ਹੈ ਕਿ ਐਕਸ ਇੱਕ ÷ਐਵਰੀਥਿੰਗ ਐਪ÷ (ਸਭ ਕੁਝ ਕਰਨ ਵਾਲਾ ਐਪ) ਬਣੇ, ਜੋ ਕਈ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰੇ। ਹਾਲਾਂਕਿ, ਕੁਝ ਅਨੁਮਾਨਾਂ ਅਨੁਸਾਰ ਕੰਪਨੀ ਦੀ ਕੀਮਤ ਸ਼ੁਰੂਆਤੀ 44 ਅਰਬ ਡਾਲਰ ਤੋਂ ਘਟ ਕੇ ਸਿਰਫ਼ 9.4 ਅਰਬ ਡਾਲਰ ਰਹਿ ਗਈ ਹੈ। ਕੁਝ ਕੰਪਨੀਆਂ ਨੇ ਇਹ ਪਲੇਟਫਾਰਮ ਛੱਡ ਦਿੱਤਾ। ਰਿਪੋਰਟਾਂ ਤੋਂ ਪਤਾ ਲੱਗਿਆ ਕਿ ਮਸਕ ਦੇ ਕਾਰਜਕਾਲ ਦੌਰਾਨ ਐਕਸ 'ਤੇ ਹੇਟ ਸਪੀਚ (ਨਫ਼ਰਤ ਫੈਲਾਉਣ ਵਾਲੀਆਂ ਗੱਲਾਂ) ਵਧੀਆਂ ਅਤੇ ਕੁਝ ਕੰਪਨੀਆਂ ਇਸ ਨਾਲ ਜੁੜਨਾ ਨਹੀਂ ਚਾਹੁੰਦੀਆਂ ਸਨ। ਏਆਈ ਸੈਕਟਰ ਵਿੱਚ ਵੀ ਉਨ੍ਹਾਂ ਦੀਆਂ ਵੱਡੀਆਂ ਇੱਛਾਵਾਂ ਹਨ- ਉਹ ਚੈਟਜੀਪੀਟੀ ਦੀ ਮੂਲ ਕੰਪਨੀ ਵਿੱਚ ਸ਼ੁਰੂਆਤੀ ਨਿਵੇਸ਼ਕ ਸਨ (2018 ਵਿੱਚ ਵੱਖ ਹੋਣ ਤੋਂ ਪਹਿਲਾਂ) ਅਤੇ 2023 ਵਿੱਚ ਉਨ੍ਹਾਂ ਨੇ ਬ੍ਰਹਿਮੰਡ ਦੀ ਅਸਲ ਪ੍ਰਕਿਰਤੀ ਨੂੰ ਸਮਝਣ÷ ਲਈ ਆਪਣੀ ਕੰਪਨੀ ਐਕਸਏਆਈ ਸ਼ੁਰੂ ਕੀਤੀ। ਫਰਵਰੀ 2024 ਵਿੱਚ, ਉਨ੍ਹਾਂ ਨੇ ਓਪਨਏਆਈ ਅਤੇ ਉਸ ਦੇ ਬੌਸ ਸੈਮ ਆਲਟਮੈਨ ਵਿਰੁੱਧ ਮੁਕੱਦਮਾ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਜਿਸ ਕੰਪਨੀ ਨੂੰ ਸ਼ੁਰੂ ਕਰਨ ਵਿੱਚ ਉਨ੍ਹਾਂ ਨੇ ਮਦਦ ਕੀਤੀ ਸੀ, ਉਸ ਮਾਈਕ੍ਰੋਸਾਫ਼ਟ ਨਾਲ ਜੁੜ ਕੇ ਆਪਣੇ ਨਾਨ-ਪ੍ਰੋਫ਼?ਟ ਅਤੇ ਓਪਨ-ਸੋਰਸ ਵਾਲੇ ਮੂਲ ਸਿਧਾਂਤਾਂ ਤੋਂ ਦੂਰ ਹੋ ਗਈ ਹੈ। ਹਾਲਾਂਕਿ, ਮਈ 2026 ਵਿੱਚ ਕੈਲੀਫ਼ੋਰਨੀਆ ਦੀ ਜੂਰੀ ਨੇ ਮਸਕ ਦਾ ਮੁਕੱਦਮਾ ਖ਼ਾਰਜ ਕਰ ਦਿੱਤਾ। ਜੂਰੀ ਦਾ ਕਹਿਣਾ ਸੀ ਕਿ ਮੁਕੱਦਮਾ ਕਰਨ ਵਿੱਚ ਉਨ੍ਹਾਂ ਨੇ ਬਹੁਤ ਦੇਰ ਕਰ ਦਿੱਤੀ ਸੀ। ਮਸਕ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਦਿਲਚਸਪੀਆਂ ਬਾਰੇ ਪੱਤਰਕਾਰ ਕ੍ਰਿਸ ਸਟੋਕੇਲ-ਵਾਕਰ ਕਹਿੰਦੇ ਹਨ, ਮੈਨੂੰ ਕਦੇ ਵੀ ਪੂਰਾ ਯਕੀਨ ਨਹੀਂ ਹੁੰਦਾ ਕਿ ਉਨ੍ਹਾਂ ਨੂੰ ਖ਼ੁਦ ਵੀ ਪਤਾ ਹੁੰਦਾ ਹੈ ਕਿ ਉਹ ਕੱਲ੍ਹ ਕੀ ਕਰਨਾ ਚਾਹੁੰਦੇ ਹਨ। ਉਹ ਕਾਫ਼ੀ ਹੱਦ ਤੱਕ ਸਜਿਹ ਸੁਭਾਅ ਦੇ ਆਧਾਰ 'ਤੇ ਕੰਮ ਕਰਦੇ ਹਨ। 2015 ਦੀ ਇੱਕ ਜੀਵਨੀ ਵਿੱਚ, ਲੇਖਕ ਐਸ਼ਲੀ ਵੈਂਸ ਨੇ ਮਸਕ ਨੂੰ ਟਕਰਾਅ ਪਸੰਦ ਕਰਨ ਵਾਲਾ ਅਤੇ ਆਪਣੇ ਆਪ ਨੂੰ ਸਭ ਕੁਝ ਜਾਣਨ ਵਾਲਾ ਵਿਅਕਤੀ ਦੱਸਿਆ ਸੀ, ਜਿਸ ਵਿੱਚ ਬਹੁਤ ਜ਼ਿਆਦਾ ਹੰਕਾਰ ਹੈ। ਪਰ ਉਨ੍ਹਾਂ ਨੇ ਮਸਕ ਨੂੰ ਇੱਕ ਅਜੀਬ ਡਾਂਸਰ ਅਤੇ ਝਿਝਕਣ ਵਾਲਾ ਜਨਤਕ ਬੁਲਾਰਾ ਵੀ ਦੱਸਿਆ ਸੀ। ਮੀਡੀਆ ਵਿੱਚ ਉਨ੍ਹਾਂ ਨੂੰ 'ਪਾਗਲ ਬੁੱਧੀਮਾਨ' ਅਤੇ ਐਕਸ ਦਾ 'ਸਭ ਤੋਂ ਵੱਡਾ ਟ?ਰੋਲ' ਕਿਹਾ ਗਿਆ ਹੈ। ਉਹ ਆਪਣੀਆਂ ਵੱਡੀਆਂ ਇੱਛਾਵਾਂ ਦੇ ਨਾਲ-ਨਾਲ ਛੋਟੀਆਂ-ਮੋਟੀਆਂ ਲੜਾਈਆਂ ਲਈ ਵੀ ਜਾਣੇ ਜਾਂਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ 'ਤੇ ਅਤੇ ਉਨ੍ਹਾਂ ਦੀਆਂ ਕੰਪਨੀਆਂ 'ਤੇ ਰੈਗੂਲੇਟਰਾਂ, ਨਿਵੇਸ਼ਕਾਂ ਅਤੇ ਹੋਰ ਲੋਕਾਂ ਵੱਲੋਂ ਨਸਲੀ ਵਿਤਕਰੇ ਅਤੇ ਉਨ੍ਹਾਂ ਦੇ ਦਾਅਵਿਆਂ ਦੀ ਭਰੋਸੇਯੋਗਤਾ ਵਰਗੇ ਮੁੱਦਿਆਂ 'ਤੇ ਗੰਭੀਰ ਮੁਕੱਦਮੇ ਵੀ ਕੀਤੇ ਗਏ ਹਨ। ਮਸਕ ਦਾ ਤਿੰਨ ਵਾਰ ਤਲਾਕ ਹੋ ਚੁੱਕਿਆ ਹੈ - ਜਿਨ੍ਹਾਂ ਵਿੱਚੋਂ ਦੋ ਵਾਰ ਇੱਕੋ ਮਹਿਲਾ, ਬ੍ਰਿਟਿਸ਼ ਅਦਾਕਾਰਾ ਤਾਲੂਲਾਹ ਰਾਈਲੀ ਨਾਲ ਤਲਾਕ ਹੋਇਆ ਹੈ।

## ਇਲੋਨ ਮਸਕ ਦੀ ਕੁੱਲ ਜਾਇਦਾਦ ਕਿੰਨੀ ਹੈ ?

ਇਨ੍ਹਾਂ ਵਿਰੋਧਾਭਾਸਾਂ ਦੇ ਬਾਵਜੂਦ ਮਸਕ ਨੇ ਬਹੁਤ ਵੱਡੀ ਦੌਲਤ ਕਮਾਈ ਹੈ। ਫੋਰਬਸ (ਜੋ ਅਰਬਪਤੀਆਂ ਦੀ ਜਾਇਦਾਦ 'ਤੇ ਨਜ਼ਰ ਰੱਖਦਾ ਹੈ) ਦੇ ਅਨੁਸਾਰ, ਅਕਤੂਬਰ 2025 ਵਿੱਚ ਉਹ ਅੱਧੇ ਟ੍ਰਿਲੀਅਨ ਡਾਲਰ ਤੋਂ ਵੱਧ ਦੀ ਨੈੱਟ ਵਰਥ / ਕੁੱਲ ਜਾਇਦਾਦ ਹਾਸਿਲ ਕਰਨ ਵਾਲੇ ਪਹਿਲੇ ਵਿਅਕਤੀ ਬਣੇ। ਮਸਕ ਪਹਿਲਾਂ ਹੀ ਅਮੀਰ ਟੈਕ ਅਰਬਪਤੀਆਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹਨ, ਜਿਸ ਵਿੱਚ ਗੂਗਲ ਦੇ ਕੋ-ਫਾਊਂਡਰ ਲੈਰੀ ਪੇਜ ਅਤੇ ਸਰਗੇਈ ਬ੍ਰਿਨ, ਓਰੇਕਲ ਦੇ ਕੋ-ਫਾਊਂਡਰ ਲੈਰੀ ਐਲਿਸਨ, ਅਮੇਜ਼ਾਨ ਦੇ ਫਾਊਂਡਰ ਜੇਫ਼ ਬੇਜੋਸ ਅਤੇ ਫੇਸਬੁੱਕ ਦੇ ਨਿਰਮਾਤਾ ਮਾਰਕ ਜ਼ੁਕਰਬਰਗ ਸ਼ਾਮਲ ਹਨ। ਪਰ ਹੁਣ ਜਦੋਂ ਸਪੇਸਐਕਸ ਇੱਕ ਪਬਲਿਕਲੀ ਟ?ਰੇਡਿਡ ਕੰਪਨੀ ਬਣ ਗਈ ਹੈ, ਤਾਂ ਉਨ੍ਹਾਂ ਦੇ ਹੋਰ ਵੀ ਅਮੀਰ ਹੋਣ ਦੀ ਉਮੀਦ ਹੈ। ਰਾਕੇਟ ਬਣਾਉਣ ਵਾਲੀ ਇਸ ਕੰਪਨੀ ਨੇ ਆਪਣੇ ਲੰਮੇ ਸਮੇਂ ਤੋਂ ਉਡੀਕੇ ਜਾ ਰਹੇ ਇਨੀਸ਼ੀਅਲ ਪਬਲਿਕ ਆਫਰਿੰਗ (ਆਈਪੀਓ) ਤੋਂ ਪਹਿਲਾਂ ਹੀ ਵਿੱਤੀ ਸੰਸਥਾਵਾਂ ਤੋਂ 75 ਅਰਬ ਡਾਲਰ ਦਾ ਨਿਵੇਸ਼ ਇਕੱਠਾ ਕਰ ਲਿਆ ਸੀ। 12 ਜੂਨ ਨੂੰ ਅਮਰੀਕਾ ਦੇ ਟੈਕ-ਹੈਵੀ ਨੈਸਡੈਕ ਇੰਡੈਕਸ 'ਤੇ ਆਪਣੇ ਸ਼ੇਅਰ ਲਾਂਚ ਕਰਨ ਤੋਂ ਪਹਿਲਾਂ, ਮਸਕ ਨੇ ਗੱਲ ਕਰਦਿਆਂ ਕਿਹਾ ਕਿ ਜਦੋਂ ਸਪੇਸਐਕਸ ਸ਼ੁਰੂ ਹੋਈ ਸੀ, ਤਾਂ ਉਨ੍ਹਾਂ ਨੂੰ ਇਸ ਦੇ ਸਫਲ ਹੋਣ ਦੀ ਸੰਭਾਵਨਾ 10% ਤੋਂ ਵੀ ਘੱਟ÷ ਲੱਗਦੀ ਸੀ - ਪਰ ਹੁਣ ਇਹ ਹੁਣ ਤੱਕ ਦੇ ਸਭ ਤੋਂ ਵੱਡੇ ਆਈਪੀਓ ਨਾਲ ਪਬਲਿਕ ਹੋ ਰਹੀ ਹੈ। ਇਹ ਆਪਣੇ ਸ਼ੁਰੂਆਤੀ ਲਿਸਟਿੰਗ ਪ੍ਰਾਈਜ਼ 135 ਡਾਲਰ ਪ੍ਰਤੀ ਸ਼ੇਅਰ ਤੋਂ 20 ਫੀਸਦੀ ਜ਼ਿਆਦਾ ਦੇ ਵਾਧੇ ਨਾਲ ਖੁੱਲ੍ਹੇ। ਨਤੀਜੇ ਵਜੋਂ, ਬਲੂਮਬਰਗ ਅਤੇ ਫੋਰਬਸ ਦੇ ਅਨੁਸਾਰ, ਮਸਕ ਦੀ ਨੈੱਟ ਵਰਥ ਦਾ ਅਨੁਮਾਨ 1 ਖਰਬ ਡਾਲਰ ਤੋਂ ਵੱਧ ਹੋ ਗਿਆ ਹੈ। ਪਰ ਉਨ੍ਹਾਂ ਦੀ ਨੈੱਟ ਵਰਥ ਦਾ ਇੱਕ ਵੱਡਾ ਹਿੱਸਾ ਸਪੇਸਐਕਸ ਦੇ ਸਟਾਕ ਵਿੱਚ ਲੱਗਿਆ ਹੋਇਆ ਹੈ, ਇਸ ਲਈ ਜੇ ਇਸ ਦੇ ਸ਼ੇਅਰਾਂ ਦੀ ਕੀਮਤ ਵਿੱਚ ਭਾਰੀ ਗਿਰਾਵਟ ਆਉਂਦੀ ਹੈ ਤਾਂ ਖਰਬਪਤੀ ਵਜੋਂ ਉਨ੍ਹਾਂ ਦੀ ਸਥਿਤੀ ਬਦਲ ਸਕਦੀ ਹੈ। ਇਨ੍ਹਾਂ ਟੀਚਿਆਂ ਦੀ ਸੂਚੀ ਵਿੱਚ ਟੈਸਲਾ ਦੀ ਵੈਲਿਊ ਨੂੰ ਅੱਠ ਗੁਣਾ ਵਧਾਉਣਾ, ਦਸ ਲੱਖ ਏਆਈ ਰੋਬੋਟ ਅਤੇ 12 ਮਿਲੀਅਨ ਟੈਸਲਾ ਕਾਰਾਂ ਵੇਚਣਾ ਸ਼ਾਮਲ ਹੋਵੇਗਾ। 2024 ਦੌਰਾਨ ਮਸਕ ਟੈਸਲਾ ਤੋਂ ਮਿਲੇ 56 ਅਰਬ ਡਾਲਰ ਦੇ ਪੇਅ-ਪੈਕੇਜ ਨੂੰ ਲੈਕੇ ਕਾਨੂੰਨੀ ਲੜਾਈ ਵਿੱਚ ਫਸੇ ਰਹੇ। ਦਸੰਬਰ 2024 ਵਿੱਚ, ਡੇਲਾਵੇਅਰ ਦੇ ਇੱਕ ਜੱਜ ਨੇ ਦੂਜੀ ਵਾਰ ਉਨ੍ਹਾਂ ਦੇ ਇਸ ਦਾਅਵੇ ਨੂੰ ਖ਼ਾਰਜ ਕਰ ਦਿੱਤਾ ਸੀ ਪਰ ਦਸੰਬਰ 2025 ਵਿੱਚ ਡੇਲਾਵੇਅਰ ਸੁਪਰੀਮ ਕੋਰਟ ਨੇ ਇਸ ਪੈਕੇਜ ਨੂੰ ਮੁੜ ਬਹਾਲ ਕਰ ਦਿੱਤਾ। ਮਸਕ, ਡਿਜ਼ਿਟਲ ਕਰੰਸੀ ਦਾ ਵੀ ਸਮਰਥਨ ਕਰਦੇ ਹਨ ਅਤੇ ਕਈ ਹੋਰ ਛੋਟੀਆਂ ਕੰਪਨੀਆਂ ਵਿੱਚ ਵੀ ਉਨ੍ਹਾਂ ਦੀ ਹਿੱਸੇਦਾਰੀ ਹੈ, ਜਿਨ੍ਹਾਂ ਵਿੱਚ ਸੁਰੰਗਾਂ ਬਣਾਉਣ ਵਾਲੀ ਕੰਪਨੀ 'ਦਿ ਬੋਰਿੰਗ ਕੰਪਨੀ' ਵੀ ਸ਼ਾਮਲ ਹੈ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358 | Website: www.preetnama.com Email preetnamausa@gmail.com | 19 JUNE TO 25 JUNE, 2026


# ਹਰਿਆਣਾ ਦੇ ਕੈਬਨਿਟ ਮੰਤਰੀ ਅਨਿਲ ਵਿਜ ਨਾਲ ਚਰਨ ਸਿੰਘ ਪ੍ਰੇਮਪੁਰਾ ਨੇ ਕੀਤੀ ਮੁਲਾਕਾਤ, ਜਲਦ ਠੀਕ ਹੋਣ ਦੀ ਕੀਤੀ ਕਾਮਨਾ

**ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਨੇ ਸਾਬਕਾ ਗ੍ਰਹਿ ਮੰਤਰੀ ਤੇ ਮੌਜੂਦਾ ਟਰਾਂਸਪੋਰਟ ਮੰਤਰੀ ਨੂੰ ਅਮਰੀਕਾ ਆਉਣ ਦਾ ਦਿੱਤਾ ਸੱਦਾ; ਸਾਬਕਾ ਸਰਕਾਰੀ ਵਕੀਲ ਨਵੀਨ ਚੋਪੜਾ ਵੀ ਰਹੇ ਮੌਜੂਦ।**



ਤਸਵੀਰਾਂ ਅਤੇ ਵੇਰਵਾ : ਬੀ. ਜੇ. ਸਟੂਡੀਓ 646-403-7334

ਅੰਬਾਲਾ/ਚੰਡੀਗੜ੍ਹ: ਹਰਿਆਣਾ ਦੇ ਸਿਆਸੀ ਅਤੇ ਸਮਾਜਿਕ ਹਲਕਿਆਂ ਵਿੱਚ ਉਸ ਵੇਲੇ ਸਰਗਰਮੀ ਦੇਖਣ ਨੂੰ ਮਿਲੀ ਜਦੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (HSGPC) ਦੇ ਪ੍ਰਮੁੱਖ ਆਗੂ ਚਰਨ ਸਿੰਘ ਪ੍ਰੇਮਪੁਰਾ ਨੇ ਸੂਬੇ ਦੇ ਸਾਬਕਾ ਗ੍ਰਹਿ ਮੰਤਰੀ ਅਤੇ ਮੌਜੂਦਾ ਊਰਜਾ, ਟਰਾਂਸਪੋਰਟ ਤੇ ਕਿਰਤ ਮੰਤਰੀ ਸ਼੍ਰੀ ਅਨਿਲ ਵਿਜ ਨਾਲ ਉਨ੍ਹਾਂ ਦੇ ਨਿਵਾਸ ਅਸਥਾਨ ’ਤੇ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਮੁਲਾਕਾਤ ਦਾ ਮੁੱਖ ਮਨੋਰਥ ਕੈਬਨਿਟ ਮੰਤਰੀ ਅਨਿਲ ਵਿਜ ਦੀ ਸਿਹਤ ਦਾ ਹਾਲ-ਚਾਲ ਪੁੱਛਣਾ ਅਤੇ ਉਨ੍ਹਾਂ ਦੇ ਜਲਦ ਸਿਹਤਯਾਬ ਹੋਣ ਦੀ ਕਾਮਨਾ ਕਰਨਾ ਸੀ।

**ਸਿਹਤਯਾਬੀ ਲਈ ਕੀਤੀ ਅਰਦਾਸ**

ਮੁਲਾਕਾਤ ਦੌਰਾਨ ਚਰਨ ਸਿੰਘ ਪ੍ਰੇਮਪੁਰਾ ਨੇ ਸ਼੍ਰੀ ਅਨਿਲ ਵਿਜ ਦੀ ਸਿਹਤ ਪ੍ਰਤੀ ਫਿਕਰਮੰਦੀ ਜ਼ਾਹਿਰ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਜਲਦੀ ਤੋਂ ਜਲਦੀ ਪੂਰੀ ਤਰ੍ਹਾਂ ਤੰਦਰੁਸਤ ਹੋ ਕੇ ਮੁੜ ਜਨਤਾ ਦੀ ਸੇਵਾ ਵਿੱਚ ਸਰਗਰਮ ਹੋਣ। ਉਨ੍ਹਾਂ ਕਿਹਾ ਕਿ ਅਨਿਲ ਵਿਜ ਹਰਿਆਣਾ ਦੀ ਸਿਆਸਤ ਦੇ ਇੱਕ ਬੇਬਾਕ ਅਤੇ ਮਿਹਨਤੀ ਆਗੂ ਹਨ, ਜਿਨ੍ਹਾਂ ਦੀ ਲੋਕਾਂ ਵਿੱਚ ਭਾਰੀ ਮਕਬੂਲੀਅਤ ਹੈ। ਇਸ ਮੌਕੇ ਚਰਨ ਸਿੰਘ ਪ੍ਰੇਮਪੁਰਾ ਦੇ ਨਾਲ ਸਾਬਕਾ ਸਰਕਾਰੀ ਵਕੀਲ (ਐਡਵੋਕੇਟ) ਨਵੀਨ ਚੋਪੜਾ ਵੀ ਵਿਸ਼ੇਸ਼ ਤੌਰ ’ਤੇ ਮੌਜੂਦ ਸਨ, ਜਿਨ੍ਹਾਂ ਨੇ ਮੰਤਰੀ ਜੀ ਦੀ ਸਿਹਤਯਾਬੀ ਲਈ ਆਪਣੀਆਂ ਸ਼ੁਭਕਾਮਨਾਵਾਂ ਭੇਟ ਕੀਤੀਆਂ।

**ਅਹਿਮ ਵਿਚਾਰਾਂ ਦੀ ਸਾਂਝ ਅਤੇ ਅਮਰੀਕਾ ਆਉਣ ਦਾ ਸੱਦਾ**

ਇਸ ਸੁਖਾਵੇਂ ਮਾਹੌਲ ਵਿੱਚ ਹੋਈ ਬੈਠਕ ਦੌਰਾਨ ਦੋਵਾਂ ਆਗੂਆਂ ਵਿਚਾਲੇ ਕਈ ਅਹਿਮ ਸਮਾਜਿਕ, ਧਾਰਮਿਕ ਅਤੇ ਸੂਬੇ ਦੇ ਵਿਕਾਸ ਨਾਲ ਜੁੜੇ ਮੁੱਦਿਆਂ ’ਤੇ ਡੂੰਘੀ ਵਿਚਾਰ-ਚਰਚਾ ਹੋਈ। ਚਰਨ ਸਿੰਘ ਪ੍ਰੇਮਪੁਰਾ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਸਮਾਜ ਭਲਾਈ ਦੇ ਕਾਰਜਾਂ ਬਾਰੇ ਵੀ ਮੰਤਰੀ ਨੂੰ ਜਾਣੂ ਕਰਵਾਇਆ। ਗੱਲਬਾਤ ਦੇ ਸਿਲਸਿਲੇ ਨੂੰ ਅੱਗੇ ਤੋਰਦਿਆਂ ਚਰਨ ਸਿੰਘ ਪ੍ਰੇਮਪੁਰਾ ਨੇ ਸ਼੍ਰੀ ਅਨਿਲ ਵਿਜ ਨੂੰ ਅਮਰੀਕਾ ਆਉਣ ਦਾ ਨਿੱਘਾ ਸੱਦਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਵੱਸਦਾ ਭਾਰਤੀ ਖਾਸ ਕਰਕੇ ਪੰਜਾਬੀ ਅਤੇ ਹਰਿਆਣਵੀ ਭਾਈਚਾਰਾ ਉਨ੍ਹਾਂ ਦੇ ਕੰਮ ਕਰਨ ਦੀ ਨਿਵੇਕਲੀ ਸ਼ੈਲੀ ਨੂੰ ਬਹੁਤ ਪਸੰਦ ਕਰਦਾ ਹੈ। ਇਸ ਲਈ ਉਹ ਚਾਹੁੰਦੇ ਹਨ ਕਿ ਵਿਜ ਸਾਹਿਬ ਜਲਦੀ ਠੀਕ ਹੋ ਕੇ ਅਮਰੀਕਾ ਦਾ ਦੌਰਾ ਕਰਨ ਤਾਂ ਜੋ ਉੱਥੋਂ ਦੇ ਪ੍ਰਵਾਸੀ ਭਾਰਤੀਆਂ ਨਾਲ ਵੀ ਰਾਬਤਾ ਕਾਇਮ ਕੀਤਾ ਜਾ ਸਕੇ।

**ਸਿਆਸੀ ਕੱਦ-ਬੁੱਤ ਅਤੇ ਪ੍ਰਤੀਕਿਰਿਆ**

ਜ਼ਿਕਰਯੋਗ ਹੈ ਕਿ ਸ਼੍ਰੀ ਅਨਿਲ ਵਿਜ ਹਰਿਆਣਾ ਭਾਜਪਾ ਦੇ ਸਭ ਤੋਂ ਸੀਨੀਅਰ ਨੇਤਾਵਾਂ ਵਿੱਚੋਂ ਇੱਕ ਹਨ ਅਤੇ ਅੰਬਾਲਾ ਕੈਂਟ ਵਿਧਾਨ ਸਭਾ ਹਲਕੇ ਤੋਂ ਲਗਾਤਾਰ ਸੱਤ ਵਾਰ ਵਿਧਾਇਕ ਚੁਣੇ ਜਾ ਚੁੱਕੇ ਹਨ। ਪਿਛਲੀ ਸਰਕਾਰ ਵਿੱਚ ਬਤੌਰ ਗ੍ਰਹਿ ਅਤੇ ਸਿਹਤ ਮੰਤਰੀ ਉਨ੍ਹਾਂ ਵੱਲੋਂ ਲਏ ਗਏ ਕਈ ਫੈਸਲੇ ਕਾਫ਼ੀ ਚਰਚਾ ਵਿੱਚ ਰਹੇ ਸਨ, ਅਤੇ ਮੌਜੂਦਾ ਸਮੇਂ ਵਿੱਚ ਉਹ ਨਾਇਬ ਸਿੰਘ ਸੈਣੀ ਦੀ ਅਗਵਾਈ ਵਾਲੀ ਕੈਬਨਿਟ ਵਿੱਚ ਟਰਾਂਸਪੋਰਟ, ਊਰਜਾ ਅਤੇ ਕਿਰਤ ਵਿਭਾਗਾਂ ਦੀ ਅਹਿਮ ਜ਼ਿੰਮੇਵਾਰੀ ਸਾਂਭ ਰਹੇ ਹਨ। ਮੁਲਾਕਾਤ ਦੇ ਅੰਤ ਵਿੱਚ ਕੈਬਨਿਟ ਮੰਤਰੀ ਅਨਿਲ ਵਿਜ ਨੇ ਚਰਨ ਸਿੰਘ ਪ੍ਰੇਮਪੁਰਾ ਅਤੇ ਸਾਬਕਾ ਸਰਕਾਰੀ ਵਕੀਲ ਨਵੀਨ ਚੋਪੜਾ ਦਾ ਉਨ੍ਹਾਂ ਦੇ ਘਰ ਪਹੁੰਚਣ ਅਤੇ ਸਿਹਤਯਾਬੀ ਲਈ ਦੁਆਵਾਂ ਮੰਗਣ ’ਤੇ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਜਲਦ ਹੀ ਪੂਰੀ ਤਰ੍ਹਾਂ ਸਿਹਤਮੰਦ ਹੋ ਕੇ ਜਨਤਾ ਦੇ ਰੂ-ਬ-ਰੂ ਹੋਣਗੇ ਅਤੇ ਅਮਰੀਕਾ ਫੇਰੀ ਦੇ ਸੱਦੇ ’ਤੇ ਵੀ ਹਾਂ-ਪੱਖੀ ਵਿਚਾਰ ਕਰਨਗੇ। ਇਹ ਮੁਲਾਕਾਤ ਪੂਰੀ ਤਰ੍ਹਾਂ ਸਾਰਥਕ ਅਤੇ ਸਤਿਕਾਰਪੂਰਵਕ ਮਾਹੌਲ ਵਿੱਚ ਸਮਾਪਤ ਹੋਈ।

# ਵਿਵਾਦਤ ਵੀਡੀਓ ਮਾਮਲਾ: ਮੁੱਖ ਮੰਤਰੀ ਭਗਵੰਤ ਮਾਨ ਦਾ ਦਾਅਵਾ: ਵੀਡੀਓ ਪੂਰੀ ਤਰ੍ਹਾਂ ‘ਫ਼ਰਜ਼ੀ’

**ਫ਼ੋਰੈਂਸਿਕ ਜਾਂਚ ਵਿੱਚ ਖ਼ੁਲਾਸਾ, ਵੀਡੀਓ ਵਿਚਲਾ ਵਿਅਕਤੀ ਮੇਰੇ ਵਰਗਾ ਬਿਲਕੁਲ ਨਹੀਂ; ਅਕਾਲੀਆਂ ਅਤੇ ਸ਼੍ਰੋਮਣੀ ਕਮੇਟੀ ਦੀ ਸਾਜ਼ਿਸ਼ ਹੋਈ ਬੇਨਕਾਬ: ਮੁੱਖ ਮੰਤਰੀ**

ਚੰਡੀਗੜ੍ਹ ਇੱਕ ਕਥਿਤ ਵੀਡੀਓ ਮਾਮਲੇ ਵਿੱਚ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ ‘ਸ੍ਰੀ ਅਕਾਲ ਤਖ਼ਤ ਸਾਹਿਬ’ ਵੱਲੋਂ ‘ਗੁਰੂ ਦੋਖੀ’ ਅਤੇ ‘ਪੰਥ ਵਿਰੋਧੀ’ ਕਰਾਰ ਦਿੱਤੇ ਜਾਣ ਤੋਂ ਕੁਝ ਦਿਨਾਂ ਬਾਅਦ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ (ਵੀਰਵਾਰ) ਇਸ ’ਤੇ ਆਪਣਾ ਪੱਖ ਸਾਹਮਣੇ ਰੱਖਿਆ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਹੈ ਕਿ ਸੂਬੇ ਤੋਂ ਬਾਹਰਲੀਆਂ ਪ੍ਰਮੁੱਖ ਲੈਬਾਰਟਰੀਆਂ ਤੋਂ ਕਰਵਾਈ ਗਈ ਫ਼ੋਰੈਂਸਿਕ ਜਾਂਚ (Forensic Examination) ਵਿੱਚ ਇਹ ਸਾਬਤ ਹੋ ਗਿਆ ਹੈ ਕਿ ਉਕਤ ਵੀਡੀਓ ਪੂਰੀ ਤਰ੍ਹਾਂ ਨਕਲੀ ਅਤੇ ਫ਼ਰਜ਼ੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਵੀਡੀਓ ਦੇ ਇੱਕ-ਇੱਕ ਫ ?ਰੇਮ ਦੀ ਬਾਰੀਕੀ ਨਾਲ ਕੀਤੀ ਗਈ ਫ਼ੋਰੈਂਸਿਕ ਜਾਂਚ ਤੋਂ ਪਤਾ ਲੱਗਿਆ ਹੈ ਕਿ ਵੀਡੀਓ ਵਿੱਚ ਦਿਖਾਇਆ ਜਾ ਰਿਹਾ ਵਿਅਕਤੀ ਕਿਸੇ ਵੀ ਕੋਣ (Angle) ਤੋਂ ਉਨ੍ਹਾਂ ਨਾਲ ਮੇਲ ਨਹੀਂ ਖਾਂਦਾ।

**ਬਦਨਾਮ ਕਰਨ ਲਈ ‘ਐਕਟਰ’ ਦੀ ਵਰਤੋਂ ਕੀਤੀ ਗਈ: ਸੀਐਮ**

ਮੁੱਖ ਮੰਤਰੀ ਨੇ ਅੱਗੇ ਖ਼ੁਲਾਸਾ ਕੀਤਾ ਕਿ ਉਨ੍ਹਾਂ ਦੀ ਸਿਆਸੀ ਅਤੇ ਸਮਾਜਿਕ ਦਿੱਖ ਨੂੰ ਖ਼ਰਾਬ ਕਰਨ ਲਈ ਕਿਸੇ ਅਦਾਕਾਰ (Actor) ਦਾ ਸਹਾਰਾ ਲੈ ਕੇ ਇਹ ਸਾਰਾ ਸਵਾਂਗ ਰਚਿਆ ਗਿਆ ਅਤੇ ਵੀਡੀਓ ਰਿਕਾਰਡ ਕੀਤੀ ਗਈ। ਉਨ੍ਹਾਂ ਕਿਹਾ, “ਮੈਂ ਡੀਜੀਪੀ (DGP) ਪੰਜਾਬ ਨੂੰ ਸਖ਼ਤ ਨਿਰਦੇਸ਼ ਦਿੱਤੇ ਹਨ ਕਿ ਇਸ ਫ਼ਰਜ਼ੀ ਵੀਡੀਓ ਨੂੰ ਤਿਆਰ ਕਰਨ ਅਤੇ ਇਸ ਦੇ ਪਿੱਛੇ ਮਾਸਟਰਮਾਈਂਡ ਵਜੋਂ ਕੰਮ ਕਰਨ ਵਾਲੇ ਲੋਕਾਂ ਨੂੰ ਤੁਰੰਤ ਟਰੈਕ ਕਰਕੇ ਜਨਤਾ ਦੇ ਸਾਹਮਣੇ ਬੇਨਕਾਬ ਕੀਤਾ ਜਾਵੇ।ਮੁੱਖ ਮੰਤਰੀ ਮਾਨ ਨੇ ਕਿਹਾ, “ ਵੀਡੀਓ ਦੇ ਫ ?ਰੇਮ-ਦਰ-ਫ ?ਰੇਮ (Frame by frame) ਕੀਤੇ ਗਏ ਤਕਨੀਕੀ ਵਿਸ਼ਲੇਸ਼ਣ ਨੇ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਸਿਆਸੀ ਮਨਸੂਬਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਮੈਨੂੰ ਬਦਨਾਮ ਕਰਨ ਦੀ ਇਹ ਸਾਜ਼ਿਸ਼ ਪੂਰੀ ਤਰ੍ਹਾਂ ਫ਼ੇਲ੍ਹ ਹੋ ਚੁੱਕੀ ਹੈ।

**ਸਿਆਸੀ ਗਲਿਆਰਿਆਂ ਵਿੱਚ ਭਖੇਗਾ ਮਾਮਲਾ**



ਮੁੱਖ ਮੰਤਰੀ ਦੇ ਇਸ ਨਵੇਂ ਦਾਅਵੇ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਭੂਚਾਲ ਆਉਣਾ ਤੈਅ ਹੈ। ਕਿਉਂਕਿ ਇੱਕ ਪਾਸੇ ਭਾਜਪਾ ਅਤੇ ਵਿਰੋਧੀ ਧਿਰਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਾਂਚ ਰਿਪੋਰਟ ਦਾ ਹਵਾਲਾ ਦੇ ਕੇ ਸਰਕਾਰ ਨੂੰ ਘੇਰ ਰਹੀਆਂ ਹਨ, ਉੱਥੇ ਹੀ ਹੁਣ ਮੁੱਖ ਮੰਤਰੀ ਵੱਲੋਂ ਬਾਹਰਲੀਆਂ ਲੈਬਾਂ ਦੀ ਫ਼ੋਰੈਂਸਿਕ ਰਿਪੋਰਟ ਜਨਤਕ ਕੀਤੇ ਜਾਣ ਦੇ ਬਿਆਨ ਨੇ ਇਸ ਧਾਰਮਿਕ-ਸਿਆਸੀ ਵਿਵਾਦ ਨੂੰ ਇੱਕ ਨਵਾਂ ਮੋੜ ਦੇ ਦਿੱਤਾ ਹੈ। ਪੁਲੀਸ ਹੁਣ ਇਸ ਮਾਮਲੇ ਵਿੱਚ ਅਗਲੀ ਕਾਨੂੰਨੀ ਕਾਰਵਾਈ ਅਤੇ ਵੀਡੀਓ ਦੀ ਬਨਾਵਟ ਦੀ ਜਾਂਚ ਸ਼ੁਰੂ ਕਰ ਚੁੱਕੀ ਹੈ।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 358
Website: www.preetnama.com Email preetnamausa@gmail.com
19 JUNE TO 25 JUNE, 2026

# ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਯਾਦ ਵਿੱਚ ਵਿਸ਼ਾਲ 76ਵਾਂ ਧਾਰਮਿਕ ਬਰਸੀ ਸਮਾਗਮ, ਨਗਰ ਕੀਰਤਨ ਤੇ ਸਨਮਾਨ ਸਮਾਰੋਹ ਸ਼ਰਧਾ ਨਾਲ ਹੋਇਆ ਸੰਪੰਨ




ਮਿਆਣੀ/ਸੁਭਾਨਪੁਰ : ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਵਿਸ਼ਾਲ ਧਾਰਮਿਕ ਸਮਾਗਮ ਬੜੀ ਸ਼ਰਧਾ, ਸਤਿਕਾਰ ਅਤੇ ਧਾਰਮਿਕ ਮਾਹੌਲ ਵਿੱਚ ਕਰਵਾਇਆ ਗਿਆ। ਇਸ ਮੌਕੇ ਪੰਜਾਬ ਅਤੇ ਵੱਖ-ਵੱਖ ਇਲਾਕਿਆਂ ਤੋਂ ਪਹੁੰਚੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਸਮਾਗਮ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਨਾਲ ਹੋਈ। ਉਪਰੰਤ ਰਾਗੀ ਜਥਿਆਂ ਨੇ ਰਸਭਿੰਨਾ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਕਥਾਵਾਚਕਾਂ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਜੀਵਨ, ਉਨ੍ਹਾਂ ਦੀਆਂ ਸੇਵਾਵਾਂ ਅਤੇ ਸਮਾਜ ਪ੍ਰਤੀ ਯੋਗਦਾਨ ਬਾਰੇ ਚਾਨਣਾ ਪਾਇਆ। ਬੁਲਾਰਿਆਂ ਨੇ ਕਿਹਾ ਕਿ ਸੰਤ ਜੀ ਨੇ ਸਾਰੀ ਉਮਰ ਨਾਮ ਸਿਮਰਨ, ਸੇਵਾ ਅਤੇ ਮਨੁੱਖਤਾ ਦਾ ਸੰਦੇਸ਼ ਦਿੱਤਾ ਅਤੇ ਲੋਕਾਂ ਨੂੰ ਗੁਰੂ ਸਾਹਿਬ ਦੇ ਦਰਸਾਏ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਕੱਢੇ ਗਏ ਵਿਸ਼ਾਲ ਨਗਰ ਕੀਰਤਨ ਨੇ ਸਮਾਗਮ ਦੀ ਸ਼ੋਭਾ ਨੂੰ ਹੋਰ ਵਧਾਇਆ। ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਿੱਸਾ ਲਿਆ। ਰਸਤੇ ਵਿੱਚ ਵੱਖ-ਵੱਖ ਥਾਵਾਂ 'ਤੇ ਸੰਗਤਾਂ ਵੱਲੋਂ ਠੰਢੇ ਮਿੱਠੇ ਜਲ, ਚਾਹ, ਪਕੌੜੇ ਅਤੇ ਹੋਰ ਖਾਣ-ਪੀਣ ਦੀਆਂ ਵਸਤਾਂ ਦੇ ਲੰਗਰ ਲਗਾਏ ਗਏ। ਸੰਗਤਾਂ ਵੱਲੋਂ ÷ਬੋਲੇ ਸੋ ਨਿਹਾਲ÷ ਦੇ ਜੈਕਾਰਿਆਂ ਨਾਲ ਸਾਰਾ ਇਲਾਕਾ ਗੂੰਜ ਉਠਿਆ।

ਸਮਾਗਮ ਦੌਰਾਨ ਕਰਵਾਏ ਗਏ ਸਨਮਾਨ ਸਮਾਰੋਹ ਵਿੱਚ ਧਾਰਮਿਕ, ਸਮਾਜਿਕ ਅਤੇ ਭਾਈਚਾਰਕ ਸੇਵਾਵਾਂ ਨਿਭਾਉਣ ਵਾਲੀਆਂ ਕਈ ਸ਼ਖਸੀਅਤਾਂ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕਾਂ ਨੇ ਕਿਹਾ ਕਿ ਸਮਾਜ ਦੀ ਸੇਵਾ ਕਰਨ ਵਾਲੇ ਵਿਅਕਤੀਆਂ ਦਾ ਸਨਮਾਨ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।







ਤਸਵੀਰਾਂ ਅਤੇ ਵੇਰਵਾ :
ਬੀ. ਜੇ. ਸਟੂਡੀਓ 646-403-7334




ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੋਸਾਇਟੀ ਅਤੇ ਮਿਆਣੀ ਵੈਲਫੇਅਰ ਇੰਟਰਨੈਸ਼ਨਲ ਸੋਸਾਇਟੀ ਦੇ ਸਹਿਯੋਗ ਨਾਲ ਹੋਏ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਸਾਬਕਾ ਪ੍ਰਧਾਨ ਰਘਬੀਰ ਸਿੰਘ ਸੁਭਾਨਪੁਰ, ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਪ੍ਰਧਾਨ ਸੁਖਜਿੰਦਰ ਸਿੰਘ ਸੁਭਾਨਪੁਰ, ਮਿਆਣੀ ਵੈਲਫੇਅਰ ਦੇ ਪ੍ਰਧਾਨ ਸਰਜੀਤ ਸਿੰਘ ਅਤੇ ਬਾਵਾ ਰਜਿੰਦਰ ਸਿੰਘ ਲਾਲੀ, ਗੁਰਦੇਵ ਸਿੰਘ ਕੰਗ, ਸਿੱਖ ਕਲਚਰਲ ਸੋਸਾਇਟੀ ਦੇ ਪ੍ਰਧਾਨ ਜਤਿੰਦਰ ਸਿੰਘ ਬੋਪਾਰਾਏ, ਹਰਬੰਸ ਸਿੰਘ ਢਿੱਲੋਂ, ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੋਸਾਇਟੀ ਦੇ ਪ੍ਰਧਾਨ ਰਛਪਾਲ ਸਿੰਘ, ਸਕੱਤਰ ਮੁਹਿੰਦਰ ਸਿੰਘ ਪਰੋਜ ਸੰਗੋਵਾਲ, ਹਰਜੀਤ ਸਿੰਘ ਬੇਗੋਵਾਲ, ਲਖਵੀਰ ਸਿੰਘ ਲਾਡੀ, ਸੱਲ੍ਹਾਂ ਵੈਲਫੇਅਰ ਸੋਸਾਇਟੀ ਦੇ ਨੁਮਾਇੰਦੇ, ਡੈਮੋਕ੍ਰੈਟਿਕ ਆਗੂ ਵਰਿੰਦਰ ਸਿੰਘ, ਸਿਟੀ ਅਧਿਕਾਰੀ ਅਤੇ ਹੋਰ ਕਈ ਸਿੱਖ ਅਤੇ ਭਲਾਈ ਸੰਸਥਾਵਾਂ ਦੇ ਮੈਂਬਰਮੈਂਬਰਾਂ ਨੇ ਵਿਸ਼ੇਸ਼ ਮਿਹਨਤ ਕੀਤੀ। ਉਨ੍ਹਾਂ ਨੇ ਸਮਾਗਮ ਵਿੱਚ ਪਹੁੰਚੀਆਂ ਸਮੂਹ ਸੰਗਤਾਂ, ਸੇਵਾਦਾਰਾਂ ਅਤੇ ਸਹਿਯੋਗੀ ਸੰਸਥਾਵਾਂ ਦਾ ਧੰਨਵਾਦ ਕੀਤਾ।

ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘਾਂ ਨੇ ਵੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੀਆਂ ਸਿੱਖਿਆਵਾਂ ਨੂੰ ਅਪਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਸੰਗਤਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਸਿੱਖੀ ਨਾਲ ਜੁੜਨ ਅਤੇ ਸਮਾਜ ਦੀ ਭਲਾਈ ਲਈ ਕੰਮ ਕਰਨ ਦਾ ਸੰਦੇਸ਼ ਦਿੱਤਾ।

ਸੰਗਤਾਂ ਨੇ ਸਮਾਗਮ ਦੇ ਸ਼ਾਨਦਾਰ ਪ੍ਰਬੰਧਾਂ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਕਈ ਸੰਗਤਾਂ ਨੇ ਕਿਹਾ





















# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358 | Website: www.preetnama.com Email preetnamausa@gmail.com | 19 JUNE TO 25 JUNE, 2026


# ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਯਾਦ ਵਿੱਚ ਵਿਸ਼ਾਲ 76ਵਾਂ ਧਾਰਮਿਕ ਬਰਸੀ ਸਮਾਗਮ, ਨਗਰ ਕੀਰਤਨ ਤੇ ਸਨਮਾਨ ਸਮਾਰੋਹ ਸ਼ਰਧਾ ਨਾਲ ਹੋਇਆ ਸੰਪੰਨ

ਕਿ ਸਮਾਗਮ ਦੌਰਾਨ ਹਰ ਪੱਖ ਤੋਂ ਬਹੁਤ ਵਧੀਆ ਪ੍ਰਬੰਧ ਕੀਤੇ ਗਏ ਸਨ ਅਤੇ ਆਈਆਂ ਹੋਈਆਂ ਸੰਗਤਾਂ ਦੀ ਸਹੂਲਤ ਦਾ ਪੂਰਾ ਧਿਆਨ ਰੱਖਿਆ ਗਿਆ। ਸੰਗਤਾਂ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਮਾਜ ਵਿੱਚ ਏਕਤਾ, ਪਿਆਰ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ। ਪੰਜਾਬੀ ਮੀਡੀਆ ਵੱਲੋਂ ਇਸ ਸਮਾਗਮ ਦੀ ਕਵਰੇਜ ਕੀਤੀ ਗਈ। ਮੀਡੀਆ ਟੀਮ ਨੇ ਇਸ ਨੂੰ ਧਾਰਮਿਕ ਅਤੇ ਸਮਾਜਿਕ ਪੱਖੋਂ ਇਕ ਯਾਦਗਾਰ ਸਮਾਗਮ ਕਰਾਰ ਦਿੰਦਿਆਂ ਕਿਹਾ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਯਾਦ ਵਿੱਚ ਕਰਵਾਏ ਗਏ ਅਜਿਹੇ ਪ੍ਰੋਗਰਾਮ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਬਣਦੇ ਹਨ। ਸਮਾਗਮ ਦੇ ਅੰਤ ਵਿੱਚ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ, ਜਿਸ ਵਿੱਚ ਹਜ਼ਾਰਾਂ ਸੰਗਤਾਂ ਨੇ ਪ੍ਰਸ਼ਾਦਾ ਛਕਿਆ। ਪੂਰਾ ਦਿਨ ਧਾਰਮਿਕ ਮਾਹੌਲ, ਗੁਰਬਾਣੀ ਕੀਰਤਨ ਅਤੇ ਸੇਵਾ ਦੀ ਭਾਵਨਾ ਨਾਲ ਭਰਪੂਰ ਰਿਹਾ ਅਤੇ ਸੰਗਤਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੀਆਂ ਮਿੱਠੀਆਂ ਯਾਦਾਂ ਨਾਲ ਨਿਹਾਲ ਹੋ ਕੇ ਆਪਣੇ ਘਰਾਂ ਨੂੰ ਪਰਤੀਆਂ।


















ਤਸਵੀਰਾਂ ਅਤੇ ਵੇਰਵਾ :
ਬੀ. ਜੇ. ਸਟੂਡੀਓ 646-403-7334



























# Preetnama

ਪ੍ਰੀਤਨਾਮਾ

ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358

Website: www.preetnama.com Email preetnamausa@gmail.com

19 JUNE TO 25 JUNE, 2026


# ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਯਾਦ ਵਿੱਚ ਵਿਸ਼ਾਲ 76ਵਾਂ ਧਾਰਮਿਕ ਬਰਸੀ ਸਮਾਗਮ, ਨਗਰ ਕੀਰਤਨ ਤੇ ਸਨਮਾਨ ਸਮਾਰੋਹ ਸ਼ਰਧਾ ਨਾਲ ਹੋਇਆ ਸੰਪੰਨ













ਤਸਵੀਰਾਂ ਅਤੇ ਵੇਰਵਾ :
ਬੀ. ਜੇ. ਸਟੂਡੀਓ 646-403-7334













# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358 | Website: www.preetnama.com Email preetnamausa@gmail.com | 19 JUNE TO 25 JUNE, 2026


# Curtain Raiser Held in Mineola Ahead of 15th India Day Parade on Long Island

- **"The event witnessed an overwhelming response, with more than 220 attendees coming together to launch preparations for the grand celebration of India's 80th Independence Anniversary." — India Day Parade USA organisers**
- **"Thrilled to attend the 15th Annual India Day Parade Curtain Raiser Celebration yesterday, recognizing the rich culture, traditions, and contributions of the Indian-American community. Looking forward to the parade this summer!" Rhoads shared in a social media post.**

Preparations for the 15th India Day Parade USA officially began with a curtain raiser event held on June 16 at the Theodore Roosevelt Executive & Legislative Building in Mineola, New York, bringing together elected officials, community leaders, sponsors, media representatives and members of the Indian American community.

Organisers said more than 220 attendees participated in the event, which marked the formal launch of activities leading up to the annual parade scheduled for August 23, 2026, in Hicksville, New York.

Among those attending the event was New York State Senator Steve Rhoads, who highlighted the significance of the celebration for the Indian American community.

The 2026 edition of the parade will hold special significance as it coincides with celebrations marking the 80th anniversary of India's Independence.

Organisers said the curtain raiser was intended to launch preparations for the landmark celebration while helping spread "the message of unity, cultural pride, and community engagement" across the wider community.

According to organisers, the event witnessed an overwhelming response from elected officials, dignitaries, community leaders, sponsors and media representatives who gathered to support the initiative and celebrate the contributions of the Indian American community.

The event drew participation from a broad cross-section of community stakeholders, including public officials, business leaders, cultural organisations and representatives of the media.

India Day Parade USA organisers said the annual event has grown into one of the largest celebrations of Indian heritage in the United States, bringing together thousands of participants and spectators each year.

The parade is expected to feature cultural performances, community organisations, business groups, marching contingents and displays reflecting India's diverse traditions and heritage. The 15th India Day Parade USA is scheduled to take place on Sunday, August 23, 2026, in Hicksville, New York, and is expected to serve as a major platform for celebrating Indian culture and commemorating India's 80 years of independence.
















# Preetnama

Khara Sach

ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358

Website: www.preetnama.com Email preetnamausa@gmail.com

19 JUNE TO 25 JUNE, 2026


## Curtain Raiser Held in Mineola Ahead of 15th India Day Parade on Long Island







































Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 358
Website: www.preetnama.com Email preetnamausa@gmail.com
19 JUNE TO 25 JUNE, 2026

# ਅਸ਼ਲੀਲ ਚੁਟਕਲਿਆਂ ’ਤੇ ਲੋਕ ਕਿਉਂ ਹੱਸਦੇ ਹਨ, ਸਮਾਜ ਦਾ ਕਿਹੜਾ ਵਰਗ ਅਜਿਹੇ ਚੁਟਕਲਿਆਂ ਦਾ ਵਿਸ਼ਾ ਬਣਦਾ ਹੈ

## ਹੱਦ ਕੌਣ ਤੈਅ ਕਰੇਗਾ- ਦਰਸ਼ਕ, ਕਾਨੂੰਨ ਜਾਂ ਕਾਮੇਡੀਅਨ ?

ਹਿਮਾਂਸ਼ੂ ਅਤੇ ਪ੍ਰਣੀਤ ਆਪਣੇ ਕਥਿਤ ਮਜ਼ਾਕ ਲਈ ਪਹਿਲਾਂ ਹੀ ਮਾਫ਼ੀ ਮੰਗ ਚੁੱਕੇ ਹਨ। ਹਾਲ ਹੀ ਵਿੱਚ ਕਲਿੱਪ ਵਾਇਰਲ ਹੋਣ ਤੋਂ ਬਾਅਦ ਸੇਜਲ ਪਵਾਰ ਨੇ ਵੀ ਇੱਕ ਵੀਡੀਓ ਜਾਰੀ ਕਰਕੇ ਮਾਫ਼ੀ ਮੰਗੀ। ਉਨ੍ਹਾਂ ਨੇ ਕਿਹਾ, ਮੈਂ ਪਹਿਲੀ ਵਾਰ ਕਿਸੇ ਕਾਮੇਡੀ ਸ਼ੋਅ ਵਿੱਚ ਗਈ ਸੀ। ਮੈਂ ਉੱਥੇ ਕਈ ਗੱਲਾਂ ਕੀਤੀਆਂ ਸਨ। ਗਾਣਾ ਵੀ ਗਾਇਆ ਸੀ। ਪਰ ਉਹੀ ਟਿੱਪਣੀ ਵਾਇਰਲ ਹੋ ਗਈ। ਮੈਂ ਮੰਨਦੀ ਹਾਂ ਕਿ ਮੈਂ ਬਹੁਤ ਗਲਤ ਗੱਲ ਕੀਤੀ ਸੀ। ਜੇ ਇਸ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੋਵੇ ਤਾਂ ਮੈਂ ਮਾਫ਼ੀ ਚਾਹੁੰਦੀ ਹਾਂ। ਅੱਗੇ ਤੋਂ ਅਜਿਹਾ ਕਦੇ ਨਹੀਂ ਹੋਵੇਗਾ। ਹੁਣ ਮਹਾਰਾਸ਼ਟਰ ਸਾਈਬਰ ਸੈੱਲ ਨੇ ਪ੍ਰਣੀਤ ਮੋਰੇ, ਹਿਮਾਂਸ਼ੂ ਜਾਂਗੜਾ ਅਤੇ ਸੇਜਲ ਪਵਾਰ ਖ਼ ?ਲਾਫ਼ ਐੱਫਆਈਆਰ ਦਰਜ ਕੀਤੀ ਹੈ। ਏਐੱਨਆਈ ਵਿੱਚ ਪ੍ਰਕਾਸ਼ਿਤ ਰਿਪੋਰਟ ਮੁਤਾਬਕ, ਉਨ੍ਹਾਂ ਉੱਤੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 75(1)(iv), 75(3), 294 ਅਤੇ 353(2) ਦੇ ਨਾਲ-ਨਾਲ ਆਈਟੀ ਐਕਟ ਦੀ ਧਾਰਾ 67 ਤਹਿਤ ਇਲਜ਼ਾਮ ਲਗਾਏ ਗਏ ਹਨ। ਸਾਈਬਰ ਪੁਲਿਸ ਦਾ ਕਹਿਣਾ ਹੈ ਕਿ ਯੂਟਿਊਬ, ਇੰਸਟਾਗ੍ਰਾਮ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਤੇ ਵਾਇਰਲ ਹੋ ਰਹੀ ਇਸ ਕੰਟੈਂਟ ਵਿੱਚ ਔਰਤਾਂ ਅਤੇ ਮ੍ਰਿਤਕਾਂ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਗਈਆਂ। ਇਲਜ਼ਾਮ ਹੈ ਕਿ ਕਾਮੇਡੀਅਨ ਪ੍ਰਣੀਤ ਮੋਰੇ ਵੱਲੋਂ ਹੋਸਟ ਕੀਤੇ ਗਏ ਪ੍ਰੋਗਰਾਮਾਂ ਦੀਆਂ ਕਲਿੱਪਾਂ ਰਿਕਾਰਡ ਕੀਤੀਆਂ ਗਈਆਂ ਅਤੇ ਵਪਾਰਕ ਲਾਭ ਲਈ ਉਨ੍ਹਾਂ ਨੂੰ ਸੋਸ਼ਲ ਮੀਡੀਆ ਉੱਤੇ ਫੈਲਾਇਆ ਗਿਆ। ਪ੍ਰਣੀਤ ਮੋਰੇ ਦੇ ਸ਼ੋਅ ਨਾਲ ਜੁੜੀਆਂ ਦੋ ਵਾਇਰਲ ਕਲਿੱਪਾਂ ਉੱਤੇ ਕਾਰਵਾਈ ਤੋਂ ਬਾਅਦ ਬਹਿਸ ਹੁਣ ਸਿਰਫ਼ ਹਿਮਾਂਸ਼ੂ ਜਾਂਗੜਾ ਜਾਂ ਸੇਜਲ ਪਵਾਰ ਤੱਕ ਸੀਮਤ ਨਹੀਂ ਰਹੀ ਹੈ। ਸਵਾਲ ਇਹ ਉੱਠ ਰਿਹਾ ਹੈ ਕਿ ਕੀ ਕਾਮੇਡੀ ਦੇ ਨਾਮ ਉੱਤੇ ਅਸ਼ਲੀਲ ਅਤੇ ਇਤਰਾਜ਼ਯੋਗ ਸਮੱਗਰੀ ਆਮ ਹੁੰਦੀ ਜਾ ਰਹੀ ਹੈ ਅਤੇ ਜੇ ਅਜਿਹਾ ਹੈ ਤਾਂ ਇਸ ਦੀ ਹੱਦ ਕੌਣ ਤੈਅ ਕਰੇਗਾ- ਦਰਸ਼ਕ, ਕਾਨੂੰਨ ਜਾਂ ਕਾਮੇਡੀਅਨ ?





ਬਿਰਿਆਨੀ ਦੇ ਬਦਲੇ ਸੈਕਸੁਅਲ ਫੇਵਰ ਮੰਗਣ ਨੂੰ ਲੈ ਕੇ ਹਿਮਾਂਸ਼ੂ ਜਾਂਗੜਾ ਉੱਤੇ ਉੱਠਿਆ ਵਿਵਾਦ ਅਜੇ ਸ਼ਾਂਤ ਵੀ ਨਹੀਂ ਹੋਇਆ ਸੀ ਕਿ ਇੱਕ ਨਵਾਂ ਵਿਵਾਦ ਸਾਹਮਣੇ ਆ ਗਿਆ। ਇਹ ਮਾਮਲਾ ਵੀ ਕਾਮੇਡੀਅਨ ਪ੍ਰਣੀਤ ਮੋਰੇ ਦੇ ਸ਼ੋਅ ਨਾਲ ਜੁੜਿਆ ਹੈ, ਜਿੱਥੇ ਹਿਮਾਂਸ਼ੂ ਨੇ ਵਿਵਾਦਤ ਗੱਲਾਂ ਕੀਤੀਆਂ ਸਨ। ਤਾਜ਼ਾ ਵਿਵਾਦ ਦੇ ਕੇਂਦਰ ਵਿੱਚ ਮੈਡੀਕਲ ਵਿਦਿਆਰਥਣ ਸੇਜਲ ਪਵਾਰ ਹਨ। ਉਹ ਮੁੰਬਈ ਵਿੱਚ ਐੱਮਬੀਬੀਐੱਸ ਦੇ ਤੀਜੇ ਸਾਲ ਦੇ ਵਿਦਿਆਰਥਣ ਹਨ। ਲਗਭਗ ਤਿੰਨ ਮਹੀਨੇ ਪੁਰਾਣੇ ਸ਼ੋਅ ਵਿੱਚ ਹੋਸਟ ਪ੍ਰਣੀਤ ਮੋਰੇ ਕ੍ਰਾਊਡ ਵਰਕ ਦੌਰਾਨ ਸੇਜਲ ਨਾਲ ਗੱਲ ਕਰਦੇ ਹਨ। ਉਹ ਉਨ੍ਹਾਂ ਤੋਂ ਐਨਾਟੌਮੀ ਅਤੇ ਪੋਸਟਮਾਰਟਮ ਬਾਰੇ ਸਵਾਲ ਪੁੱਛ ਰਹੇ ਸਨ। ਸੇਜਲ ਦੱਸ ਰਹੀ ਹਨ ਕਿ ਲਾਸ਼ਾਂ ਦੀ ਮੈਡੀਕਲ ਜਾਂਚ ਕਿਵੇਂ ਕੀਤੀ ਜਾਂਦੀ ਹੈ। ਇਸ ਦੌਰਾਨ ਉਹ ਕਹਿੰਦੀ ਹਨ ਕਿ ਡਾਕਟਰ ਕਈ ਵਾਰ ਮ੍ਰਿਤਕ ਪੁਰਸ਼ਾਂ ਦੇ ਗੁਪਤ ਅੰਗਾਂ ਨੂੰ ਲੈ ਕੇ ਮਜ਼ਾਕ ਕਰਦੇ ਹਨ। ਜਦੋਂ ਉਹ ਇਹ ਗੱਲ ਕਰ ਰਹੇ ਸਨ ਤਾਂ ਵੀ ਪ੍ਰਣੀਤ ਨੇ ਉਨ੍ਹਾਂ ਨੂੰ ਨਹੀਂ ਰੋਕਿਆ, ਸਗੋਂ ਹੱਸਦੇ ਹੋਏ ਹੋਰ ਬੋਲਣ ਲਈ ਉਕਸਾਉਂਦੇ ਰਹੇ। ਇਹ ਵੀਡੀਓ ਕਲਿੱਪ ਉਸ ਵੇਲੇ ਵਾਇਰਲ ਨਹੀਂ ਹੋਈ ਸੀ, ਪਰ ਹਿਮਾਂਸ਼ੂ ਮਾਮਲੇ ਤੋਂ ਬਾਅਦ ਤੇਜ਼ੀ ਨਾਲ ਫੈਲ ਗਈ। ਸੋਸ਼ਲ ਮੀਡੀਆ ਉੱਤੇ ਸੇਜਲ ਪਵਾਰ ਦੀ ਇਸ ਟਿੱਪਣੀ ਨੂੰ ਲੈ ਕੇ ਯੂਜਰਸ ਸਵਾਲ ਪੁੱਛਣ ਲੱਗੇ ਕਿ ਉਹ ਤਾਂ ਮੈਡੀਕਲ ਪੇਸ਼ੇ ਨਾਲ ਜੁੜੀ ਹੋਈ ਹੈ। ਜੇਕਰ ਉਹ ਮ੍ਰਿਤਕਾਂ ਦਾ ਵੀ ਸਨਮਾਨ ਨਹੀਂ ਕਰੇਗੀ, ਤਾਂ ਮਰੀਜ਼ਾਂ ਨਾਲ ਕਿਹੋ ਜਿਹਾ ਵਰਤਾਅ ਕਰਦੀ ਹੋਵੇਗੀ।

ਇੱਥੋਂ ਤੱਕ ਕਿ ਕਈ ਯੂਜਰਸ ਨੇ ਉਨ੍ਹਾਂ ਨੂੰ ਮੈਡੀਕਲ ਕਾਲਜ ਤੋਂ ਕੱਢਣ ਦੀ ਮੰਗ ਵੀ ਕੀਤੀ ਹੈ। ਸੋਸ਼ਲ ਮੀਡੀਆ ਉੱਤੇ ਇਹ ਗੱਲ ਵੀ ਹੋ ਰਹੀ ਹੈ ਕਿ ਮੈਡੀਕਲ ਵਿਦਿਆਰਥੀਆਂ ਦੀ ਪੜ੍ਹਾਈ ਲਈ ਆਪਣਾ ਸਰੀਰ ਦਾਨ ਕਰਨ ਵਾਲੇ ਮ੍ਰਿਤਕਾਂ ਦੀ ਮਰਿਆਦਾ ਦਾ ਵੀ ਧਿਆਨ ਨਹੀਂ ਰੱਖਿਆ ਜਾ ਰਿਹਾ। ਇਸ ਦੌਰਾਨ ਮੁੰਬਈ ਦੇ ਕੇਈਐੱਮ ਹਸਪਤਾਲ, ਜਿੱਥੇ ਸੇਜਲ ਪੜ੍ਹ ਰਹੀ ਹੈ, ਦਾ ਪ੍ਰਸ਼ਾਸਨ ਵੀ ਹਰਕਤ ਵਿੱਚ ਆ ਗਿਆ । ਹਸਪਤਾਲ ਦੀ ਦੋ ਮੈਂਬਰੀ ਕਮੇਟੀ ਵੀਡੀਓ ਕਲਿੱਪ ਦੀ ਸਮੀਖਿਆ ਕਰ ਰਹੀ ਹੈ ਅਤੇ ਸੇਜਲ ਨੂੰ ਛੁੱਟੀ ਉੱਤੇ ਭੇਜ ਦਿੱਤਾ ਗਿਆ ਹੈ।

**‘ਹਿਊਮਰ ਅਕਸਰ ਤਾਕਤ ਦੇ ਪ੍ਰਦਰਸ਼ਨ ਦਾ ਇੱਕ ਤਰੀਕਾ ਹੁੰਦਾ ਹੈ’**

ਬੀਬੀਸੀ ਨੇ ਇਸ ਬਾਰੇ ਦਿੱਲੀ ਯੂਨੀਵਰਸਿਟੀ ਦੇ ਮਿਰਾਂਡਾ ਹਾਊਸ ਕਾਲਜ ਵਿੱਚ ਸਮਾਜ ਸ਼ਾਸਤਰ ਦੀ ਪ੍ਰੋਫੈਸਰ ਰੀਮਾ ਭਾਟੀਆ ਨਾਲ ਗੱਲ ਕੀਤੀ। ਉਹ ਕਹਿੰਦੀ ਹਨ, ਹਾਸਾ-ਮਜ਼ਾਕ ਅਕਸਰ ਤਾਕਤ ਦੇ ਪ੍ਰਦਰਸ਼ਨ ਦਾ ਇੱਕ ਤਰੀਕਾ ਹੁੰਦਾ ਹੈ। ਭਾਵ, ਅਸੀਂ ਅਕਸਰ ਉਨ੍ਹਾਂ ਲੋਕਾਂ ਜਾਂ ਭਾਈਚਾਰਿਆਂ ਬਾਰੇ ਮਜ਼ਾਕ ਕਰਦੇ ਹਾਂ ਜਿਨ੍ਹਾਂ ਬਾਰੇ ਅਸੀਂ ਮੰਨਦੇ ਹਾਂ ਕਿ ਅਸੀਂ ਉਨ੍ਹਾਂ ਨਾਲੋਂ ਬਿਹਤਰ ਜਾਂ ਵੱਧ ਤਾਕਤਵਰ ਹਾਂ। ਰਵਾਇਤੀ ਤੌਰ ਉੱਤੇ ਵੀ ਇਸੇ ਤਰ੍ਹਾਂ ਦੇ ਮਜ਼ਾਕ ਹੁੰਦੇ ਰਹੇ ਹਨ, ਜਿਵੇਂ ਪਤਨੀ ਬਾਰੇ ਚੁਟਕਲੇ, ਜਿਨ੍ਹਾਂ ਵਿੱਚ ਪਤਨੀ ਨੂੰ ’ਛੋਟਾ’ ਮੰਨਿਆ ਜਾਂਦਾ ਰਿਹਾ ਹੈ ਅਤੇ ਉਹ ਹਾਸੇ ਦਾ ਕੇਂਦਰ ਬਣਦੀ ਰਹੀ। ਇਸ ਦਾ ਉਲਟ ਪ੍ਰਤੀਕਰਮ ਵੀ ਹੁੰਦਾ ਹੈ, ਭਾਵ ਜਿਨ੍ਹਾਂ ਲੋਕਾਂ ਨੂੰ ਦਬਾਇਆ ਜਾਂਦਾ ਰਿਹਾ ਹੈ, ਉਹ ਜਵਾਬੀ ਪ੍ਰਤੀਕਿਰਿਆ ਦਿੰਦੇ ਹਨ। ਮੈਡੀਕਲ ਵਿਦਿਆਰਥਣ ਦੀ ਗੱਲ ਸੁਣ ਕੇ ਵੀ ਇਹੀ ਲੱਗਦਾ ਹੈ ਕਿ ਜਿਵੇਂ ਉਹ ਕਹਿਣਾ ਚਾਹੁੰਦੀ ਹੋਵੇ ਕਿ ਦੇਖੋ, ਅਸੀਂ ਔਰਤਾਂ ਵੀ ਮਰਦਾਂ ਬਾਰੇ ਚੁਟਕਲੇ ਬਣਾ ਸਕਦੀਆਂ ਹਾਂ। ਹਾਲਾਂਕਿ ਨੈਤਿਕ ਤੌਰ ’ਤੇ ਦੋਵੇਂ ਪੱਖ ਹੀ ਗਲਤ ਹਨ। ਸਿਰਫ਼ ਭਾਰਤ ਹੀ ਨਹੀਂ, ਸਗੋਂ ਲਗਭਗ ਪੂਰੀ ਦੁਨੀਆ ਵਿੱਚ ਇਤਰਾਜ਼ਯੋਗ ਕੰਟੈਂਟ ਨੂੰ ਕਾਮੇਡੀ ਦੇ ਰੂਪ ਵਿੱਚ ਪੇਸ਼ ਕੀਤਾ ਜਾਣ ਲੱਗ ਪਿਆ ਹੈ। ਬ੍ਰਿਟਿਸ਼ ਕਾਮੇਡੀਅਨ ਰਿਕੀ ਗਰਵੇਸ ਆਪਣੇ ਡਾਰਕ ਹਿਊਮਰ ਲਈ ਜਾਣੇ ਜਾਂਦੇ ਹਨ। ਪਰ ਸਾਲ 2009 ਵਿੱਚ ਉਨ੍ਹਾਂ ਨੇ ਬਲਾਤਕਾਰ ਨੂੰ ਹੀ ਕਾਮੇਡੀ ਦਾ ਵਿਸ਼ਾ ਬਣਾ ਦਿੱਤਾ ਸੀ। ਇੱਕ ਵਿਵਾਦਤ ਚੁਟਕਲੇ ਵਿੱਚ ਗਰਵੇਸ ਕਾਲਪਨਿਕ ਡ੍ਰਿੰਕ ਡ ?ਰਾਈਵਿੰਗ ਦਾ ਜ਼ਿਕਰ ਕਰਦੇ ਹਨ, ਜਿਸ ਵਿੱਚ ਉਹ ਅਲਜ਼ਾਈਮਰ ਦੀ ਬਿਮਾਰੀ ਨਾਲ ਜੂਝ ਰਹੀ ਇੱਕ ਬਜ਼ੁਰਗ ਔਰਤ ਨਾਲ ਬਲਾਤਕਾਰ ਕਰ ਦਿੰਦੇ ਹਨ। ਕਾਮੇਡੀਅਨ ਦਾ ਮਜ਼ਾਕ ਇਸ ਗੱਲ ’ਤੇ ਖ਼ਤਮ ਹੁੰਦਾ ਹੈ ਕਿ ÷ਖੁਸ਼ਕਿਸਮਤੀ ਨਾਲ ਉਸ ਨੂੰ ਅਲਜ਼ਾਈਮਰ ਸੀ, ਇਸ ਲਈ ਉਹ ਭਰੋਸੇਯੋਗ ਗਵਾਹ ਨਹੀਂ ਸੀ। ਇਸ ਮਜ਼ਾਕ ਵਿੱਚ ਸ਼ਰਾਬ ਪੀ ਕੇ ਗੱਡੀ ਚਲਾਉਣ ਤੋਂ ਲੈ ਕੇ ਬਲਾਤਕਾਰ ਅਤੇ ਬਿਮਾਰੀ ਤੱਕ ਨੂੰ ਸ਼ਾਮਲ ਕੀਤਾ ਗਿਆ ਸੀ। ਵਿਵਾਦ ਵਧਣ ’ਤੇ ਗਰਵੇਸ ਨੇ ਆਪਣਾ ਬਚਾਅ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੇ ਵਿਅੰਗ ਕੀਤਾ ਸੀ।

**ਕੀ ਲੋਕ ਅਸ਼ਲੀਲ ਜਾਂ ਬੋਲਡ ਪੰਚਲਾਈਨਾਂ ’ਤੇ ਵੱਧ ਹੱਸਦੇ ਹਨ ?**

ਮੱਧ ਪ੍ਰਦੇਸ਼ ਦੇ ਇੰਦੌਰ ਦੇ ਸੀਨੀਅਰ ਮਨੋਚਿਕਿਤਸਕ ਡਾਕਟਰ ਉੱਜਵਲ ਸਰਦੇਸਾਈ ਕਹਿੰਦੇ ਹਨ, ÷ਕਈ ਵਾਰ ਅਸੀਂ ਕਿਸੇ ਅਜਿਹੀ ਗੱਲ ’ਤੇ, ਜਿਸ ਨੂੰ ਅਸੀਂ ਗ਼ਲਤ ਮੰਨਦੇ ਹਾਂ, ਨਾਰਾਜ਼ ਹੋਣ ਦੀ ਬਜਾਏ ਹੱਸ ਕੇ ਪ੍ਰਤੀਕਿਰਿਆ ਦਿੰਦੇ ਹਾਂ। ਮਨੋਵਿਗਿਆਨ ਵਿੱਚ ਇਸ ਨੂੰ ਰਿਐਕਸ਼ਨ ਫਾਰਮੇਸ਼ਨ ਕਿਹਾ ਜਾਂਦਾ ਹੈ। ਇਹ ਇੱਕ ਤਰ੍ਹਾਂ ਦਾ ਡਿਫੈਂਸ ਮਕੈਨਿਜ਼ਮ ਹੈ। ਅਜਿਹਾ ਉਦੋਂ ਹੁੰਦਾ ਹੈ, ਜਦੋਂ ਅਸੀਂ ਕਿਸੇ ਵੀ ਵਜ ?ਹਾ ਨਾਲ ਸਿੱਧਾ ਵਿਰੋਧ ਨਹੀਂ ਕਰਨਾ ਚਾਹੁੰਦੇ। ਕਈ ਵਾਰ ਆਡੀਅੰਸ ਨੂੰ ਇਹ ਡਰ ਵੀ ਰਹਿੰਦਾ ਹੈ ਕਿ ਕਥਿਤ ਕਾਮੇਡੀ ’ਤੇ ਉਨ੍ਹਾਂ ਦਾ ਭੜਕ ਜਾਣਾ ਉਨ੍ਹਾਂ ਨੂੰ ਘੱਟ ਕੂਲ ਦਿਖਾ ਸਕਦਾ ਹੈ। ਇਹੀ ਵਜ ?ਹਾ ਹੈ ਕਿ ਅਜਿਹੇ ਲੋਕ ਵੀ ਅਸ਼ਲੀਲ ਮਜ਼ਾਕ ’ਤੇ ਹੱਸਦੇ ਹਨ, ਜੋ ਉਸ ਨਾਲ ਸਹਿਮਤ ਨਹੀਂ ਰੱਖਦੇ। ਸਟੈਂਡ-ਅਪ ਕਾਮੇਡੀ ਵਿੱਚ ਆਮ ਤੌਰ ’ਤੇ ਲੋਕ ਝਿਜਕ ਦੂਰ ਕਰਨ ਲਈ ਹੱਸਦੇ ਹਨ, ਜਾਂ ਫਿਰ ਜੋਕਸ ਕਰਦੇ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਕਿਸੇ ਕਾਮੇਡੀ ਸ਼ੋਅ ਵਿੱਚ ਅਚਾਨਕ ਕੋਈ ਦੋਅਰਥੀ ਗੱਲ ਆ ਜਾਵੇ ਤਾਂ ਕਮਰੇ ਜਾਂ ਹਾਲ ਵਿੱਚ ਹਾਸੇ ਦੀ ਆਵਾਜ਼ ਵਧ ਜਾਂਦੀ ਹੈ। ਇਸ ਦੇ ਪਿੱਛੇ ਵੀ ਮਨੋਵਿਗਿਆਨ ਹੈ। ਅਮਰੀਕੀ ਬਿਹੇਵੀਅਰਲ ਸਾਇੰਟਿਸਟ ਏ. ਪੀਟਰ ਮੈਕਗ੍ਰਾ ਨੇ ਹਾਸੇ ਦੇ ਮਨੋਵਿਗਿਆਨ ਉੱਤੇ ਇੱਕ ਅਧਿਐਨ ਕੀਤਾ ਸੀ। ’ਬਿਨਾਇਨ ਵਾਇਲੇਸ਼ਨ- ਮੇਕਿੰਗ ਇਮਮੌਰਲ ਬਿਹੇਵੀਅਰ ਫਨੀ’ ਨਾਮ ਨਾਲ ਇਹ ਅਧਿਐਨ ਪੀਅਰ-ਰਿਵਿਊਡ ਜਰਨਲ ਸਾਈਕੋਲੋਜੀਕਲ ਸਾਇੰਸ ਵਿੱਚ ਪ੍ਰਕਾਸ਼ਿਤ ਹੋਇਆ ਸੀ।

ਇਸ ਮੁਤਾਬਕ, ਲੋਕ ਅਕਸਰ ਉਨ੍ਹਾਂ ਗੱਲਾਂ ’ਤੇ ਹੱਸਦੇ ਹਨ, ਜਿਨ੍ਹਾਂ ਬਾਰੇ ਆਮ ਤੌਰ ’ਤੇ ਖੁੱਲ੍ਹ ਕੇ ਗੱਲਬਾਤ ਨਹੀਂ ਕੀਤੀ ਜਾਂਦੀ। ਜਿਨਸੀ ਸਬੰਧ ਅਤੇ ਸਰੀਰ ਕੁਝ ਅਜਿਹੇ ਹੀ ਵਿਸ਼ੇ ਹਨ। ਮਤਲਬ ਜਿਸ ਚੀਜ਼ ਨੂੰ ਸਮਾਜ ਸੰਵੇਦਨਸ਼ੀਲ ਮੰਨਦਾ ਹੈ, ਉਹੀ ਕਾਮੇਡੀ ਵਿੱਚ ਆ ਜਾਵੇ ਤਾਂ ਲੋਕਾਂ ਨੂੰ ਜ਼ਿਆਦਾ ਮਜ਼ੇਦਾਰ ਲੱਗਦੀ ਹੈ। ਇਸ ਲਈ ਬਕਾਇਦਾ ਇੱਕ ਟਰਮ ਹੈ- ਬਿਨਾਇਨ ਵਾਇਲੇਸ਼ਨ ਥਿਊਰੀ। ਇਸ ਮੁਤਾਬਕ, ਸਾਨੂੰ ਹਾਸਾ ਉਦੋਂ ਹੀ ਆਉਂਦਾ ਹੈ ਜਦੋਂ ਕੋਈ ਗੱਲ ਜਾਂ ਘਟਨਾ ਕਿਸੇ ਨਿਯਮ ਨੂੰ ਤੋੜਦੀ ਦਿਖੇ। ਮਿਸਾਲ ਵਜੋਂ, ਕੋਈ ਸ਼ਖ਼ਸ ਡਿੱਗਦਾ ਦਿਖੇ ਤਾਂ ਆਲੇ-ਦੁਆਲੇ ਬਹੁਤ ਸਾਰੇ ਲੋਕ ਹੱਸ ਪੈਂਦੇ ਹਨ, ਜੇਕਰ ਨੁਕਸਾਨ ਜ਼ਿਆਦਾ ਗੰਭੀਰ ਨਾ ਹੋਵੇ।

**ਪਰ ਹਰ ਕੋਈ ਕਿਉਂ ਨਹੀਂ ਹੱਸਦਾ ?**

ਇੱਕ ਹੀ ਮਜ਼ਾਕ ਸੁਣ ਕੇ ਇੱਕ ਵਿਅਕਤੀ ਜ਼ੋਰ ਨਾਲ ਹੱਸ ਸਕਦਾ ਹੈ, ਜਦਕਿ ਦੂਜਾ ਸ਼ਖ਼ਸ ਨਾਰਾਜ਼ ਹੋ ਸਕਦਾ ਹੈ। ਦਰਅਸਲ ਕਾਮੇਡੀ ਦੀ ਸਮਝ ਦਾ ਉਮਰ, ਪਰਵਰਿਸ਼ ਅਤੇ ਨਿੱਜੀ ਤਜਰਬਿਆਂ ਨਾਲ ਸਬੰਧ ਹੈ। ਹੋ ਸਕਦਾ ਹੈ ਕਿ ਜੋ ਕਾਮੇਡੀ ਇੱਕ ਕਾਲਜ ਵਿਦਿਆਰਥੀ ਨੂੰ ਹਸਾਵੇ, ਉਹੀ ਉਸ ਦੇ ਪਰਿਵਾਰ ਦੇ ਵੱਡਿਆਂ ਨੂੰ ਭੱਦੀ ਲੱਗੇ। ਪ੍ਰੋਫੈਸਰ ਰੀਮਾ ਭਾਟੀਆ ਕਹਿੰਦੀ ਹਨ, ÷ਪੜ੍ਹਾਈ-ਲਿਖਾਈ, ਤਜ਼ਰਬੇ ਅਤੇ ਕਈ ਹੋਰ ਚੀਜ਼ਾਂ ਨਾਲ ਸੋਚ ਬਦਲਦੀ ਹੈ। ਇਹੀ ਵਜ ?ਹਾ ਹੈ ਕਿ ਪੀੜ੍ਹੀ ਦਰ ਪੀੜ੍ਹੀ ਕਿਸੇ ਗੱਲ ਨੂੰ ਮਜ਼ਾਕ ਮੰਨਣ ਜਾਂ ਨਾ ਮੰਨਣ ਦੀ ਸੋਚ ਵੀ ਬਦਲਦੀ ਹੈ। ਮਿਸਾਲ ਵਜੋਂ, ’ਜੋਰੂ ਦਾ ਗੁਲਾਮ’ ਸ਼ਬਦ ਨੂੰ ਪਹਿਲਾਂ ਹਿਊਮਰ ਮੰਨਿਆ ਜਾਂਦਾ ਸੀ, ਅੱਜ ਬਹੁਤ ਘੱਟ ਲੋਕ ਹੋਣਗੇ ਜੋ ਅਜਿਹੀ ਗੱਲ ਕਰਨ। ਮਜ਼ਾਕ ਦੀ ਆੜ ਵਿੱਚ ਕਈ ਇਤਰਾਜ਼ਯੋਗ ਗੱਲਾਂ ਨੂੰ ਆਮ ਬਣਾਇਆ ਜਾ ਰਿਹਾ ਹੈ। ਜੇ ਲਿੰਗ ਜਾਂ ਧਰਮ ਨੂੰ ਲੈ ਕੇ ਵਾਰ-ਵਾਰ ਅਪਮਾਨਜਨਕ ਗੱਲਾਂ ਕਾਮੇਡੀ ਦੇ ਰੂਪ ਵਿੱਚ ਪੇਸ਼ ਕੀਤੀਆਂ ਜਾਣ ਤਾਂ ਕੁਝ ਲੋਕ ਉਨ੍ਹਾਂ ਨੂੰ ਘੱਟ ਗੰਭੀਰ ਮੰਨ ਸਕਦੇ ਹਨ। ਪ੍ਰਣੀਤ ਮੋਰੇ ਦੇ ਸ਼ੋਅ ਦੀਆਂ ਕਲਿੱਪਾਂ ਵਾਇਰਲ ਹੋਣ ਤੋਂ ਬਾਅਦ ਵੀ ਇਹੀ ਸਵਾਲ ਉੱਠਿਆ। ਯੂਜ਼ਰਸ ਦਾ ਮੰਨਣਾ ਹੈ ਕਿ ਜਦੋਂ ਔਰਤਾਂ ਖ਼ ?ਲਾਫ਼ ਹਿੰਸਾ ਜਾਂ ਸਹਿਮਤੀ (ਕਨਸੈਂਟ) ਵਰਗੇ ਵਿਸ਼ਿਆਂ ਉੱਤੇ ਵਾਰ-ਵਾਰ ਮਜ਼ਾਕ ਕੀਤਾ ਜਾਵੇ, ਤਾਂ ਇਸ ਨਾਲ ਇਨ੍ਹਾਂ ਮੁੱਦਿਆਂ ਦੀ ਗੰਭੀਰਤਾ ਘੱਟ ਹੋ ਸਕਦੀ ਹੈ। ਪਰ ਕੀ ਇਸ ਨਾਲ ਸਿੱਧੇ ਤੌਰ ’ਤੇ ਅਪਰਾਧ ਵਧਦੇ ਹਨ ? ਹੁਣ ਤੱਕ ਅਜਿਹਾ ਕੋਈ ਠੋਸ ਸਬੂਤ ਨਹੀਂ ਹੈ ਜੋ ਇਹ ਸਾਬਤ ਕਰਦਾ ਹੋਵੇ ਕਿ ਕਾਮੇਡੀ ਸ਼ੋਅ ਦੇਖਣ ਨਾਲ ਕੋਈ ਵਿਅਕਤੀ ਅਪਰਾਧ ਕਰਨ ਲੱਗ ਪੈਂਦਾ ਹੈ। ਪਰ ਚਿੰਤਾ ਉਸ ਮਾਹੌਲ ਨੂੰ ਲੈ ਕੇ ਹੈ, ਜੋ ਗਲਤ ਗੱਲਾਂ ਨੂੰ ਆਮ ਬਣਾ ਰਿਹਾ ਹੈ। ਇਸ ਨਾਲ ਸਮਾਜ ਦੀ ਸੋਚ ਹੋਰ ਪੂਰਵਾਗ੍ਰਹੀ ਹੋ ਸਕਦੀ ਹੈ। ਖ਼ਾਸ ਕਰਕੇ ਉਸ ਸਮੇਂ, ਜਦੋਂ ਔਰਤਾਂ ਖ਼ ?ਲਾਫ਼ ਹਿੰਸਾ ਵਧੀ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਦੇ ਅੰਕੜਿਆਂ ਮੁਤਾਬਕ, ਸਾਲ 2021 ਤੋਂ ਸਾਲ 2023 ਦੇ ਵਿਚਕਾਰ ਔਰਤਾਂ ਅਤੇ ਬੱਚਿਆਂ ਖ਼ ?ਲਾਫ਼ ਦਰਜ ਅਪਰਾਧਾਂ ਵਿੱਚ ਲਗਾਤਾਰ ਵਾਧਾ ਦਰਜ ਕੀਤਾ ਗਿਆ। ਇਸ ਦੌਰਾਨ ਔਰਤਾਂ ਖ਼ ?ਲਾਫ਼ ਅਪਰਾਧ ਦੇ ਮਾਮਲੇ ਲਗਭਗ 4.28 ਲੱਖ ਤੋਂ ਵੱਧ ਕੇ ਕਰੀਬ 4.48 ਲੱਖ ਹੋ ਗਏ, ਜਦਕਿ ਬੱਚਿਆਂ ਖ਼ ?ਲਾਫ਼ ਅਪਰਾਧ ਲਗਭਗ 1.49 ਲੱਖ ਤੋਂ ਵੱਧ ਕੇ ਕਰੀਬ 1.77 ਲੱਖ ਤੱਕ ਪਹੁੰਚ ਗਏ। ਭਾਵ ਜੋ ਸਮੂਹ ਪਹਿਲਾਂ ਹੀ ਵਲਨਰੇਬਲ ਹੈ, ਉਸ ਨਾਲ ਹੋ ਰਹੇ ਅਪਰਾਧਾਂ ਉੱਤੇ ਹੱਸਣਾ ਉਸ ਲਈ ਖ਼ਤਰਾ ਵਧਾ ਸਕਦਾ ਹੈ।

ਪਰ ਅਜਿਹਾ ਨਹੀਂ ਕਿ ਸਿਰਫ਼ ਇੱਕ ਹੀ ਜੈਂਡਰ ਨਿਸ਼ਾਨੇ ਉੱਤੇ ਹੈ। ਔਰਤਾਂ ਦੇ ਕੱਪੜਿਆਂ, ਸਰੀਰ, ਉਮਰ, ਵਿਆਹ ਜਾਂ ਰਿਸ਼ਤਿਆਂ ਉੱਤੇ ਜੋਕਸ ਅਕਸਰ ਸੁਣਨ ਨੂੰ ਮਿਲ ਜਾਂਦੇ ਹਨ। ਪਰ ਮਰਦ ਵੀ ਇਸ ਤੋਂ ਬਚੇ ਹੋਏ ਨਹੀਂ ਹਨ। ਉਨ੍ਹਾਂ ਦੀ ਲੰਬਾਈ, ਗੰਜਾਪਣ, ਕਮਾਈ, ਨੌਕਰੀ, ਪਿਆਰ ਵਿੱਚ ਅਸਫਲਤਾ, ਇੱਥੋਂ ਤੱਕ ਕਿ ਕਥਿਤ ਮਰਦਾਨਗੀ ਉੱਤੇ ਵੀ ਕਈ ਮਜ਼ਾਕ ਕੀਤੇ ਜਾਂਦੇ ਹਨ। ਇੱਕ ਮਰਦ ਕਿਹੋ ਜਿਹਾ ਹੋਣਾ ਚਾਹੀਦਾ ਹੈ, ਕਿੰਨਾ ਕਮਾਉਣਾ ਚਾਹੀਦਾ ਹੈ, ਕਿੰਨਾ ਮਜ਼ਬੂਤ ਹੋਣਾ ਚਾਹੀਦਾ ਹੈ, ਜਿਹੀਆਂ ਗੱਲਾਂ ਨੂੰ ਲੈ ਕੇ ਵੀ ਕਈ ਤਰ੍ਹਾਂ ਦੇ ਮਜ਼ਾਕ ਕੀਤੇ ਜਾਂਦੇ ਹਨ।



Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 358
Website: www.preetnama.com Email preetnamausa@gmail.com
12 JUNE TO 18 JUNE, 2026

# ਅਕਾਲ ਤਖ਼ਤ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ 'ਗੁਰੂ ਦੋਖੀ' ਅਤੇ 'ਖਾਲਸਾ ਪੰਥ ਵਿਰੋਧੀ' ਕਰਾਰ, ਇਸ ਦੇ ਕੀ ਮਾਅਨੇ ਹਨ ?

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੋਮਵਾਰ ਨੂੰ 'ਗੁਰੂ ਦੋਖੀ' ਅਤੇ 'ਖਾਲਸਾ ਪੰਥ ਵਿਰੋਧੀ' ਕਰਾਰ ਦਿੱਤਾ ਹੈ। ਇਹ ਫ਼ੈਸਲਾ ਉਸ ਵਿਵਾਦਿਤ ਵੀਡੀਓ ਮਾਮਲੇ ਨੂੰ ਲੈ ਕੇ ਲਿਆ ਗਿਆ, ਜਿਸ ਨੂੰ ਮੁੱਖ ਮੰਤਰੀ ਨੇ ਪਹਿਲਾਂ ਏਆਈ (ਆਰਟੀਫੀਸ਼ੀਅਲ ਇਟੈਲੀਜੈਂਸ) ਨਾਲ ਬਣੀ ਅਤੇ ਨਕਲੀ ਦੱਸਿਆ ਸੀ। ਬੀਬੀਸੀ ਸਹਿਯੋਗੀ ਰਵਿੰਦਰ ਸਿੰਘ ਰੌਬਿਨ ਦੀ ਰਿਪੋਰਟ ਮੁਤਾਬਕ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਰਤ ਸਰਕਾਰ ਤੋਂ ਮਾਨਤਾ ਪ੍ਰਾਪਤ ਦੋ ਫੋਰੈਂਸਿਕ ਲੈਬਾਂ ਤੋਂ ਕਰਵਾਈ ਗਈ ਜਾਂਚ ਵਿੱਚ ਵੀਡੀਓ ਨਾਲ ਕਿਸੇ ਤਰ੍ਹਾਂ ਦੀ ਛੇੜਛਾੜ ਜਾਂ ਏਆਈ ਦੀ ਵਰਤੋਂ ਦੇ ਸਬੂਤ ਨਹੀਂ ਮਿਲੇ। ਉਹਨਾਂ ਕਿਹਾ ਕਿ ਮਾਮਲੇ 'ਤੇ ਪੰਥਕ ਜਥੇਬੰਦੀਆਂ, ਵਿਦਵਾਨਾਂ ਅਤੇ ਕਾਨੂੰਨੀ ਮਾਹਰਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਨੇ ਇਹ ਫ਼ੈਸਲਾ ਸੁਣਾਇਆ।ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਬਿਆਨ ਵਿੱਚ ਦਾਅਵਾ ਕੀਤਾ ਗਿਆ ਕਿ ਵੀਡੀਓ ਵਿੱਚ ਮੁੱਖ ਮੰਤਰੀ ਸਿੱਖ ਧਾਰਮਿਕ ਪ੍ਰਤੀਕਾਂ ਅਤੇ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਨਾਲ ਇਤਰਾਜ਼ਯੋਗ ਹਰਕਤਾਂ ਕਰਦੇ ਨਜ਼ਰ ਆਉਂਦੇ ਹਨ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ, ÷ਇਹ ਮਾਮਲਾ ਅੱਜ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੱਦੀ ਗਈ, ਪੰਥਕ ਜਥੇਬੰਦੀਆਂ, ਉਹ ਭਾਵੇਂ ਧਾਰਮਿਕ ਹਨ ਅਤੇ ਭਾਵੇਂ ਰਾਜਨੀਤਕ ਨੇ, ਸੰਪਰਦਾਵਾਂ, ਦਲ ਪੰਥ, ਵਿਦਵਾਨਾਂ ਤੇ ਕਾਨੂੰਨੀ ਮਾਹਰਾਂ ਦੀ ਇਕੱਤਰਤਾ ਵਿੱਚ ਵਿਚਾਰਿਆ ਗਿਆ, ਜਿੱਥੇ ਸਮੂਹ ਪੰਥਕ ਸ਼ਖਸੀਅਤਾਂ ਵੱਲੋਂ ਇਹ ਵਿਚਾਰ ਦਿੱਤਾ ਗਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਨੂੰ ਗੁਰੂ ਦੋਖੀ ਅਤੇ ਪੰਥ ਵਿਰੋਧੀ ਐਲਾਨਿਆ ਜਾਵੇ। ਇੱਕ ਮੁੱਖ ਮੰਤਰੀ ਦਾ ਅਹੁਦਾ ਬਹੁਤ ਹੀ ਸਤਿਕਾਰਕ ਹੁੰਦਾ ਹੈ। ਜਿਸਨੇ ਸੂਬੇ ਦੇ ਹਰ ਨਾਗਰਿਕ ਦੀ ਨੁਮਾਇੰਦਗੀ ਕਰਨੀ ਹੁੰਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਨੇ ਵੀਡੀਓ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਝੂਠ ਬੋਲਿਆ ਹੈ। ਇਸ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਇਹ ਮੁੱਖ ਮੰਤਰੀ ਵਜੋਂ ਗੁਰੂ ਅਤੇ ਕੋਈ ਸਿੱਖ ਹਿਤੈਸ਼ੀ ਫ਼ੈਸਲੇ ਲਵੇਗਾ। ਉਨ੍ਹਾਂ ਨੇ ਅੱਗੇ ਕਿਹਾ, ÷ਸਿੱਖ ਸੰਗਤਾਂ ਦੀ ਭਾਵਨਾਵਾਂ ਦੀ ਤਰਜਮਾਨੀ ਕਰਦੇ ਹੋਏ ਅੱਜ ਦੀ ਪੰਜ ਸਿੰਘ ਸਾਹਿਬਾਨ ਦੀ ਇੱਕਤਰਤਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਗੁਰੂ ਦੋਖੀ ਅਤੇ ਖਾਲਸਾ ਪੰਥ ਵਿਰੋਧੀ ਕਰਾਰ ਦਿੰਦੀ ਹੈ। ਗੁਰੂ ਖਾਲਸਾ ਪੰਥ ਇਸ ਨੂੰ ਕਦੀ ਵੀ ਮੂੰਹ ਨਾਲ ਲਗਾਵੇ।÷ਇਸ ਦੇ ਨਾਲ ਹੀ ਕਾਰਜਕਾਰੀ ਜਥੇਦਾਰ ਵੱਲੋਂ ਬੇਅਦਬੀ ਬਾਰੇ ਸੋਧ ਐਕਟ ਮਾਮਲੇ ਵਿੱਚ ਪੰਜਾਬ ਵਿਧਾਨ ਸਭਾ ਦੇ ਸਾਰੇ ਸਿੱਖ ਵਿਧਾਇਕਾਂ ਨੂੰ 29 ਜੂਨ ਨੂੰ ਤਲਬ ਕੀਤਾ ਗਿਆ ਹੈ।



**ਆਮ ਆਦਮੀ ਪਾਰਟੀ ਨੇ ਵੀਡੀਓ ਬਾਰੇ ਕੀ ਕਿਹਾ**

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੀ ਗਈ ਫੋਰੈਂਸਿਕ ਜਾਂਚ ਰਿਪੋਰਟ 'ਤੇ ਪ੍ਰਤੀਕਿਰਿਆ ਦਿੰਦਿਆਂ ਆਮ ਆਦਮੀ ਪਾਰਟੀ ਦੇ ਬੁਲਾਰੇ ਬਲਤੇਜ ਪਨੂੰ ਕਿਹਾ ਕਿ ਰਿਪੋਰਟ ਸਿਰਫ਼ ਇਹ ਦੱਸਦੀ ਹੈ ਕਿ ਸੰਬੰਧਤ ਵੀਡੀਓ ਅਸਲੀ ਹੈ ਅਤੇ ਉਸ ਵਿੱਚ ਏਆਈ ਜਾਂ ਕਿਸੇ ਤਰ੍ਹਾਂ ਦੀ ਡਿਜੀਟਲ ਛੇੜਛਾੜ ਨਹੀਂ ਕੀਤੀ ਗਈ। ਪਨੂੰ ਨੇ ਕਿਹਾ, ÷ਰਿਪੋਰਟ ਵਿੱਚ ਕਿਤੇ ਵੀ ਇਹ ਨਹੀਂ ਦੱਸਿਆ ਗਿਆ ਕਿ ਵੀਡੀਓ ਵਿੱਚ ਦਿਖਾਈ ਦੇਣ ਵਾਲਾ ਵਿਅਕਤੀ ਕੌਣ ਹੈ। ਕੀ ਫੋਰੈਂਸਿਕ ਜਾਂਚ ਇਹ ਸਾਬਤ ਕਰਦੀ ਹੈ ਕਿ ਵੀਡੀਓ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹੀ ਹਨ ਜਾਂ ਫਿਰ ਉਹ ਥਾਂ ਅਤੇ ਹਾਲਾਤ ਉਹੀ ਹਨ ਜਿਨ੍ਹਾਂ ਦਾ ਦਾਅਵਾ ਕੀਤਾ ਜਾ ਰਿਹਾ ਹੈ।÷ਉਨ੍ਹਾਂ ਕਿਹਾ ਕਿ ਫੋਰੈਂਸਿਕ ਰਿਪੋਰਟ ਦਾ ਦਾਇਰਾ ਵੀਡੀਓ ਦੀ ਪ੍ਰਮਾਣਿਕਤਾ ਤੱਕ ਸੀਮਤ ਹੈ, ਨਾ ਕਿ ਉਸ ਵਿੱਚ ਦਿਖਾਈ ਦੇ ਰਹੇ ਵਿਅਕਤੀ ਦੀ ਪਛਾਣ ਕਰਨ ਤੱਕ। ਉਨ੍ਹਾਂ ਦਾ ਕਹਿਣਾ, ਆਉਣ ਵਾਲੇ ਦਿਨਾਂ ਵਿੱਚ ਉਹ ਇਸ ਮਾਮਲੇ ਸਬੰਧੀ ਹੋਰ ਤੱਥ ਜਨਤਕ ਕਰੇਗੀ ਅਤੇ ਪੂਰੀ ਸੱਚਾਈ ਸਾਹਮਣੇ ਲਿਆਂਦੀ ਜਾਵੇਗੀ। ਇਸ ਦੇ ਨਾਲ ਹੀ ਪਾਰਟੀ ਨੇ ਇਲਜ਼ਾਮ ਲਗਾਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ ਵਿੱਚ ਜਨਤਕ ਤੌਰ 'ਤੇ ਪੱਖ ਲੈ ਕੇ ਆਪਣੇ ਆਪ ਨੂੰ ਸਿਆਸੀ ਵਿਵਾਦ ਦਾ ਹਿੱਸਾ ਬਣਾ ਲਿਆ ਹੈ।

**ਅਕਾਲ ਤਖ਼ਤ ਦੇ ਫੈਸਲੇ ਦੇ ਕੀ ਮਾਅਨੇ**

ਅਕਾਲ ਤਖ਼ਤ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ 'ਗੁਰੂ ਦੋਖੀ' ਅਤੇ 'ਖਾਲਸਾ ਪੰਥ ਵਿਰੋਧੀ' ਕਰਾਰ, ਇਸ ਦੇ ਕੀ ਅਰਥ ਹਨ ? ਸਿੱਖ ਇਤਿਹਾਸਕਾਰ ਡਾਕਟਰ ਸੁਖਦਿਆਲ ਸਿੰਘ ਕਹਿੰਦੇ ਹਨ ਕਿ ਇਸ ਫ਼ੈਸਲੇ ਦਾ ਅਰਥ ਹੈ ਕਿ ਭਗਵੰਤ ਮਾਨ ਨੂੰ ਸਹਿਯੋਗ ਨਾ ਕੀਤਾ ਜਾਵੇ ਅਤੇ ਜਿੱਥੇ ਉਹ ਜਾਂਦੇ ਹਨ, ਉਨ੍ਹਾਂ ਦਾ ਸਵਾਗਤ ਨਾ ਕੀਤਾ ਜਾਵੇ। ਸੀਨੀਅਰ ਪੱਤਰਕਾਰ ਅਤੇ ਸਿੱਖ ਮਾਮਲਿਆਂ ਦੇ ਜਾਣਕਾਰ ਜਸਪਾਲ ਸਿੱਧੂ ਕਹਿਦੇ ਹਨ ਕਿ ਜਥੇਦਾਰ ਨਾ ਸਿੱਧਾ-ਸਿੱਧਾ ਕਿਹਾ ਹੈ ਕਿ ਭਗਵੰਤ ਮਾਨ ਨੂੰ ਸਹਿਯੋਗ ਨਾ ਦਿੱਤਾ ਜਾਵੇ। ਇਸ ਫ਼ੈਸਲਾ ਨੂੰ ਸਿਆਸੀ ਪੱਖ ਤੋਂ ਦੇਖਦੇ ਹੋਏ ਸਿੱਧੂ ਕਹਿੰਦੇ ਹਨ, ÷ਇਹ ਤਾਕਤ ਦੀ ਸਿੱਧੀ-ਸਿੱਧੀ ਦੂਰ ਵਰਤੋਂ ਲੱਗਦੀ ਹੈ। ਅਜਿਹਾ ਫ਼ੈਸਲਾ ਆਉਣਾ ਨਹੀਂ ਚਾਹੀਦਾ ਸੀ। ਡਾਕਟਰ ਸੁਖਦਿਆਲ ਸਿੰਘ ਕਹਿੰਦੇ ਹਨ ਕਿ ਇਹ ਫੈਸਲਾ ਚੋਣਾਂ ਨੇੜੇ ਆਇਆ ਹੈ ਜਿਸ ਕਾਰਨ ਭਗਵੰਤ ਮਾਨ ਨੂੰ ਨੁਕਸਾਨ ਪਹੁੰਚਾਉਣ ਦੀ ਗੱਲ ਹੋ ਸਕਦੀ ਹੈ ਅਤੇ ਉਹ ਇਸ ਖ਼ ?ਲਾਫ਼ ਧਰਮ ਦੀ ਵਰਤੋਂ ਕਰਨ ਦੀ ਚੋਣ ਕਮਿਸ਼ਨ ਕੋਲ ਸ਼ਿਕਾਇਤ ਵੀ ਕਰ ਸਕਦੇ ਹਨ।

**ਕੀ ਹੈ ਮਾਮਲਾ ?**

ਇਹ ਵਿਵਾਦ ਜਨਵਰੀ 2026 ਦੀ ਸ਼ੁਰੂਆਤ ਵਿੱਚ ਸਾਹਮਣੇ ਆਇਆ ਸੀ, ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿੱਖ ਰਹਿਤ ਮਰਿਆਦਾ, ਅਕਾਲ ਤਖ਼ਤ ਦੀ ਸਰਬਉੱਚਤਾ ਅਤੇ ÷ਗੁਰੂ ਕੀ ਗੋਲਕ÷ ਸਬੰਧੀ ਕਥਿਤ ਇਤਰਾਜ਼ਯੋਗ ਟਿੱਪਣੀਆਂ ਕਰਨ ਦੇ ਇਲਜ਼ਾਮਾਂ ਤਹਿਤ ਤਲਬ ਕੀਤਾ ਸੀ। ਅਕਾਲ ਤਖ਼ਤ ਵੱਲੋਂ ਜਾਰੀ ਪੱਤਰ ਵਿੱਚ ਭਗਵੰਤ ਮਾਨ ਨਾਲ ਜੋੜੀਆਂ ਕੁਝ ਇਤਰਾਜ਼ਯੋਗ ਵੀਡੀਓਜ਼ ਦਾ ਵੀ ਜ਼ਿਕਰ ਕੀਤਾ ਗਿਆ ਸੀ, ਜਿਨ੍ਹਾਂ ਵਿੱਚ ਉਨ੍ਹਾਂ 'ਤੇ ਸਿੱਖ ਗੁਰੂ ਸਾਹਿਬਾਨ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਨਾਲ ਅਣਉਚਿਤ ਹਰਕਤਾਂ ਕਰਨ ਦੇ ਇਲਜ਼ਾਮ ਲਗਾਏ ਗਏ ਸਨ। 5 ਜਨਵਰੀ 2026 ਨੂੰ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਗਵੰਤ ਮਾਨ ਨੂੰ ਤਲਬ ਕਰਨ ਦਾ ਹੁਕਮ ਜਾਰੀ ਕੀਤਾ ਸੀ। 15 ਜਨਵਰੀ 2026 ਨੂੰ ਅਕਾਲ ਤਖ਼ਤ ਸਕੱਤਰੇਤ ਵਿੱਚ ਪੇਸ਼ ਹੋ ਕੇ ਭਗਵੰਤ ਮਾਨ ਨੇ ਆਪਣਾ ਪੱਖ ਰੱਖਿਆ ਅਤੇ ਵੀਡੀਓ ਨੂੰ ਨਕਲੀ ਤੇ ਏਆਈ ਨਾਲ ਤਿਆਰ ਦੱਸਿਆ। ਇਸ ਤੋਂ ਬਾਅਦ ਮਾਮਲੇ ਦੀ ਜਾਂਚ, ਫੋਰੈਂਸਿਕ ਰਿਪੋਰਟਾਂ ਅਤੇ ਅਕਾਲ ਤਖ਼ਤ ਦੇ ਫ਼ੈਸਲਿਆਂ ਨੂੰ ਲੈ ਕੇ ਵਿਵਾਦ ਲਗਾਤਾਰ ਵਧਦਾ ਗਿਆ।



## ਸਿਆਸੀ ਪ੍ਰਤੀਕਿਰਿਆਵਾਂ

ਆਪਣੇ ਐਕਸ ਹੈਂਡਲ 'ਤੇ ਕੀਤੀ ਪੋਸਟ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ, ÷ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕਥਿਤ ਵੀਡੀਓ ਦੀ ਫੋਰੈਂਸਿਕ ਜਾਂਚ ਤੋਂ ਬਾਅਦ ਭਗਵੰਤ ਮਾਨ ਨੂੰ ਪੰਥ ਵਿਰੋਧੀ ਐਲਾਨਿਆ ਗਿਆ ਹੈ ਅਤੇ ਸਿੱਖ ਸੰਗਤ ਨੂੰ ਉਨ੍ਹਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਗਈ ਹੈ। ਅਜਿਹੇ ਗੰਭੀਰ ਫ਼ੈਸਲੇ ਤੋਂ ਬਾਅਦ ਭਗਵੰਤ ਮਾਨ ਆਪਣਾ ਨੈਤਿਕ ਅਧਿਕਾਰ ਗੁਆ ਚੁੱਕੇ ਹਨ। ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ, ਮਰਿਆਦਾ ਅਤੇ ਸਿੱਖ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਭਗਵੰਤ ਮਾਨ ਨੂੰ ਬਿਨਾਂ ਕਿਸੇ ਦੇਰੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਲੀਡਰ ਚਰਨਜੀਤ ਸਿੰਘ ਚੰਨੀ ਨੇ ਕਿਹਾਕਿ ਸਾਡੀਆਂ ਪਰੰਪਰਾਗਤ ਸਿੱਖ ਸੰਸਥਾਵਾਂ ਨੂੰ ਬਰਕਰਾਰ ਰੱਖਣਾ ਹਰ ਸਿੱਖ ਦਾ ਫਰਜ਼ ਹੈ। ਉੱਥੋਂ ਆਉਣ ਵਾਲੇ ਫ਼ੈਸਲੇ ਮੂਹਰੇ ਨਤਮਸਤਕ ਹੋਣਾ ਹਰ ਸਿੱਖ ਦਾ ਫਰਜ਼ ਹੈ। ਸ਼੍ਰੀ ਅਕਾਲ ਤਖਤ ਸਾਹਿਬ ਤੋਂ ਜੋ ਵੀ ਫ਼ੈਸਲਾ ਆਵੇਗਾ, ਬਤੌਰ ਸਿੱਖ ਅਸੀਂ ਉਸ ਦੀ ਪੈਰਵੀ ਕਰਾਂਗੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਇਸ ਐਲਾਨ ਤੋਂ ਬਾਅਦ ਭਗਵੰਤ ਮਾਨ ਉੱਤੇ ਸਵਾਲ ਖੜੇ ਕੀਤੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਝੂਠ ਬੋਲਿਆ ਕਿ ਉਕਤ ਵੀਡੀਓ ਆਰਟੀਫੀਸ਼ਿਲ ਇੰਟੈਲੀਜੈਂਸ ਨਾਲ ਬਣੀ ਹੋਈ ਹੈ ਜਦਕਿ ਜਾਂਚ ਵਿੱਚ ਉਹ ਵੀਡੀਓ ਸਹੀ ਨਿਕਲੀ ਹੈ। ਉਨ੍ਹਾਂ ਕਿਹਾ, ਇਸ ਨੂੰ ਕੋਈ ਵੀ ਸਿੱਖ ਬਰਦਾਸ਼ਤ ਨਹੀਂ ਕਰ ਸਕਦਾ। ਸਿੱਖ ਕੌਮ ਇਸ 'ਤੇ ਸਖਤ ਤੋਂ ਸਖਤ ਫ਼ੈਸਲਾ ਲਵੇ ਅਤੇ ਇਸ ਮੁੱਖ ਮੰਤਰੀ ਨੂੰ ਪੰਜ ਮਿੰਟ ਵੀ ਮੁੱਖ ਮੰਤਰੀ ਰਹਿਣ ਦਾ ਹੱਕ ਨਹੀਂ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358

Website: www.preetnama.com Email preetnamausa@gmail.com

12 JUNE TO 18 JUNE, 2026




Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358

Website: www.preetnama.com Email preetnamausa@gmail.com

19 JUNE TO 25 JUNE, 2026

# ਅਮਰੀਕਾ ਅਤੇ ਈਰਾਨ ਵਿਚਾਲੇ ਸ਼ਾਂਤੀ ਸਮਝੌਤੇ ਦਾ ਐਲਾਨ, ਫੌਜੀ ਕਾਰਵਾਈ ਖ਼ਤਮ ਹੋਵੇਗੀ ਅਤੇ ਸਟਰੇਟ ਆਫ ਹੋਰਮੁਜ਼ ਵੀ ਖੁੱਲ੍ਹੇਗਾ



## ਈਰਾਨੀ ਸਰਕਾਰੀ ਮੀਡੀਆ ਨੇ ਸਮਝੌਤੇ ਬਾਰੇ ਦੱਸਿਆ

- ਈਰਾਨ ਦੇ ਉਪ ਵਿਦੇਸ਼ ਮੰਤਰੀ ਕਾਜ਼ੇਮ ਗ਼ਰੀਬਾਬਾਦੀ ਨੇ ਸਰਕਾਰੀ ਟੀਵੀ ਨੂੰ ਫ਼ੋਨ ’ਤੇ ਪੁਸ਼ਟੀ ਕੀਤੀ ਕਿ ਅਮਰੀਕਾ ਨਾਲ ਸਮਝੌਤਾ ਅੰਤਿਮ ਰੂਪ ਲੈ ਚੁੱਕਿਆ ਹੈ ਅਤੇ ਸ਼ੁੱਕਰਵਾਰ ਨੂੰ ਸਵਿੱਟਜ਼ਰਲੈਂਡ ਵਿੱਚ ਇਸ ’ਤੇ ਅਧਿਕਾਰਤ ਰੂਪ ਨਾਲ ਦਸਤਖ਼ਤ ਹੋਣਗੇ।
- ਈਰਾਨੀ ਸਰਕਾਰੀ ਮੀਡੀਆ ਨੇ ਅਮਰੀਕਾ ਅਤੇ ਈਰਾਨ ਵਿਚਕਾਰ 14 ਨੁਕਤਿਆਂ ਵਾਲੇ ਇੱਕ ਐਮਓਯੂ ਦੇ ਮਸੌਦੇ ਦਾ ਵੇਰਵਾ ਪ੍ਰਕਾਸ਼ਿਤ ਕਰਨ ਦਾ ਦਾਅਵਾ ਕੀਤਾ ਹੈ।
- ਹਾਲਾਂਕਿ ਇਨ੍ਹਾਂ ਨੁਕਤਿਆਂ ਦੀ ਅਧਿਕਾਰਤ ਪੁਸ਼ਟੀ ਅਜੇ ਕਿਸੇ ਵੀ ਦੇਸ਼ ਨੇ ਨਹੀਂ ਕੀਤੀ ਹੈ।
- ਅਰਧ-ਸਰਕਾਰੀ ਖ਼ਬਰ ਏਜੰਸੀ ਮੇਹਰ ਦੇ ਅਨੁਸਾਰ, ਮਸੌਦੇ ਵਿੱਚ ਸ਼ਾਮਲ ਨੁਕਤਿਆਂ ਵਿੱਚ ਇਹ ਗੱਲਾਂ ਸ਼ਾਮਲ ਹਨ-
- ਲੇਬਨਾਨ ਸਮੇਤ ਸਾਰੇ ਮੋਰਚਿਆਂ ’ਤੇ ਸਥਾਈ ਜੰਗਬੰਦੀ।
- ਅਮਰੀਕਾ ਵੱਲੋਂ ਈਰਾਨ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਨਾ ਦੇਣ ਦੀ ਵਚਨਬੱਧਤਾ।
- 30 ਦਿਨਾਂ ਦੇ ਅੰਦਰ ਅਮਰੀਕੀ ਸਮੁੰਦਰੀ ਨਾਕਾਬੰਦੀ ਹਟਾਉਣਾ।
- ਈਰਾਨ ਤੋਂ ਅਮਰੀਕੀ ਫੌਜਾਂ ਦੀ ਵਾਪਸੀ।
- 30 ਦਿਨਾਂ ਦੇ ਅੰਦਰ ÷ਈਰਾਨੀ ਪ੍ਰਬੰਧਾਂ ਦੇ ਤਹਿਤ÷ ਸਟ ?ਰੇਟ ਆਫ਼ ਹੋਰਮੁਜ਼ ਨੂੰ ਮੁੜ ਖੋਲ੍ਹਣਾ।
- ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਵੱਲੋਂ ਈਰਾਨ ਦੇ ਪੁਨਰਨਿਰਮਾਣ ਲਈ ਘੱਟੋ-ਘੱਟ 300 ਅਰਬ ਡਾਲਰ ਦੀ ਯੋਜਨਾ।
- ਈਰਾਨੀ ਤੇਲ ਅਤੇ ਊਰਜਾ ਉਤਪਾਦਾਂ ’ਤੇ ਲੱਗੀਆਂ ਪਾਬੰਦੀਆਂ ਖ਼ਤਮ ਕਰਨਾ।
- ਪਰਮਾਣੂ ਹਥਿਆਰ ਨਾ ਬਣਾਉਣ ਦੀ ਈਰਾਨ ਦੀ ਵਚਨਬੱਧਤਾ।

ਫ਼ਾਰਸ ਦੀ ਖਾੜੀ ਵਿੱਚ ਜੰਗ ਖ਼ਤਮ ਕਰਨ ਨੂੰ ਲੈ ਕੇ ਅਮਰੀਕਾ ਅਤੇ ਈਰਾਨ ਵਿਚਾਲੇ ਸਮਝੌਤਾ ਹੋ ਗਿਆ ਹੈ। ਗੱਲਬਾਤ ਵਿੱਚ ਵਿਚੋਲਗੀ ਕਰ ਰਹੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਇੱਕ ਬਿਆਨ ਜਾਰੀ ਕਰਕੇ ਇਸ ਦੀ ਜਾਣਕਾਰੀ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਟਰੂਥ ਸੋਸ਼ਲ ’ਤੇ ਇੱਕ ਪੋਸਟ ਵਿੱਚ ਈਰਾਨ ਨਾਲ ਸਮਝੌਤੇ ’ਤੇ ਪਹੁੰਚਣ ਦੀ ਗੱਲ ਕਹੀ ਹੈ। ਈਰਾਨ ਦੇ ਉਪ ਵਿਦੇਸ਼ ਮੰਤਰੀ ਨੇ ਵੀ ਇਸ ਸਮਝੌਤੇ ਦੀ ਪੁਸ਼ਟੀ ਕੀਤੀ ਹੈ। ਬ੍ਰਿਟੇਨ, ਫਰਾਂਸ, ਜਰਮਨੀ ਅਤੇ ਇਟਲੀ ਦੇ ਆਗੂਆਂ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਉਹ ਅਮਰੀਕਾ, ਈਰਾਨ ਅਤੇ ਖੇਤਰੀ ਭਾਈਵਾਲਾਂ ਨਾਲ ਮਿਲ ਕੇ ÷ਇਸ ਮੌਕੇ ਦਾ ਪੂਰਾ ਸਦਉਪਯੋਗ ਕਰਨ ਲਈ ਕੰਮ ਕਰਨਗੇ। ਈ4 ਸਮੂਹ ਨੇ ਕਿਹਾ, ÷ਅਸੀਂ ਇਸ ਕੂਟਨੀਤਿਕ ਸਫ਼ਲਤਾ ਲਈ ਅਮਰੀਕਾ, ਈਰਾਨੀ ਸਰਕਾਰ ਅਤੇ ਇਸ ਵਿੱਚ ਸ਼ਾਮਲ ਸਾਰੇ ਪੱਖਾਂ, ਜਿਨ੍ਹਾਂ ਵਿੱਚ ਪਾਕਿਸਤਾਨ, ਕਤਰ ਅਤੇ ਹੋਰ ਸਾਰੇ ਵਿਚੋਲਗੀ ਕਰਨ ਵਾਲੇ ਸ਼ਾਮਲ ਹਨ, ਉਨ੍ਹਾਂ ਨੂੰ ਵਧਾਈ ਦਿੰਦੇ ਹਾਂ। ਇਸ ਸਮਝੌਤੇ ਵਿੱਚ ਵਿਚੋਲਗੀ ਕਰਨ ਵਾਲੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਐਕਸ ਉੱਤੇ ਲਿਖਿਆ, ÷ਲੰਬੀ ਗੱਲਬਾਤ ਦੇ ਬਾਅਦ, ਸਾਨੂੰ ਇਹ ਐਲਾਨ ਕਰਦੇ ਹੋਏ ਖ਼ੁਸ਼ੀ ਹੋ ਰਹੀ ਹੈ ਕਿ ਅਮਰੀਕਾ ਅਤੇ ਈਰਾਨ ਦੇ ਦਰਮਿਆਨ ਸ਼ਾਂਤੀ ਸਮਝੌਤਾ ਹੋ ਗਿਆ ਹੈ। ਦੋਵੇਂ ਪੱਖਾਂ ਨੇ ਲੇਬਨਾਨ ਸਣੇ ਸਾਰੇ ਮੋਰਚਿਆਂ ਉੱਤੇ ਫੌਜੀ ਕਾਰਵਾਈ ਨੂੰ ਤੁਰੰਤ ਅਤੇ ਸਥਾਈ ਰੂਪ ਵਿੱਚ ਰੋਕਣ ਦਾ ਐਲਾਨ ਕੀਤਾ ਹੈ।÷ਅਮਰੀਕਾ-ਈਰਾਨ ਸਮਝੌਤੇ ਦੇ ਐਲਾਨ ਤੋਂ ਬਾਅਦ ਏਸ਼ੀਆ ਵਿੱਚ ਸ਼ੁਰੂਆਤੀ ਕਾਰੋਬਾਰ ਦੌਰਾਨ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਇਸ ਸਮਝੌਤੇ ਤਹਿਤ ਸਟ ?ਰੇਟ ਆਫ ਹੋਰਮੁਜ਼ ਨੂੰ ਮੁੜ ਖੋਲ੍ਹਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸੇ ਦੌਰਾਨ ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਕਿਹਾ ਹੈ ਕਿ ਇਸ ਹਫ਼ਤੇ ਏਵੀਅਨ ਸ਼ਹਿਰ ਵਿੱਚ ਹੋ ਰਹੀ ਜੀ7 ਆਗੂਆਂ ਦੀ ਬੈਠਕ ਦੌਰਾਨ ਅਮਰੀਕਾ-ਈਰਾਨ ਸਮਝੌਤੇ ਦੇ ਹਿੱਸੇ ਵਜੋਂ ਸਟ ?ਰੇਟ ਆਫ ਹੋਰਮੁਜ਼ ਨੂੰ ਲੰਬੇ ਸਮੇਂ ਲਈ ਖੁੱਲ੍ਹਾ ਰੱਖਣ ਦੇ ਮੁੱਦੇ ’ਤੇ ਚਰਚਾ ਕੀਤੀ ਜਾਵੇਗੀ।

**ਹੁਣ ਤੱਕ ਕੀ-ਕੀ ਪਤਾ ਹੈ ?**

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਕਿਹਾ ਹੈ ਕਿ ਅਮਰੀਕਾ ਅਤੇ ਈਰਾਨ ਦਰਮਿਆਨ ਇੱਕ ਸ਼ਾਂਤੀ ਸਮਝੌਤਾ ਹੋ ਗਿਆ ਹੈ, ਜਿਸ ਨਾਲ ਲੇਬਨਾਨ ਸਮੇਤ ਸਾਰੇ ਮੋਰਚਿਆਂ ’ਤੇ ਚੱਲ ਰਹੇ ਫੌਜੀ ਅਭਿਆਨ÷ ਖ਼ਤਮ ਹੋ ਜਾਣਗੇ। ਸ਼ਹਿਬਾਜ਼ ਸ਼ਰੀਫ਼ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਇਸ ਸਮਝੌਤੇ ’ਤੇ ਸ਼ੁੱਕਰਵਾਰ ਨੂੰ ਸਵਿੱਟਜ਼ਰਲੈਂਡ ਵਿੱਚ ਰਸਮੀ ਤੌਰ ’ਤੇ ਦਸਤਖ਼ਤ ਕੀਤੇ ਜਾਣਗੇ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਕਿਹਾ ਕਿ ਜਦੋਂ ਸ਼ੁੱਕਰਵਾਰ ਨੂੰ ਸਮਝੌਤੇ ’ਤੇ ਦਸਤਖ਼ਤ ਹੋ ਜਾਣਗੇ ਤਾਂ ÷ਤੇਲ ਦੀ ਆਵਾਜਾਈ ਮੁੜ ਸ਼ੁਰੂ ਹੋ ਜਾਵੇਗੀ। ਬੀਬੀਸੀ ਦੇ ਉੱਤਰੀ ਅਮਰੀਕਾ ਪੱਤਰਕਾਰ ਦੇ ਮੁਤਾਬਕ, ਇਹ ਐਲਾਨ ਟਰੰਪ ਦੇ 80ਵੇਂ ਜਨਮਦਿਨ ਦੇ ਮੌਕੇ ’ਤੇ ਕੀਤਾ ਗਿਆ ਹੈ, ਹਾਲਾਂਕਿ ਸਮਝੌਤੇ ਦੇ ਪੂਰੇ ਵੇਰਵੇ ਅਜੇ ਸਾਹਮਣੇ ਨਹੀਂ ਆਏ ਹਨ। ਈਰਾਨ ਦੇ ਉਪ ਵਿਦੇਸ਼ ਮੰਤਰੀ ਨੇ ਸਰਕਾਰੀ ਟੈਲੀਵਿਜ਼ਨ ’ਤੇ ਪੁਸ਼ਟੀ ਕੀਤੀ ਹੈ ਕਿ ਸਮਝੌਤੇ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਉੱਥੇ ਹੀ ਦੇਸ਼ ਦੇ ਸਿਖਰਲੀ ਫੌਜੀ ਲੀਡਰਸ਼ਿਪ ਨੇ ਇਸ ਨੂੰ ਈਰਾਨ ਦੀ ਜਿੱਤ ਕਰਾਰ ਦਿੱਤਾ ਹੈ। ਅਮਰੀਕਾ ਅਤੇ ਇਜ਼ਰਾਇਲ ਨੇ 28 ਫ਼ਰਵਰੀ ਨੂੰ ਈਰਾਨ ’ਤੇ ਹਮਲੇ ਸ਼ੁਰੂ ਕੀਤੇ ਸਨ। ਸ਼ੁਰੂਆਤੀ ਹਮਲਿਆਂ ਵਿੱਚ ਹੀ ਈਰਾਨ ਦੇ ਕਈ ਉੱਚ ਅਧਿਕਾਰੀ ਅਤੇ ਆਗੂ ਮਾਰੇ ਗਏ ਸਨ। ਇਸ ਤੋਂ ਬਾਅਦ ਈਰਾਨ ਨੇ ਖਾੜੀ ਖੇਤਰ ਵਿੱਚ ਅਮਰੀਕੀ ਟਿਕਾਣਿਆਂ ਅਤੇ ਇਜ਼ਰਾਇਲ ’ਤੇ ਹਮਲੇ ਕੀਤੇ ਸਨ। ਇਸ ਦੇ ਨਾਲ ਹੀ ਇਰਾਨ ਨੇ ਤੇਲ ਅਤੇ ਗੈਸ ਦੀ ਸਪਲਾਈ ਲਈ ਅਹਿਮ ਸਮੁੰਦਰੀ ਰਸਤਾ ਸਟ ?ਰੇਟ ਆਫ ਹੋਰਮੁਜ਼ ਬੰਦ ਕਰ ਦਿੱਤਾ ਸੀ।

**ਟਰੰਪ ਨੇ ਨਿਊਯਾਰਕ ਟਾਈਮਜ਼ ਨੂੰ ਕੀ ਕਿਹਾ**

ਅਮਰੀਕੀ ਰਾਸ਼ਟਰਪਤੀ ਨੇ ਐਤਵਾਰ ਨੂੰ ਨਿਊਯਾਰਕ ਟਾਈਮਜ਼ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਈਰਾਨ ਨਾਲ ਹੋਇਆ ਸਮਝੌਤਾ ਇਹ ਯਕੀਨੀ ਬਣਾਉਂਦਾ ਹੈ ਕਿ ਸਟ ?ਰੇਟ ਆਫ਼ ਹੋਰਮੁਜ਼ ਸਥਾਈ ਤੌਰ ’ਤੇ ਟੋਲ-ਮੁਕਤ ਰਹੇਗਾ। ਅਖ਼ਬਾਰ ਦੇ ਅਨੁਸਾਰ, 28 ਮਿੰਟ ਦੇ ਫ਼ੋਨ ਇੰਟਰਵਿਊ ਵਿੱਚ ਟਰੰਪ ਨੇ ਇਹ ਵੀ ਕਿਹਾ ਕਿ ਜੇਕਰ ਈਰਾਨ ਅਮਰੀਕਾ ਨਾਲ ਅੰਤਿਮ ਪਰਮਾਣੂ ਸਮਝੌਤੇ ਤੱਕ ਨਹੀਂ ਪਹੁੰਚਦਾ, ਤਾਂ ਉਹ ਫੌਜੀ ਹਮਲੇ ਮੁੜ ਸ਼ੁਰੂ ਕਰ ਦੇਣਗੇ, ਜਾਂ ਫਿਰ ਅਮਰੀਕਾ ਨੂੰ ਮੱਧ ਪੂਰਬ ਦਾ ਸਰਪ੍ਰਸਤ ਬਣਾ ਦਿੱਤਾ ਜਾਵੇਗਾ, ਜਿਸ ਦੇ ਬਦਲੇ ਖੇਤਰ ਦੀ ਕੁੱਲ ਆਮਦਨ ਦਾ ਪੰਜਵਾਂ ਹਿੱਸਾ ਮਿਲੇਗਾ। ਉਨ੍ਹਾਂ ਨੇ ਆਪਣੇ ਪਹਿਲਾਂ ਦੇ ਦਾਅਵੇ ਦੁਹਰਾਉਂਦੇ ਹੋਏ ਕਿਹਾ ਕਿ ਫ਼ਰਵਰੀ ਵਿੱਚ ਈਰਾਨ ’ਤੇ ਹਮਲਾ ਕਰਨ ਅਤੇ ਉਸ ਤੋਂ ਬਾਅਦ ਉਸ ਦੇ ਬੰਦਰਗਾਹਾਂ ਦੀ ਸਮੁੰਦਰੀ ਨਾਕਾਬੰਦੀ ਕਰਨ ਦੇ ਫ਼ੈਸਲੇ ਨੇ ਮੱਧ ਪੂਰਬ ਨੂੰ ਮੁੜ ਅਮਰੀਕਾ ਦੇ ਹੱਕ ਵਿੱਚ ਢਾਲ ਦਿੱਤਾ ਹੈ। ਇਸ ਡੀਲ ਦਾ ਐਲਾਨ ਕਰਦੇ ਹੋਏ ਟਰੰਪ ਨੇ ਟਰੂਥ ਸੋਸ਼ਲ ’ਤੇ ਲਿਖਿਆ, ਇਹ ਸ਼ਾਨਦਾਰ ਡੀਲ ਪੂਰੇ ਖੇਤਰ ਵਿੱਚ ਸ਼ਾਂਤੀ ਅਤੇ ਸੁਰੱਖਿਆ ਲੈਕੇ ਆਵੇਗੀ। ਉਨ੍ਹਾਂ ਨੇ ਅੱਗੇ ਲਿਖਿਆ, ਕਈ ਰਾਸ਼ਟਰਪਤੀਆਂ ਨੇ ਈਰਾਨ ਨਾਲ ਸ਼ਾਂਤੀ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਪਰ ਮੇਰੇ ਤੋਂ ਪਹਿਲਾਂ ਸਾਰੇ ਅਸਫਲ ਰਹੇ। ਖੇਤਰ ਦੇ ਆਗੂਆਂ ਨੂੰ ਪਹਿਲੀ ਵਾਰ ਇੱਕ ਅਜਿਹਾ ਰਾਸ਼ਟਰਪਤੀ ਮਿਲਿਆ ਹੈ, ਜੋ ਅਸਲ ਸ਼ਾਂਤੀ ਲਿਆ ਸਕਦਾ ਹੈ। ਉਨ੍ਹਾਂ ਲਿਖਿਆ, ਸ਼ੁੱਕਰਵਾਰ ਨੂੰ ਦਸਤਖ਼ਤ ਹੋਣ ਦੇ ਨਾਲ ਹੀ ਸਟ ?ਰੇਟ ਆਫ਼ ਹੋਰਮੁਜ਼ ਖੁੱਲ੍ਹ ਜਾਵੇਗਾ ਅਤੇ ਸਮੁੰਦਰੀ ਬਾਰੂਦੀ ਸੁਰੰਗਾਂ ਹਟਾਈਆਂ ਜਾਣਗੀਆਂ ਅਤੇ ਖੇਤਰ ਵਿੱਚ ਅਤੇ ਪੂਰੀ ਦੁਨੀਆ ਵਿੱਚ ਤੇਲ ਦੀ ਆਵਾਜਾਈ ਮੁੜ ਬਹਾਲ ਹੋ ਜਾਵੇਗੀ।

**ਅਮਰੀਕਾ ਵੱਲੋਂ ਖੇਤਰ ਵਿੱਚ ਆਪਣੀ ਫੌਜੀ ਮੌਜੂਦਗੀ ਨਾ ਵਧਾਉਣ ਅਤੇ ਨਵੀਆਂ ਪਾਬੰਦੀਆਂ ਨਾ ਲਗਾਉਣ ਦੀ ਵਚਨਬੱਧਤਾ।**

ਏਜੰਸੀ ਮੇਹਰ ਨੇ ਇਹ ਵੀ ਕਿਹਾ, ਅੰਤਿਮ ਗੱਲਬਾਤ ਉਦੋਂ ਤੱਕ ਸ਼ੁਰੂ ਨਹੀਂ ਹੋਵੇਗੀ, ਜਦੋਂ ਤੱਕ ਈਰਾਨ ਦੀਆਂ ਫ ?ਰੀਜ਼ ਕੀਤੀਆਂ ਜਾਇਦਾਦਾਂ ਦਾ ਘੱਟੋ-ਘੱਟ ਅੱਧਾ ਹਿੱਸਾ ਜਾਰੀ ਨਹੀਂ ਕਰ ਦਿੱਤਾ ਜਾਂਦਾ, ਈਰਾਨੀ ਤੇਲ ’ਤੇ ਲੱਗੀਆਂ ਪਾਬੰਦੀਆਂ ਮੁਅੱਤਲ ਨਹੀਂ ਕਰ ਦਿੱਤੀਆਂ ਜਾਂਦੀਆਂ ਅਤੇ ਸਮੁੰਦਰੀ ਫੌਜਾਂ ਨਾਕਾਬੰਦੀ ਖ਼ਤਮ ਨਹੀਂ ਕਰ ਦਿੱਤੀ ਜਾਂਦੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅੰਤਿਮ ਸਮਝੌਤੇ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਪ੍ਰਸਤਾਵ ਰਾਹੀਂ ਮਨਜ਼ੂਰੀ ਦਿੱਤੀ ਜਾਵੇਗੀ।



Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358

Website: www.preetnama.com Email preetnamausa@gmail.com

19 JUNE TO 25 JUNE, 2026


# ਸਰਪ੍ਰੀਤ ਸਿੰਘ: ਫੀਫਾ ਫੁਟਬਾਲ ਵਿਸ਼ਵ ਕੱਪ ਖੇਡ ਰਿਹਾ ਪਹਿਲਾ ਪੰਜਾਬੀ ਕੌਣ ਹੈ, ਕਿਵੇਂ ਉਹ ਫੁਟਬਾਲ ਦੇ ਵੱਡੇ ਲੈਵਲ ਤੱਕ ਪਹੁੰਚਿਆ

ਫੀਫਾ ਵਿਸ਼ਵ ਕੱਪ 2026 ਵਿੱਚ ਈਰਾਨ ਅਤੇ ਨਿਊਜ਼ੀਲੈਂਡ ਦਰਮਿਆਨ ਸੋਮਵਾਰ (ਉੱਤਰੀ ਅਮਰੀਕਾ ਦੇ ਸਮੇਂ ਅਨੁਸਾਰ) ਨੂੰ ਲੀਗ ਮੁਕਾਬਲਾ ਖੇਡਿਆ ਜਾ ਰਿਹਾ ਹੈ। ਦੋਵੇਂ ਟੀਮਾਂ ਗਰੁੱਪ ਜੀ ਦਾ ਹਿੱਸਾ ਹਨ। ਇਸ ਮੈਚ ਵਿੱਚ ਨਿਊਜ਼ੀਲੈਂਡ ਵੱਲੋਂ ਪੰਜਾਬੀ ਮੂਲ ਦੇ ਸਰਪ੍ਰੀਤ ਸਿੰਘ ਨੂੰ ਵੀ ਮੌਕਾ ਮਿਲਿਆ ਹੈ। ਉਨ੍ਹਾਂ ਨੂੰ ਅਟੈਕਿੰਗ ਮਿਡਫੀਲਡਰ ਦੇ ਤੌਰ ਉੱਤੇ ਨਿਊਜ਼ੀਲੈਂਡ ਦੀ ਟੀਮ ਵਿੱਚ ਥਾਂ ਮਿਲੀ ਹੈ। ਨਿਊਜ਼ੀਲੈਂਡ ਦੀ ਫੁਟਬਾਲ ਟੀਮ ਨੇ ਜਦੋਂ ਆਕਲੈਂਡ ਦੇ ਈਡਨ ਪਾਰਕ ਵਿੱਚ ਨਿਊ ਕੈਲੇਡੋਨੀਆ ਦੀ ਟੀਮ ਨੂੰ 3-0 ਨਾਲ ਹਰਾਇਆ ਸੀ ਤਾਂ ਉਦੋਂ ਉਸ ਨੇ ਫੀਫਾ ਵਿਸ਼ਵ ਕੱਪ-2026 ਲਈ ਆਪਣਾ ਰਾਹ ਸਾਫ਼ ਕਰ ਲਿਆ ਸੀ। 24 ਮਾਰਚ 2025 ਦੀ ਉਹ ਰਾਤ ਸਿਰਫ ਕੀਵੀਜ਼ ਲਈ ਜਸ਼ਨ ਦੀ ਰਾਤ ਨਹੀਂ ਸੀ, ਸਗੋਂ ਨਿਊਜ਼ੀਲੈਂਡ ਦੀ ਟੀਮ ਦਾ ਫੀਫਾ ਵਿਸ਼ਵ ਕੱਪ ਵਿੱਚ ਕੁਲਾਈਫਾਈ ਕਰਨਾ ਭਾਰਤੀਆਂ ਖ਼ਾਸਕਰ ਪੰਜਾਬ ਵਾਸੀਆਂ ਲਈ ਵੀ ਮਾਣ ਵਾਲੀ ਗੱਲ ਬਣ ਗਈ ਸੀ। ਕਿਉਂਕਿ ਇਸ ਓਸ਼ੀਆਨਾ ਕੁਆਲੀਫਾਇਰ ਫਾਈਨਲ ਮੈਚ ਵਿੱਚ ਨਿਊਜ਼ੀਲੈਂਡ ਦੀ ਟੀਮ ਦੀ 10 ਨੰਬਰ ਜਰਸੀ ਪਾਈ ਖੇਡ ਰਿਹਾ ਖਿਡਾਰੀ ਸਰਪ੍ਰੀਤ ਸਿੰਘ ਸੀ, ਜੋ ਕਿ ਫੀਫਾ ਵਿਸ਼ਵ ਕੱਪ ਖੇਡਣ ਵਾਲਾ ਪਹਿਲਾ ਪੰਜਾਬੀ ਬਣਿਆ ਹੈ। ਨਿਊਜ਼ੀਲੈਂਡ ਦੀ ਟੀਮ 2010 ਤੋਂ ਬਾਅਦ 16 ਸਾਲਾਂ ਮਗਰੋਂ ਫੀਫਾ ਵਿਸ਼ਵ ਕੱਪ ਦਾ ਹਿੱਸਾ ਬਣੀ ਹੈ।



**ਸਰਪ੍ਰੀਤ ਦੇ ਛੋਟੀ ਉਮਰੇ ਵੱਡੇ ਕਮਾਲ**

ਨਿਊਜ਼ੀਲੈਂਡ ਵਿੱਚ ਬਹੁਤ ਸਾਰੇ ਭਾਰਤੀ ਮੂਲ ਦੇ ਬੱਚਿਆਂ ਲਈ ਫੁਟਬਾਲ ਪਹਿਲੀ ਪਸੰਦ ਨਹੀਂ ਹੈ, ਉਹ ਹਾਕੀ ਅਤੇ ਕ੍ਰਿਕਟ ਨੂੰ ਪਸੰਦ ਕਰਦੇ ਹਨ। ਪਰ ਸਰਪ੍ਰੀਤ ਦੀ ਕਹਾਣੀ ਵਿੱਚ ਇਹ ਉਲਟ ਸੀ। ਸਰਪ੍ਰੀਤ ਸਿੰਘ ਆਪਣੇ ਫੁਟਬਾਲ ਕਰੀਅਰ ਬਾਰੇ ਬੀਬੀਸੀ ਨਾਲ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਉਨ੍ਹਾਂ ਦੇ ਮਾਤਾ ਨੂੰ ਉਨ੍ਹਾਂ ਦੀ ਛੋਟੀ ਉਮਰ ਵਿੱਚ ਹੀ ਇਹ ਅਹਿਸਾਸ ਹੋ ਗਿਆ ਸੀ ਕਿ ਉਹ ਥੋੜ੍ਹਾ ਵੱਖਰਾ ਹੈ ਤੇ ਉਸ ਕੋਲ ਇੱਕ ਤੋਹਫ਼ਾ ਹੈ। ਖੇਡਾਂ ਸਬੰਧੀ ਭਾਰਤੀ ਮਾਪਿਆਂ ਦੀ ਸੋਚ ਬਾਰੇ ਸਰਪ੍ਰੀਤ ਦਾ ਕਹਿਣਾ ਹੈ, ਕਈ ਵਾਰ ਭਾਰਤੀ ਮਾਪੇ ਕਹਿੰਦੇ ਹਨ ਇਸ ਦੀ ਅਜੇ ਕੀ ਲੋੜ ਹੈ ਪਰ ਬਹੁਤ ਮਹੱਤਵਪੂਰਨ ਹੈ, ਖ਼ਾਸਕਰ ਉਸ ਸਮੇਂ ਜਦੋਂ ਬੱਚੇ ਛੋਟੇ ਹਨ। ਭਾਰਤੀ ਮਾਪੇ ਥੋੜ੍ਹੇ ਸਖਤ ਹੁੰਦੇ ਹਨ ਪਰ ਮੇਰੀ ਮਾਂ ਖੁਦ ਮੈਨੂੰ ਅਭਿਆਸ ਕਰਵਾਉਣ ਲਈ ਲੈ ਕੇ ਜਾਂਦੇ ਸਨ। ਸਪੋਰਟਸਟਾਰ ਦੀ ਇੱਕ ਰਿਪੋਰਟ ਮੁਤਾਬਕ ਸਰਪ੍ਰੀਤ ਦੀ ਮਾਤਾ ਨੇ ਉਨ੍ਹਾਂ ਦੇ ਹੁਨਰ ਨੂੰ ਪਛਾਣਦਿਆਂ ਸੱਤ ਸਾਲ ਦੀ ਉਮਰ ਵਿੱਚ ਇੱਕ ਫੁਟਬਾਲ ਕਲੱਬ ਵਿੱਚ ਦਾਖਲ ਕਰਵਾ ਦਿੱਤਾ ਸੀ। ਇਸ ਤੋਂ ਬਾਅਦ ਸਰਪ੍ਰੀਤ ਨੇ ਆਪਣੇ ਫੁਟਬਾਲ ਕਰੀਅਰ ਦੀ ਅਜਿਹੀ ਸ਼ੁਰੂਆਤ ਕੀਤੀ ਕਿ ਪਿੱਛੇ ਮੁੜ ਕੇ ਨਹੀਂ ਦੇਖਿਆ। ਉਹ ਅੰਡਰ-17 ਓਸ਼ਿਆਨਾ ਕੱਪ ਅਤੇ ਅੰਡਰ-20 ਵਿਸ਼ਵ ਕੱਪ ਵਿੱਚ ਨਿਊਜ਼ੀਲੈਂਡ ਟੀਮ ਦਾ ਹਿੱਸਾ ਬਣੇ। ਇਸ ਟੂਰਨਾਮੈਂਟ ਵਿੱਚ ਸਰਪ੍ਰੀਤ ਸਿੰਘ ਦੇ ਜੌਹਰਾਂ ਨੇ ਯੂਰਪੀ ਕਲੱਬਾਂ ਦਾ ਧਿਆਨ ਉਸ ਵੱਲ ਖਿੱਚਿਆ।

**ਯੂਰਪ ਦੇ ਵੱਡੇ ਕਲੱਬ ਵਿੱਚ ਐਂਟਰੀ**

ਸਾਲ 2019 ਸਰਪ੍ਰੀਤ ਸਿੰਘ ਲਈ ਉਸ ਦੇ ਸੁਪਨੇ ਪੂਰੇ ਕਰਨ ਵਾਲਾ ਸਾਲ ਸੀ, ਜਦੋਂ ਯੂਰਪ ਅਤੇ ਜਰਮਨ ਦੇ ਵੱਡੇ ਫੁਟਬਾਲ ਕਲੱਬ ਬਾਇਰਨ ਮਿਊਨਿਖ ਨੇ ਉਸ ਨੂੰ ਸਾਈਨ ਕੀਤਾ। ਇਹ ਉਹ ਦੌਰ ਸੀ ਜਦੋਂ ਸਰਪ੍ਰੀਤ ਦੇ ਕਰੀਅਰ ਦਾ ਉਭਾਰ ਹੋਇਆ। ਸਰਪ੍ਰੀਤ ਦਿੱਗਜ਼ ਖਿਡਾਰੀਆਂ ਨਾਲ ਸਜੀ ਟੀਮ ਦਾ ਹਿੱਸਾ ਬਣਿਆ। ਉਸ ਦੀ ਖੇਡ ਨੇ ਕਲੱਬ ਦੇ ਕੋਚ ਨੂੰ ਪ੍ਰਭਾਵਿਤ ਕੀਤਾ ਤੇ ਜਲਦ ਹੀ ਉਹ ਆਪਣੀ ਟਰੇਨਿੰਗ ਤੋਂ ਬਾਅਦ ਟੀਮ ਵਿੱਚ ਸ਼ਾਮਲ ਹੋ ਗਿਆ। ਆਪਣੀ ਇਸ ਪ੍ਰਾਪਤੀ ਬਾਰੇ ਸਰਪ੍ਰੀਤ ਨੇ ਬੀਬੀਸੀ ਨਾਲ ਗੱਲਬਾਤ ਕਰਦਿਆਂ ਕਿਹਾ ਸੀ, ਇਹ ਇਸ ਤਰ੍ਹਾਂ ਸੀ ਕਿ ਤੁਸੀਂ ਸਖ਼ਤ ਮਿਹਨਤ ਕਰਦੇ ਹੋ ਅਤੇ ਤੁਹਾਨੂੰ ਉਸ ਦਾ ਫ਼ਲ ਮਿਲਦਾ ਹੈ। ਪਰ ਇਹ ਸਿਰਫ਼ ਹਾਲੇ ਸ਼ੁਰੂਆਤ ਹੈ। ਸਰਪ੍ਰੀਤ ਨੇ ਬਾਇਰਨ ਮਿਊਨਿਖ ਨਾਲ ਤਿੰਨ ਸਾਲ ਸਾਈਨ ਹੋਣ ਤੋਂ ਬਾਅਦ ਆਪਣੇ ਇੰਸਟਾਗ੍ਰਾਮ ਅਕਾਊਂਟ ਉਪਰ ਤਸਵੀਰ ਸਾਂਝੀ ਕਰਦਿਆਂ ਲਿਖਿਆ ਸੀ ਕਿ ਉਨ੍ਹਾਂ ਦਾ ਸੁਪਨਾ ਸਾਕਾਰ ਹੋ ਗਿਆ। ਯੂਰਪੀ ਕਲੱਬ ਵਿੱਚ ਉਨ੍ਹਾਂ ਨੂੰ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪਿਆ ਕਿਉਂਕਿ ਉਨ੍ਹਾਂ ਦੇ ਸਾਹਮਣੇ ਦੁਨੀਆ ਦੇ ਬਿਹਤਰੀਨ ਖਿਡਾਰੀ ਸੀ ਅਤੇ ਘਰ ਤੋਂ ਦੂਰ ਹੋਣਾ ਆਪਣੇ ਆਪ ਵਿੱਚ ਇੱਕ ਵੱਡੀ ਚੁਣੌਤੀ ਸੀ। ਸਰਪ੍ਰੀਤ ਮੰਨਦੇ ਹਨ ਕਿ ਬਾਹਰਲਾ ਖਿਡਾਰੀ ਹੋਣ ਕਾਰਨ ਉਨ੍ਹਾਂ ਉਪਰ ਚੰਗੇ ਪ੍ਰਦਰਸ਼ਨ ਦਾ ਬਹੁਤ ਦਬਾਅ ਸੀ ਅਤੇ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨੀ ਪਈ।

**ਨਿਊਜ਼ੀਲੈਂਡ ਦੀ ਟੀਮ ਲਈ ਪ੍ਰਦਰਸ਼ਨ**

ਸਰਪ੍ਰੀਤ ਦਾ ਯੂਰਪੀ ਫੁਟਬਾਲ ਕਲੱਬ ਵਿੱਚ ਸਫ਼ਰ ਕੁਝ ਬਹੁਤਾ ਖਾਸ ਨਹੀਂ ਰਿਹਾ। ਪਰ ਉਨ੍ਹਾਂ ਨੇ ਆਪਣੀ ਨੈਸ਼ਨਲ ਟੀਮ ਯਾਨਿ ਨਿਊਜ਼ੀਲੈਂਡ ਲਈ ਕਿਤੇ ਜ਼ਿਆਦਾ ਸਫ਼ਲਤਾ ਹਾਸਿਲ ਕੀਤੀ ਹੈ। ਉਹ ਸਾਲ 2018 ਤੋਂ ਨਿਊਜ਼ੀਲੈਂਡ ਦੀ ਟੀਮ ਦਾ ਹਿੱਸਾ ਰਹੇ ਹਨ। ਸਾਲ 2018 ਵਿੱਚ ਇੰਟਰਕੌਂਟੀਨੈਂਟਲ ਕੱਪ ਵਿੱਚ ਕੀਨੀਆ ਖ਼ ?ਲਾਫ਼ ਸਰਪ੍ਰੀਤ ਸਿੰਘ ਨੇ ਆਪਣਾ ਪਹਿਲਾ ਕੌਮਾਂਤਰੀ ਗੋਲ ਕੀਤਾ ਸੀ। ਉਸੇ ਟੂਰਨਾਮੈਂਟ ਵਿੱਚ ਭਾਰਤ 'ਤੇ ਨਿਊਜ਼ੀਲੈਂਡ ਦੀ 2-1 ਦੀ ਜਿੱਤ ਵਿੱਚ ਸਰਪ੍ਰੀਤ ਨੇ ਦੋ ਗੋਲ ਦਾਗ਼ੇ ਸਨ।

**ਤਿੰਨ ਦੇਸ਼ਾਂ ਵਿੱਚ ਹੋ ਰਿਹਾ ਵਿਸ਼ਵ ਕੱਪ**

Individuals may experience depression, chronic anxiety, social isolation, obsessive thinking, difficulty concentrating, emotional instability, feelings of worthlessness, increased risk of self-harm and suicide, ironically, while many people begin dieting to improve self-esteem, anorexia often destroys confidence and mental well-being over time. Anorexia is not merely an individual problem; it affects entire families and communities.

**Family Burden**

Parents and family members often experience stress, guilt, helplessness and emotional exhaustion while trying to support their loved ones. Family relationships may become strained due to constant concern about eating habits and health.

**Educational and Professional Impact**

Students suffering from anorexia may struggle academically because malnutrition impairs concentration and memory. Adults may face reduced productivity, absenteeism and career setbacks.

**Economic Costs**

Treatment for eating disorders often requires long-term medical care, psychological therapy, hospitalization and nutritional rehabilitation. These expenses place significant burdens on healthcare systems and families.

**Social Consequences**

The widespread glorification of thinness contributes to body dissatisfaction among millions of people. This cultural obsession can normalize unhealthy behaviours and increase the prevalence of eating disorders.

Social media has transformed the way people perceive themselves. Constant exposure to filtered photographs, edited bodies and unrealistic beauty standards can fuel feelings of inadequacy.

Young people are particularly vulnerable because they often compare themselves with idealized online images. The pursuit of likes, validation and social acceptance can create unhealthy pressures regarding appearance.

While social media is not the sole cause of anorexia, it can significantly intensify existing insecurities and psychological vulnerabilities.

Recovery from anorexia is possible, but it requires professional support and patience.

Effective treatment generally includes:

**Nutritional Rehabilitation**

Restoring healthy eating patterns and body weight under professional supervision.

**Psychological Therapy**

Cognitive Behavioral Therapy (CBT) helps individuals identify and challenge distorted beliefs about food, weight, and self-worth.

**Family Support**

Family involvement is often crucial, especially for adolescents.

**Medical Monitoring**

Regular monitoring is necessary to address physical complications and ensure safe recovery. Recovery is rarely a straight path. Relapses may occur, but with consistent treatment and support, many individuals regain both physical health and psychological well-being.

Preventing anorexia requires more than treating individual cases. Society must challenge harmful beauty standards and promote body acceptance. Schools, families, healthcare professionals and media organizations all have a role in encouraging healthy self-esteem and realistic perceptions of beauty.

Young people should be taught that health is not defined by a number on a weighing scale. True well-being involves physical fitness, emotional resilience, self-respect and balanced living.

Anorexia Nervosa is far more than an eating disorder; it is a serious psychological illness that affects the mind, body and social life of those who suffer from it. Driven by distorted body image and an overwhelming fear of weight gain, anorexia can lead to devastating physical and emotional consequences. In a society increasingly obsessed with appearance, understanding and addressing this disorder has become more important than ever.

The solution lies not only in medical treatment but also in fostering a culture that values health over appearance, self-acceptance over perfection, and compassion over criticism. By recognizing the warning signs early and promoting realistic standards of beauty, society can help prevent countless individuals from falling into the dangerous trap of anorexia.

**SURINDERPAL SINGH**
**FACULTY IN SCIENCE DEPARTMENT**
**SRI AMRITSAR SAHIB PUNJAB.**

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358 | Website: www.preetnama.com Email preetnamausa@gmail.com | 19 JUNE TO 25 JUNE, 2026





On the occasion of the martyrdom day of the King of Martyrs and the embodiment of peace, Guru Arjan Dev Ji, Media Preetnama and Pritpal Kaur Preet offer their deepest pranams (reverence) at the lotus feet of the Guru.

The history of the Sikh faith is filled with martyrdoms. To eradicate tyranny, to protect righteousness (Dharma), and to safeguard the nation, Sikhs have continuously sacrificed their lives. The fifth sovereign of the Sikh Panth, Guru Arjan Dev Ji, was the king of martyrs and a beacon of peace. Remembering his martyrdom makes the soul tremble. Yet, my Guru, who was the very embodiment of the Divine, remained peaceful and absorbed in the meditation of the Almighty even while sitting upon a scorching hot iron plate.

Born on May 15, 1563, in Goindwal, the fifth Guru, Arjan Dev Ji, was the son of the fourth Guru, Ram Das Ji, and Mata Bhani. Among his two brothers, Prithi Chand and Sri Mahadev, Guru Arjan Dev Ji was the most peaceful and humble. Seeing his devotion and love for the faith, he was bestowed with the Guruship at the young age of 18. Upon ascending the throne, along with propagating the faith, he began to fulfill the noble works initiated by Guru Ram Das Ji. To strengthen the foundation of Sikhism, Guru Arjan Dev Ji had the foundation stone of Sri Harmandir Sahib laid by the Muslim saint, Mian Mir Ji. The intent behind having doors on all four sides of Sri Harmandir Sahib was to give equal respect to all religions.

**Pritpal Kaur Preet**
**CEO, Preetnama Media Group**

The unique teachings of the Guru Granth Sahib were impacting people of all faiths, which the fanatic fundamentalists could not tolerate. The Mughal Emperor Akbar had good relations with the Guru, but after Akbar's passing, when his son Jahangir ascended the throne, adversaries began to poison his ears against the Guru. The jealousy of Chandu added fuel to the fire, as the Guru had refused a marriage proposal from Chandu's daughter for Guru Hargobind Sahib. Jahangir asked the Guru to include some words in the Guru Granth Sahib in praise of Prophet Muhammad, to which the Guru refused.

Enraged, Jahangir ordered the execution of Guru Arjan Dev Ji. The cruel Chandu, seeking to settle his personal vendetta, made the Guru sit on a red-hot iron plate and had hot sand poured over his body. The heat from the fire burning beneath the plate and the scorching sand on his bare skin—the mere thought of it makes the soul tremble. Yet, my sovereign remained unshaken, immersed in meditation, enduring the cruelty.

The tyrants did not stop there; thereafter, the Guru was made to sit in a boiling cauldron. However, my sovereign, chanting "Tera bhana meetha lage" (Your will is sweet to me), attained martyrdom. On the sixth day, May 30, 1606*, the tyrants cast the Guru's sacred body into the Ravi River. This place is in Pakistan and is known as Dehra Sahib. My sovereign remained peaceful while enduring the torture and attained martyrdom.

Remembering his sacrifice not only brings tears to the eyes but makes the soul tremble. Through this martyrdom, my sovereign taught us that one should never support falsehood and must accept God's will under all circumstances. The Gurbani composed by him—Sukhmani Sahib, Barahmaha, and the Vars—continues to guide our path today. To the embodiment of peace, the protector of Dharma, and the King of Martyrs who achieved a peerless martyrdom, I, Pritpal Kaur Preet, offer my million-fold pranams at his lotus feet. May the True Sovereign bless everyone with strength, wisdom, patience, and contentment.

Seeking forgiveness for any mistakes,

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358 | Website: www.preetnama.com Email preetnamausa@gmail.com | 19 JUNE TO 25 JUNE, 2026


# 52nd G-7 Summit, France, June 15-17, 2026-What could a potential Modi-Trump meeting change?-

## Trade, H-1B visas, tariffs, and new strategic partnership dynamics?

Gondia-Globally, the possibility of a possible bilateral meeting between the Prime Minister of India and the President of the United States is being considered strong during the 52nd G-7 Summit, scheduled to be held in Évian-les-Bains, France, on June 15-17. Although formal confirmation from both countries has not yet been made, Indian and international media reports suggest that issues such as trade, visa policy, energy cooperation, and strategic partnership may be central to the meeting. India-US relations have steadily strengthened over the past two decades, but 2026 appears to mark a new turning point. While the two countries are advancing defense, technology, Indo-Pacific security, and supply chain cooperation, differences have emerged over tariffs, trade imbalances, and immigration policies. At this juncture, if Modi and Trump meet, it will not only be a formal diplomatic meeting but also a dialogue that could shape the course of India-US relations for years to come. I, Advocate Kishan Sanmukhdas Bhawnani, Gondia, Maharashtra, believe that the most important issue in the current circumstances is the India-US trade agreement. Extensive trade negotiations have been underway between the two countries for the past year and a half, and the Indian Commerce Ministry has indicated that the first phase of a bilateral trade agreement could be finalized by July 2026. India aims to obtain more favorable and competitive tariff rates for its products in the US market, while the US wants greater access to US goods and services in the Indian market.

Friends, the biggest challenge in India-US trade is US tariff policy. Recently, the US proposed imposing additional tariffs ranging from 10% to 12.5% ??on imports from several countries, including India. The US administration argues that this move is necessary due to issues related to labor standards and trade imbalances. India has rejected these allegations, stating that a solution should be found through dialogue. If positive discussions occur between Modi and Trump during the G-7 summit, there is a possibility of relief from these proposed tariffs. This issue is also important for India because the US is its largest export market. Indian companies in the sectors of textiles, pharmaceuticals, engineering products, chemicals, and information technology services are heavily




dependent on the US market. The imposition of additional tariffs could impact the competitiveness of Indian exporters. Therefore, New Delhi's priority will be to ensure the protection of Indian industry's interests in any potential trade agreement.

Friends, another important issue is the H-1B visa. This issue is extremely sensitive for the millions of Indian professionals working in the US and the IT industry. The Trump administration's hints of tightening visa rules have raised concerns among Indian IT companies and technology experts. Reports suggest that Prime Minister Modi may raise this issue directly with the US President. The Indian side argues that Indian professionals make a significant contribution to the US economy, innovation, and technological development, and therefore, making the H-1B visa regime overly restrictive would not be in the interests of both countries. The H-1B is not just a matter of employment, but also a cornerstone of India-US technology relations. Thousands of Indian engineers and technology experts are employed in major US technology companies. Cooperation between the two countries is growing steadily in areas such as artificial intelligence, cloud computing, cybersecurity, and semiconductors. Maintaining stability in the visa regime is also strategically important.

Friends, energy cooperation is also considered a key topic of potential negotiations. The United States has already become a significant source of oil and gas for India. Reports suggest the two leaders may also discuss energy supplies, global energy security, and potentially opportunities for energy cooperation involving Venezuela. At a time when global energy markets are affected by geopolitical tensions, India is pursuing a strategy to diversify its energy sources. Strategically, cooperation in the Indo-Pacific region could also be an important aspect of this meeting. China's growing influence, maritime security, competition in the supply of critical minerals, and emerging technologies have brought India and the United States closer together. The Trump administration has also been emphasizing a policy of reducing dependence on China and strengthening alternative supply chains. In this context, India emerges as a natural partner.

Friends, however, some political sensitivities also exist in the relationship. India has not publicly accepted some of Trump's past claims regarding India- Pakistan tensions. Furthermore, trade disputes and tariff differences have also created discomfort between the two countries. Nevertheless, high-level contacts and diplomatic dialogue in recent months have significantly improved the atmosphere. The US Secretary of State's visit to India and frequent talks between officials from both countries have indicated a willingness on both sides to resolve differences through dialogue. The personal relationship between Modi and Trump has also been a topic of discussion. The two leaders have publicly praised each other several times during their previous tenures. Trump recently called Modi his "good friend" and expressed optimism about a trade deal with India. Personal equations are not always decisive in international politics, but they can certainly help ease difficult negotiations.

Friends, if this meeting is successful, its results could be visible on many levels. First, there could be momentum towards finalizing the first phase of the trade agreement. Second, there could be some positive signs on visa issues related to Indian professionals. Third, energy and technology cooperation could gain new direction. Fourth, the strategic partnership in the Indo-Pacific region could become stronger. Conversely, if agreement is not reached on tariff and trade disputes, the potential for tensions in relations could persist.

So, if we study and analyze the above details, we will find that the G-7 Summit 2026 is not only a platform for discussing global economic and political issues, but also an opportunity for India and the United States to redefine their bilateral relationship. A potential Modi-Trump meeting could clarify how the two countries will balance cooperation, competition, and strategic partnership in the coming years. Current indications suggest that both sides want to move forward on the path of dialogue and cooperation despite differences. Therefore, this meeting could not only be a meeting between two leaders, but also an indicator of the future of one of the most important democratic partnerships of the 21st century.


**-Compiled by Author-Tax Expert Columnist Literary International Writer Thinker Poet sang Sangeet Madhyma CA (ATC) Advocate Kishan Sanmukhdas Bhawnani Gondia Maharashtra 9284141425**

# ਪੰਜਾਬੀ ਗਾਇਕੀ ਦੇ ਇਤਿਹਾਸ ਦਾ ਇੱਕ ਕੌੜਾ ਪੰਨਾ

## ਜ਼ਿੰਦਗੀ ਦੇ ਪਿਛਲੇ ਪੜਾਅ ਤੇ ਗੁਰਬਤ ਭਰੀ ਜ਼ਿੰਦਗੀ ਜਿਉਣ ਲਈ ਕਿਉਂ ਮਜਬੂਰ ਹੋ ਜਾਂਦੇ ਨੇ ਬਹੁਤੇ ਪੰਜਾਬੀ ਗਾਇਕ

ਮਨਜਿੰਦਰ ਸਿੰਘ ਸਰੌਦ
9463463136

– ਲੰਘੇ ਸਮੇਂ ਪੰਜਾਬ ਅੰਦਰ ਅੱਸੀ ਵੇਂ ਦਹਾਕੇ ਤੋਂ ਲੈ ਕੇ ਲਗਪਗ 20 ਸਾਲ ਦਾ ਸੰਗੀਤਕ ਸਮਾਂ ਪੰਜਾਬੀ ਗਾਇਕੀ ਦੀ ਉਸ ਜੋੜੀ ਦੇ ਨਾਮ ਰਿਹਾ ਜਿਸ ਦੀ ਹਾਜ਼ਰੀ ਤੋਂ ਬਿਨਾਂ ਵਿਆਹ ਵੀ ਅਧੂਰੇ ਮੰਨੇ ਜਾਂਦੇ ਸਨ । ਪੰਜਾਬ ਦੀ ਪ੍ਰਸਿੱਧ ਅਤੇ ਮੰਨੀ ਪ੍ਰਮੰਨੀ ਦੋਗਾਣਾ ਜੋੜੀ ਸਵਰਗੀ ਮਨਜੀਤ ਰਾਹੀ ਤੇ ਬੀਬਾ ਦਲਜੀਤ ਕੌਰ ਜਿਸ ਨੇ 2 ਦਹਾਕੇ ਆਪਣੇ ਚਾਹੁਣ ਵਾਲਿਆਂ ਦੇ ਦਿਲਾਂ ਤੇ ਰਾਜ ਕੀਤਾ । ਇਸ ਦੋਗਾਣਾ ਜੋੜੀ ਦੀ ਆਵਾਜ਼ 'ਚ ਰਿਕਾਰਡ ਹੋਏ ਗੀਤ 'ਕੈਂਠੇ ਵਾਲਾ ਬਾਈ ਤੇਰਾ ਕੀ ਲੱਗਦਾ' ਨੇ ਪੰਜਾਬੀ ਸੰਗੀਤ ਇੰਡਸਟਰੀ ਵਿੱਚ ਤਰਥੱਲੀ ਮਚਾ ਦਿੱਤੀ ਸੀ । ਇਸ ਤੋਂ ਇਲਾਵਾ 'ਜੰਨ ਸੋਫ਼ੀਆਂ ਦੀ ਹੋਵੇ' ਅਤੇ 'ਜੇਠ ਨੂੰ ਵੀਰ ਜੀ ਕਹਿਣਾ' ਤੋਂ ਇਲਾਵਾ 'ਜੇ ਇਸ ਜਨਮ ਵਿੱਚ ਵੀ ਨਾ ਮਿਲਿਆ' ਆਦਿ ਗੀਤ ਸਨ ਜੋ ਇਸ ਜੋੜ ?ੀ ਦੀ ਆਵਾਜ਼ 'ਚ ਰਿਕਾਰਡ ਹੋ ਕੇ ਲੋਕ ਚੇਤਿਆਂ ਦਾ ਸ਼ਿੰਗਾਰ ਬਣੇ ਸਨ । ਇਸ ਜੋੜੀ ਨੇ ਜਿੱਥੇ ਲੰਮਾ ਸਮਾਂ ਪੰਜਾਬੀ ਸੰਗੀਤ ਇੰਡਸਟਰੀ ਵਿੱਚ ਆਪਣੀ ਧਾਂਕ ਜਮਾਈ ਰੱਖੀ ਉੱਥੇ ਹੀ ਬਹੁਤੇ ਲੋਕ ਉਨ੍ਹਾਂ ਭਲੇ ਵੇਲਿਆਂ ਵਿੱਚ ਅਜਿਹੇ ਵੀ ਸਨ ਜੋ ਇਸ ਜੋੜੀ ਤੋਂ ਪ੍ਰੋਗਰਾਮ ਦੀ ਤਰੀਕ ਲੈਣ ਤੋਂ ਬਾਅਦ ਆਪਣੇ ਪ੍ਰੋਗਰਾਮ ਉਲੀਕਦੇ ਸਨ । ਇਹ ਸਮਾਂ ਕਿਸੇ ਵੀ ਕਲਾਕਾਰ ਲਈ ਸੰਜੀਵਨੀ ਬੂਟੀ ਤੋਂ ਘੱਟ ਨਹੀਂ ਹੁੰਦਾ । ਅਫ਼ਸੋਸ ਇਹ ਅਲਬੇਲਾ ਕਲਾਕਾਰ ਸਾਡੇ ਤੋਂ ਵਿਛੜ ਚੁੱਕਿਆ ਹੈ ।

ਮੈਂ ਆਪਣੀ ਜ਼ਿੰਦਗੀ ਦੇ ਬਤੌਰ ਲੇਖਕ ਲਗਪਗ ਬਾਈ ਵਰ੍ਹੇ ਕਲਾਕਾਰਾਂ ਬਾਰੇ ਖੁੱਲ੍ਹ ਕੇ ਲਿਖਿਆ । ਉਸੇ ਦੌਰਾਨ ਮੈਂ ਵੇਖਿਆ ਕਿ ਮਨਜੀਤ ਰਾਹੀ ਅਤੇ ਦਲਜੀਤ ਕੌਰ ਦਾ ਪੰਜਾਬੀ ਗਾਇਕੀ ਦੇ ਖੇਤਰ ਅੰਦਰ ਇੱਕ ਵੱਖਰਾ ਤੇ ਅਹਿਮ ਸਥਾਨ ਸੀ । ਪਰ ਕੁਦਰਤੀ ਤੌਰ ਤੇ ਪਰਿਵਾਰ ਵਿਚ ਆਈਆਂ ਤਰੇੜਾਂ ਸਦਕਾ ਇਹ ਮਸ਼ਹੂਰ ਜੋੜੀ ਅੱਜ ਤੋਂ ਕਈ ਵਰ੍ਹੇ ਪਹਿਲਾਂ ਇੱਕ ਦੂਜੇ ਤੋਂ ਅਲੱਗ ਹੋ ਗਈ । ਖ਼ੈਰ ਇਹ ਉਨ੍ਹਾਂ ਦਾ ਪਰਿਵਾਰਕ ਮਸਲਾ ਸੀ ਪਰ ਪੰਜਾਬੀ ਗਾਇਕੀ ਦਾ ਇਤਿਹਾਸ ਇਹੀ ਰਿਹੈ ਕਿ ਬਹੁਤੇ ਕਲਾਕਾਰ ਆਪਣੀ ਉਮਰ ਦੇ ਪਿਛਲੇ ਪੜਾਅ ਵਿੱਚ ਆ ਕੇ ਗੁ... ਜਿਉਣ ਲਈ ਮਜਬੂਰ ਕਿਉਂ ਹੁੰਦੇ ਨੇ ... ਹਾਲ ਵੀ ਵੇਖਿਆ ਅਤੇ ਹਾਕਮ ਸੂਫ਼ੀ ... ਭਰਾ ਨਛੱਤਰ ਸੂਫ਼ੀ ਨੇ ਵੀ ਜ਼ਿੰਦਗੀ ਦੀਆਂ ਸੱਧਰਾਂ ਨੂੰ ਅਧੂਰੀਆਂ ਰੱਖ ਕੇ ਗ਼ਰੀਬੀ ਦਾਅਵੇ ਵਿੱਚ ਦਮ ਤੋੜਿਆ ਸੀ । ਮਨਜੀਤ ਰਾਹੀ ਵੀ ਸਮੇਂ ਤੋਂ ਪਹਿਲਾਂ ਬਜ਼ੁਰਗ ਹੋ ਕੇ ਅਮਲੋਹ ਸ਼ਹਿਰ ਲਾਗਲੇ ਪਿੰਡ ਮਾਜਰੀ ਅੰਦਰ ਇਕ ਕਮਰੇ ਵਿਚ ਆਪਣੀ ਜ਼ਿੰਦਗੀ ਦੀ ਦਿਨ-ਕਟੀ ਕਰਦਾ ਵਿਖਾਈ ਦਿੰਦਾ ਸੀ ।

?ਗੱਲ ਸਾਇਦ ਅਠਾਈ , ਤੀਹ ਕੁ ਵਰ੍ਹੇ ਪੁਰਾਣੀ ਹੋਵੇਗੀ ਜਦੋਂ ਮਨਜੀਤ ਰਾਹੀ ਤੇ ਦਲਜੀਤ ਕੌਰ ਦੀ ਜੋੜੀ ਨੇ ਮੇਰੇ ਪਿੰਡ ਸਰੌਦ ਵਿਖੇ ਆ ਕੇ ਗੀਤਾਂ ਦਾ ਚੰਗਾ ਰੰਗ ਬੰਨ੍ਹ ?ਆ ਸੀ ਉਦੋਂ ਇਹ ਜੋੜੀ ਲਾਲ ਰੰਗ ਦੀ ਅਸਟੀਮ ਕਾਰ ਵਿੱਚ ਪਹੁੰਚੀ ਸੀ । ਇਸ ਦੋਗਾਣਾ ਜੋੜੀ ਦੇ ਨਾਲ ਪਿੰਡ ਮੰਨਵੀ ਦੇ ਖੇਡ ਮੇਲੇ ਤੇ ਵਾਪਰੀ ਘਟਨਾ ਅੱਜ ਵੀ ਮੇਰੇ ਜ਼ਿਹਨ ਤੇ ਤੈਰਨ ਲੱਗਦੀ ਹੈ । ਜਦ ਮੈਂ ਆਪ ਖੁਦ ਇਸ ਦੋਗਾਣਾ ਜੋੜੀ ਦਾ ਪ੍ਰੋਗਰਾਮ ਸੁਣਿਆ ਸੀ । ਖੈਰ ਸਮਾਂ ਕਦੋਂ ਕਿਸੇ ਤੇ ਭਾਰੀ ਪੈ ਜਾਵੇ ਕੁਝ ਨਹੀਂ ਕਿਹਾ ਜਾ ਸਕਦਾ । ਬਹੁਤ ਸਾਰੇ ਪੰਜਾਬੀ ਕਲਾਕਾਰਾਂ ਨੂੰ ਸਮੇਂ ਦੀ ਚਕਾਚੌਂਧ ਨੇ ਅਜਿਹਾ ਲਪੇਟਾ ਮਾਰਿਆ ਕਿ ਉਹ ਮੁੜ ਸੰਭਲ ਨਾ ਸਕੇ । ਬਹੁਤੇ ਲੋਕ ਵਿਆਹ ਸ਼ਾਦੀਆਂ ਜਾਂ ਕਬੱਡੀ ਦੇ ਖੇਡ ਟੂਰਨਾਮੈਂਟਾਂ ਸਮੇਂ ਸਾਈਕਲ ਤੇ ਇਨ੍ਹਾਂ ਕਲਾਕਾਰਾਂ ਦੇ ਅਖਾੜਿਆਂ ਨੂੰ ਸੁਣਨ ਜਾਂਦੇ ਹੁੰਦੇ ਸੀ । ... ਨਾਲ ਲੰਬਾ ਸਮਾਂ ਆਪਣੀ ਜ਼ਿੰਦਗੀ ...ਲੀ ਉਸ ਦੀ ਸਾਥਣ ਦਲਜੀਤ ਕੌਰ ਦੀ ... ਵੱਲੋਂ ਇਕ ਟੀਵੀ ਇੰਟਰਵਿਊ ਦੌਰਾਨ ਕਹੀਆਂ ਗੱਲਾਂ ਦੇ ਅਰਥ ਬਹੁਤ ਵੱਡੇ ਨੇ ਕਿ ਕਿਵੇਂ ਇਹ ਕਲਾਕਾਰ ਲੋਕ ਸ਼ੋਹਰਤ ਮੌਕੇ ਆਪਣਿਆਂ ਨੂੰ ਭੁੱਲ ਜਾਂਦੇ ਨੇ । ਲੰਘਿਆ ਸਮਾਂ ਮਨਜੀਤ ਰਾਹੀ ਅਤੇ ਦਲਜੀਤ ਕੌਰ ਦੇ ਪਰਿਵਾਰ ਤੇ ਕਾਫ਼ੀ ਭਾਰੀ ਰਿਹਾ । ਪਰਿਵਾਰਕ ਗੱਲਾਂ ਬਾਤਾਂ ਤੋਂ ਪਰ੍ਹੇ ਹੋ ਕੇ ਸੋਚੀਏ ਤਾਂ ਇੱਕ ਕਲਾਕਾਰ ਦੇ ਜੀਵਨ ਤੇ ਬੀਤ ਰਹੀ ਇਹ ਭਾਵੀ ਬਹੁਤ ਬੇਹੱਦ ਦੁਖਦਾਇਕ ਹੁੰਦੀ । ਇਹ ਵੀ ਸੱਚ ਹੀ ਹੈ ਕਿ ਇਸ ਦੋਗਾਣਾ ਜੋੜੀ ਦੇ ਗੀਤ ਅਸ਼ਲੀਲਤਾ ਤੋਂ ਦੂਰ ਸਨ ।

? ਸਿਆਣੇ ਆਖਦੇ ਨੇ ਕਿ ਹਰ ਇਨਸਾਨ ਨੂੰ ਜਦੋਂ ਉਸ ਦੇ ਸਿਰ ਤੇ ਮਾਲਕ ਦਾ ਹੱਥ ਹੋਵੇ ਅਤੇ ਉਸ ਦੀ ਤੂਤੀ ਬੋਲ ਰਹੀ ਹੋਵੇ ਤਾਂ ਆਪਣਿਆਂ ਨੂੰ ਭੁੱਲਣਾ ਨਹੀਂ ਚਾਹੀਦਾ । ਅਸੀਂ ਬਹੁਤ ਸਾਰੇ ਕਲਾਕਾਰਾਂ ਦੀਆਂ ਮੁਲਾਕਾਤਾਂ ਕਰੀਆਂ ਅਤੇ ਉਨ੍ਹਾਂ ਦੇ ਪਿਛਲੇ ਸਮੇਂ ਤੇ ਝਾਤੀ ਮਾਰ ਕੇ ਵੇਖਿਆ ਤਾਂ ਜੋ ਕੁੱਝ ਉਨ੍ਹਾਂ ਫਨਕਾਰਾਂ ਦੇ ਹਿੱਸੇ ਆਇਆ ਉਹ ਇੱਕ ਕਲਾਕਾਰ ਦੇ ਲਈ ਚੰਗਾ ਨਹੀਂ ਆਖਿਆ ਜਾਵੇਗਾ । ਕਿਉਂਕਿ ਕਲਾਕਾਰ ਸਮਾਜ ਦਾ ਸ਼ੀਸ਼ਾ ਹੁੰਦੇ ਨੇ ਜੇਕਰ ਸ਼ੀਸ਼ਾ ਹੀ ਧੁੰਦਲਾ ਪੈ ਜਾਵੇ ਤਾਂ ਉਸ ਨੂੰ ਆਦਰਸ਼ ਮੰਨ ਕੇ ਆਪਣਾ ਚਿਹਰਾ ਵੇਖਣ ਵਾਲੇ ਕਿਸ ਤਰ੍ਹਾਂ ਦੇ ਹੋਣਗੇ ਕਹਿਣ ਦੀ ਲੋੜ ਨਹੀਂ । ਖੈਰ ਪੰਜਾਬੀ ਗਾਇਕੀ ਦੇ ਇਤਿਹਾਸ ਦਾ ਇੱਕ ਕੌੜਾ ਸੱਚ ਹੈ । ਇੱਥੇ ਵੱਡੇ-ਵੱਡੇ ਕਲਾਕਾਰਾਂ ਦੇ ਪੈਰ ਸਮੇਂ ਨੇ ਧਰਤੀ ਨਾਲੋਂ ਨਖੇੜ ਦਿੱਤੇ । ਕਹਿੰਦੇ ਨੇ ਕੁਦਰਤ ਜਿਸ ਵੀ ਇਨਸਾਨ ਤੇ ਕਹਿਰਵਾਨ ਹੋ ਕੇ ਬਰਸਦੀ ਹੈ ਤਾਂ ਪਿੱਛੇ ਬਚਦਾ ਵੀ ਕੁਝ ਨਹੀਂ ।

ਕਦੇ ਵੱਡੀਆਂ ਗੱਡੀਆਂ ਅਤੇ ਆਲੀਸ਼ਾਨ ਬੰਗਲਿਆਂ ਦਾ ਮਾਲਕ ਮਨਜੀਤ ਰਾਹੀ ਜਿਸ ਨੇ ਪੂਰੇ ਭਾਰਤ ਤੋਂ ਇਲਾਵਾ ਅਮਰੀਕਾ ਕੈਨੇਡਾ ਵਿੱਚ ਜਾ ਕੇ ਆਪਣੀ ਗਾਇਕੀ ਦਾ ਜਾਦੂ ਬਿਖੇਰਿਆ ਹੋਵੇ ਉਸ ਨੇ ਕਿਸ ਕਦਰ ਇੱਕ ਕਮਰੇ ਨੁਮਾ ਘਰ ਨੂੰ ਆਪਣੀ ਜ਼ਿੰਦਗੀ ਦਾ ਆਖ਼ਰੀ ਪੜਾਅ ਮੰਨ ਕੇ ਵਕਤ ਲੰਘਾਇਆ । ਸੋਚਣਾ ਤਾਂ ਬਣਦੈ ਕਿ ਜਿਸ ਫ਼ਨਕਾਰ ਦੇ ਗੀਤਾਂ ਨੂੰ ਉਸ ਦੇ ਚਾਹੁਣ ਵਾਲਿਆਂ ਨੇ ਕਿਸੇ ਸੱਜਣ ਦੇ ਗਹਿਣੇ ਵਾਂਗਰਾਂ ਦਿਲ ਦੇ ਕੋਨੇ ਅੰਦਰ ਸਾਂਭ ਕੇ ਰੱਖਿਆ ਹੋਵੇ , ਉਸ ਫ਼ਨਕਾਰ ਦੇ ਮੰਦੜੇ ਹਾਲ ਤੇ ਚੀਸ ਤਾਂ ਉੱਠਣੀ ਲਾਜ਼ਮੀ ਹੈ ।

# ਖੁਸ਼ਨੁਮਾ ਜ਼ਿੰਦਗੀ ....( ਭਾਗ 2 )

ਮਾਸਟਰ ਸੰਜੀਵ ਧਰਮਾਣੀ
9478561356

1. ਪਰਾਈ ਇਸਤਰੀ ਜਾਂ ਪਰਾਏ ਮਰਦ ਨੂੰ ਕਦੇ ਵੀ ਅਪਣਾਉਣ / ਪ੍ਰਾਪਤ ਕਰਨ ਦੀ ਚਾਹਤ ਨਹੀਂ ਰੱਖਣੀ ਚਾਹੀਦੀ। ਇਹ ਬਰਬਾਦੀ , ਤਬਾਹੀ ਤੇ ਪਤਨ ਦਾ ਬਹੁਤ ਸੌਖਾ ਕਾਰਨ ਹੁੰਦਾ ਹੈ। ਪਰਾਏ ਤਨ ਨੂੰ ਬੇਗਾਨਾ ਹੀ ਸਮਝਣਾ ਚਾਹੀਦਾ ਹੈ ਤੇ ਉਸ ਪ੍ਰਤੀ ਭੁੱਲ ਕੇ ਵੀ ਗਲਤ ਭਾਵਨਾ ਤੇ ਚਾਹਤ ਨਾ ਰੱਖੋ। ਜੋ ਇਸ ਸਿਧਾਂਤ 'ਤੇ ਅਡੋਲ ਖੜ੍ਹਾ ਰਿਹਾ ; ਉਹ ਸਦਾ ਸਕੂਨ ਤੇ ਸ਼ਾਂਤੀ ਨਾਲ ? ਰਿਹਾ।
2. ਕਿਸੇ ਦੀ ਵਿਰੋਧਤਾ , ਮੁਖਾਲਫਤ ਜਾਂ ਨਕਾਰਾਤਮਕ ਵਿਚਾਰਾਂ ਤੋਂ ਘਬਰਾ ਕੇ ਕਦੇ ਵੀ ਆਪਣਾ ਸਹੀ ਰਸਤਾ , ਸਹੀ ਕੰਮ , ਸਹੀ ਕੋਸ਼ਿਸ਼ ਅਤੇ ਪਰਉਪਕਾਰੀ ਕੰਮ ਬੰਦ ਨਾ ਕਰੋ ; ਭਾਵੇਂ ਦੁਨੀਆ ਕਿੰਨੀ ਵੀ ਉਸਦੀ ਵਿਰੋਧਤਾ ਕਰੇ ਜਾਂ ਮੁਖਾਲਫਤ ਕਰੇ।
3. ਦੁਨੀਆ ਵਿੱਚ ਤੇ ਸਮਾਜ ਵਿੱਚ ਜੇਕਰ ਤੁਸੀਂ ਕੋਈ ਵੀ ਸੁਧਾਰ ਲਿਆਉਣਾ ਚਾਹੁੰਦੇ ਹੋ ਤਾਂ ਸੁਧਾਰ ਆਪਣੇ ਆਪ ਤੋਂ ਲਿਆਓ ; ਦੁਨੀਆਂ ਵਿੱਚ ਆਪਣੇ ਆਪ ਸੁਧਾਰ ਆ ਜਾਵੇਗਾ।
4. ਦਾਨ , ਦਿਖਾਵਾ ਅਤੇ ਨਿਸ਼ਕਾਮ – ਸੇਵਾ ਇਹ ਤਿੰਨੋਂ ਵੱਖਰੇ – ਵੱਖਰੇ ਸ਼ਬਦ ਅਤੇ ਵਿਸ਼ੇ ਹਨ ਅਤੇ ਇਹਨਾਂ ਤਿੰਨਾਂ ਵਿੱਚ ਬਹੁਤ ਫਰਕ ਹੁੰਦਾ ਹੈ। ਹਰ ਕੋਈ ਇਸ ਫਰਕ ਨੂੰ ਜਲਦੀ ਸਮਝ ਨਹੀਂ ਸਕਦਾ। ਬਹੁਤ ਗਹਿਰਾਈ ਨਾਲ ? ਜਾਣ ਕੇ ਹੀ ਇਸ ਫਰਕ ਨੂੰ ਸਮਝਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ।
5. ਧਰਤੀ ਸਾਡੀ ਮਾਤਾ ਹੈ। ਇਹ ਸਾਡੀ ਜੀਵਨਦਾਤਾ ਹੈ। ਇਸ ਨੂੰ ਸ਼ੁੱਧ , ਸਾਫ , ਪਵਿੱਤਰ , ਹਰਾ – ਭਰਾ ਰੱਖਣਾ ਅਤੇ ਇਸ ਦੇ ਹਰ ਜੀਵ – ਜੰਤੂ ਤੇ ਪੰਛੀ – ਪਰਿੰਦੇ ਦੇ ਜੀਵਨ ਨੂੰ ਮਹੱਤਤਾ ਦੇਣੀ ਸਾਡਾ ਸਭ ਦਾ ਫਰਜ਼ ਹੈ।
6. ਕੁਦਰਤ ਦੀ , ਇਨਸਾਨੀਅਤ ਦੀ ਤੇ ਜੀਵ – ਜੰਤੂ ... ਦਿੰਦੀ ਹੈ , ਨੈਤਿਕਤਾ ਪੈਦਾ ਕਰਦੀ ਹੈ , ਹਲੀਮੀ ... ਭਾਵਨਾ ਵੀ ਸਾਡੇ ਅੰਦਰ ਲਿਆਉਂਦੀ ਹੈ। ਨਿਸ਼... ਅਤੇ ਸਭ ਦੇ ਭਲੇ ਲਈ ਹੁੰਦੀ ਹੈ। ਦਾਨ ਤੇ ਦਿਖਾਵਾ ਕੁਝ ਸਮੇਂ ਲਈ ਹੁੰਦਾ ਹੈ ਤੇ ਅਸਥਾਈ ਹੁੰਦਾ ਹੈ।
7. ਇਨਸਾਨ ਵੱਲੋਂ ਕੀਤੇ ਗਏ ਚੰਗੇ ਕਰਮ ਹੀ ਉਸਦੇ ਚੰਗੇ ਹੋਣ ਦੀ ਗਵਾਹੀ ਦਿੰਦੇ ਹਨ ; ਨਾ ਕਿ ਉਸ ਵੱਲੋਂ ਕੀਤੀਆਂ ਗਈਆਂ ਵੱਡੀਆਂ – ਵੱਡੀਆਂ ਤੇ ਚੰਗੀਆਂ ਗੱਲਾਂ। ਚੰਗੀਆਂ ਗੱਲਾਂ ਕਰਨ ਨਾਲ਼ੋਂ ਚੰਗੇ ਕਰਮ ਕਰਨੇ ਉੱਤਮ ਹੁੰਦੇ ਹਨ।
8. ਆਪਣੇ ਮਾਤਾ – ਪਿਤਾ ਦੀ ਸੇਵਾ ਨੂੰ ਹਮੇਸ਼ਾ ਪਹਿਲ ਦੇਣੀ ਚਾਹੀਦੀ ਹੈ। ਮਾਤਾ – ਪਿਤਾ ਦਾ ਦਰਜਾ ਪਰਮਾਤਮਾ ਤੋਂ ਵੀ ਉੱਪਰ ਹੈ। ਜੋ ਇਨਸਾਨ ਆਪਣੇ ਮਾਤਾ – ਪਿਤਾ ਦੀ ਸੇਵਾ ਤੋਂ ਵਿਮੁੱਖ ਹੋ ਜਾਂਦਾ ਹੈ , ਉਹ ਜੀਵਨ ਵਿੱਚ ਕਦੇ ਵੀ ਸੁਖੀ ਨਹੀਂ ਰਹਿ ਸਕਦਾ।
9. ਰੋਟੀ ਭਾਵੇਂ ਘੱਟ ਮਿਲ਼ ਜਾਏ ਜਾਂ ਲੂਣ ਨਾਲ ? ਹੀ ਖਾਣੀ ਪਵੇ , ਪਰ ਕਦੇ ਵੀ ਨਸ਼ੇ ਨਹੀਂ ਕਰਨੇ ਚਾਹੀਦੇ ਅਤੇ ਮਾੜੀ ਸੰਗਤ ਵਿੱਚ ਨਹੀਂ ਪੈਣਾ ਚਾਹੀਦਾ।
10. ਆਪਣੀ ਨੇਕ ਕਮਾਈ ਵਿੱਚੋਂ ਦਸਵੰਧ/ ਦਸ਼ਾਂਸ਼ ਜਰੂਰ ਕੱਢਣਾ ਚਾਹੀਦਾ ਹੈ ਅਤੇ ਇਸ ਨੂੰ ਪਰਉਪਕਾਰ , ਕੁਦਰਤ , ਮਾਨਵਤਾ ਅਤੇ ਵਾਤਾਵਰਨ ਦੀ ਭਲਾਈ ਲਈ ਲਗਾ ਦੇਣਾ ਚਾਹੀਦਾ ਹੈ। ਦਸਵੰਧ ਸਾਡੀ ਨੇਕ ਕਮਾਈ ਵਿੱਚ ਬਰਕਤ ਪਾਉਂਦਾ ਹੈ।
11. ਸਮਾਨ ਖਰੀਦਣ ਤੋਂ ਬਾਅਦ ਹੀ ਬਣਦੀ ਰਕਮ ਦਾ ਭੁਗਤਾਨ ਕਰਨਾ ਚਾਹੀਦਾ ਹੈ।
12. ਜੇਕਰ ਤੁਹਾਡੇ ਬੱਚਿਆਂ ਦੇ ਵਿੱਚ ਨੈਤਿਕਤਾ , ਪਰਉਪਕਾਰ ਅਤੇ ਇਨਸਾਨੀਅਤ ਦੀ ਭਾਵਨਾ ਹੈ ਅਤੇ ਉਹ ਚੰਗੇ ਕਰਮ ਕਰਨ ਨੂੰ ਤਰਜੀਹ ਦਿੰਦੇ ਹਨ ਤਾਂ ਸਮਝੋ ਕਿ ਤੁਸੀਂ ਇੱਕ ਚੰਗੇ ਮਾਤਾ – ਪਿਤਾ ਅਤੇ ਇੱਕ ਚੰਗੇ ਅਧਿਆਪਕ ਹੋ ; ਕਿਉਂਕਿ ਇਨਸਾਨੀਅਤ ਅਤੇ ਪਰਉਪਕਾਰ ਦੀ ਭਾਵਨਾ ਅਤੇ ਕੰਮਾਂ ਤੋਂ ਬਿਨਾਂ ਜੀਵਨ ਨਿਰਾਰਥਕ ਹੈ।
13. ਧਨ , ਦੌਲਤ , ਸੋਨਾ , ਚਾਂਦੀ , ਹੀਰੇ – ਮੋਤੀ , ਪਲਾਟ , ਜਮੀਨ – ਜਾਇਦਾਦ , ਕੋਠੀਆਂ – ਕਾਰਾਂ , ਬੰਗਲੇ ਇੱਕ ਦਿਨ ਸਭ ਇੱਥੇ ਹੀ ਰਹਿ ਜਾਣਗੇ। ਇਸਲਈ ਸਾਨੂੰ ਵੱਧ ਤੋਂ ਵੱਧ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਆਪਣੀ ਸਮਰੱਥਾ ਦੇ ਅਨੁਸਾਰ ਵੱਧ ਤੋਂ ਵੱਧ ਪਰਉਪਕਾਰ , ਇਨਸਾਨੀਅਤ ਅਤੇ ਕੁਦਰਤ ਦੀ ਭਲਾਈ ਦੇ ਕੰਮ ਨਿਸ਼ਕਾਮ ਭਾਵਨਾ ਨਾਲ ? ਤਨ , ਮਨ ਤੇ ਧਨ ਨਾਲ ? ਕਰੀਏ। ਇਹੋ ਅਸਲ ਕਮਾਈ ਹੈ ਤੇ ਮਨੁੱਖਾ ਜੀਵਨ ਦਾ ਉਦੇਸ਼ ਹੈ।
14. ਆਪਣੀ ਸੰਤਾਨ ਨੂੰ ਇੰਨੀਆਂ ਸੁੱਖ – ਸਹੂਲਤਾਂ ਅਤੇ ਧਨ – ਦੌਲਤ ਕਦੇ ਵੀ ਨਾ ਦਿਓ ਕਿ ਉਹ ਆਲਸੀ ਅਤੇ ਨਿਕੰਮੇ ਬਣ ਜਾਣ। ਬਿਨਾਂ ਸੰਘਰਸ਼ ਤੋਂ ਮਿਲੀ ਧਨ – ਦੌਲਤ ਦੀ ਕੋਈ ਕਦਰ ਨਹੀਂ ਕਰਦਾ।
15. ਜੇਕਰ ਤੁਸੀਂ ਸਹੀ ਰਸਤੇ 'ਤੇ ਹੋ ਤਾਂ ਕਦੇ ਵੀ ਇਸ ਗੱਲ ਦੀ ਪਰਵਾਹ ਨਾ ਕਰੋ ਕਿ ਦੁਨੀਆ ਕੀ ਕਹੇਗੀ ? ਜਾਂ ਲੋਕ ਕੀ ਸੋਚਣਗੇ ? ਇਹਨਾਂ ਗੱਲਾਂ ਵਿੱਚ ਧਿਆਨ ਦੇਣ ਵਾਲਾ ਜਿੰਦਗੀ ਵਿੱਚ ਕਦੇ ਕਾਮਯਾਬ ਨਹੀਂ ਹੁੰਦਾ। ਅਜਿਹਾ ਸੋਚੇ ਬਿਨਾਂ ਅਤੇ ਲੋਕਾਂ ਦੀ ਵਿਰੋਧਤਾ ਦੇ ਬਾਵਜੂਦ ਵੀ ਜ਼ਿੰਦਗੀ ਵਿੱਚ ਸਹੀ ਮਾਰਗ 'ਤੇ ਅਗ੍ਰਸਰ ਰਹਿਣਾ ਚਾਹੀਦਾ ਹੈ ਤੇ ਆਪਣੀ ਜੀਵਨ – ਪੱਥ 'ਤੇ ਚਲਦੇ ਰਹਿਣਾ ਚਾਹੀਦਾ ਹੈ। ਤੁਹਾਡੇ ਸਫਲ਼ ਹੋਣ 'ਤੇ ਇਹੋ ਦੁਨੀਆ ਇੱਕ ਦਿਨ ਤੁਹਾਨੂੰ ਹੀ ਸਲਾਮ ਕਰੇਗੀ।

# ਰੁਲਦੇ ਬੁਢਾਪੇ




ਬਰਜਿੰਦਰ ਕੌਰ ਬਿਸਰਾਓ...
9988901324

ਆਮ ਹੀ ਲੋਕ ਕਹਿ ਦਿੰਦੇ ਹਨ ਕਿ ਬੁਢਾਪਾ ਤਾਂ ਆਪਣੇ ਆਪ ਵਿੱਚ ਇੱਕ ਰੋਗ ਹੁੰਦਾ ਹੈ। ਪਰ ਇਹੋ ਜਿਹੇ ਦਿਲ ਢਾਹੁਣ ਵਾਲੇ ਸ਼ਬਦ ਜ਼ਿੰਦਗੀ ਦਾ ਹਿੱਸਾ ਨਹੀਂ ਹੋਣੇ ਚਾਹੀਦੇ। ਜ਼ਿੰਦਗੀ ਵਿੱਚ ਆਉਣ ਵਾਲ ?ੀ ਸਭ ਤੋਂ ਕਮਜ਼ੋਰ ਅਵਸਥਾ ਬਾਰੇ ਜੇ ਪਹਿਲਾਂ ਹੀ ਇਹੋ ਜਿਹੀ ਵਿਚਾਰਧਾਰਾ ਪੈਦਾ ਕਰ ਲਵਾਂਗੇ ਤਾਂ ਫਿਰ ਉਸ ਆਉਣ ਵਾਲ ?ੀ ਬੁਢਾਪੇ ਦੀ ਅਵਸਥਾ ਨਾਲ ? ਹੱਥ ਦੋ ਚਾਰ ਕਰਨ ਦੀ ਹਿੰਮਤ ਕਿੱਥੋਂ ਆਵੇਗੀ ? ਜੇ ਕਿਤੇ ਹੁਣ ਦੇ ਹਾਲਾਤਾਂ ਤੇ ਨਜ਼ਰ ਮਾਰੀਏ ਤਾਂ ਅੱਜ ਦੇ ਬੁਢਾਪੇ ਨੂੰ ਕਮਜ਼ੋਰ ਅਵਸਥਾ ਹੋਣ ਦੇ ਨਾਲ ਨਾਲ ਹੋਰ ਵੀ ਕਈ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲਾਂ ਤਾਂ ਪਰਿਵਾਰ ਸਾਂਝੇ ਹੋਣ ਕਰਕੇ ਵੱਡੇ ਸਾਰੇ ਪਰਿਵਾਰ ਦੇ ਇੱਕ ਜਾਂ ਦੋ ਬਜ਼ੁਰਗਾਂ ਨੂੰ ਪਰਿਵਾਰ ਦੇ ਸਾਰੇ ਜੀਅ ਇੱਕ ਦੂਜੇ ਦੇ ਸਹਿਯੋਗ ਨਾਲ ਪੂਰੀ ਦੇਖ਼ ਭਾਲ ਕਰਦੇ ਸਨ। ਉਹਨਾਂ ਸਮਿਆਂ ਵਿੱਚ ਲੋਕ ਲੱਜ ਵੀ ਸਭ ਤੋਂ ਵੱਡਾ ਗਹਿਣਾ ਸੀ ਜਿਸ ਕਰਕੇ ਸਾਰੇ ਲੋਕ ਆਪਣੇ ਬਜ਼ੁਰਗਾਂ ਪ੍ਰਤੀ ਫਰਜ਼ਾਂ ਨੂੰ ਨਿਭਾਉਂਦੇ ਹੋਏ ਜਿੱਥੇ ਸਮਾਜ ਵਿੱਚ ਆਪਣੀ ਇੱਜ਼ਤ ਵਧਾਉਂਦੇ ਸਨ, ਉੱਥੇ ਹੀ ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਫ਼ਰਜ਼ਾਂ ਪ੍ਰਤੀ ਜਾਗਰੂਕ ਕਰਦੇ ਸਨ। ਜਿਸ ਕਰਕੇ ਬਜ਼ੁਰਗ ਰੁਲਦੇ ਨਹੀਂ ਸਨ ਸਗੋਂ ਉਹ ਆਪਣੇ ਬੱਚਿਆਂ ਦੁਆਰਾ ਆਪਣੀ ਕੀਤੀ ਜਾਣ ਵਾਲੀ ਦੇਖਭਾਲ ਸਦਕਾ ਆਪਣੀ ਜ਼ਿੰਦਗੀ ਦੇ ਆਖਰੀ ਪੜਾਅ ਦਾ ਆਨੰਦ ਮਾਣਦੇ ਹੋਏ ਖ਼ੁਸ਼ੀ ਖ਼ੁਸ਼ੀ ਸੰਸਾਰਿਕ ਯਾਤਰਾ ਪੂਰੀ ਕਰਦੇ ਸਨ।

ਜੁੱਗ ਕੀ ਬਦਲਿਆ ਕਿ ਇੱਕੀਵੀਂ ਸਦੀ ਦੇ ਬਦਲਦੇ ਭੇਖ ਨੇ ਸਾਡੇ ਸਮਾਜ ਦਾ ਹਰ ਇੱਕ ਰੰਗ ਹੀ ਬਦਲ ਕੇ ਰੱਖ ਦਿੱਤਾ ਹੈ। ਅੱਜ ਦੇ ਮਨੁੱਖ ਦੇ ਪੈਦਾ ਹੋਣ ਤੋਂ ਲੈਕੇ ਬਚਪਨ,ਜਵਾਨੀ , ਪੜ੍ਹਾਈ,ਰਹਿਣ ਸਹਿਣ , ਪਹਿਰਾਵਾ,ਬੋਲੀ , ਪਰਿਵਾਰਾਂ ਦੇ ਢਾਂਚੇ ਮਤਲਬ ਕਿ ਪੂਰੀ ਦੀ ਪੂਰੀ ਜੀਵਨ ਸ਼ੈਲੀ ਵਿੱਚ ਹੀ ਬਦਲਾਅ ਆ ਗਿਆ ਹੈ। ਇਸ ਤੇਜ਼ੀ ਨਾਲ ਬਦਲਦੇ ਹੋਏ ਦੌਰ ਵਿੱਚ ਸਾਰੀਆਂ ਧਿਰਾਂ ਭਾਵ ਬਚਪਨ,ਜਵਾਨੀ ਅਤੇ ਬੁਢਾਪਾ ਸਾਰੇ ਹੀ ਸੰਘਰਸ਼ ਦੇ ਦੌਰ ਵਿੱਚੋਂ ਗੁਜ਼ਰਦੇ ਨਜ਼ਰ ਆ ਰਹੇ ਹਨ। ਸਾਰੇ ਪਾਸੇ ਮਾਰਾ- ਮਾਰ ਤੇ ਹਫੜਾ ਦਫੜੀ ਮੱਚੀ ਹੋਈ ... ਨਜ਼ਰ ਆ ਰਿਹਾ ਹੈ। ਪਰ ਉਹ ਆਪਣੀ ਤਾਕਤ ਦੇ ਜ਼ੋਰ ਤੇ ਸਭ ਕੁਝ ਕਰਦੇ ਅੱਗੇ ਤੁਰੇ ਜਾਂਦੇ ਹਨ ।ਪਰ ਅੱਜ ਦੀ ਜ਼ਿੰਦਗੀ ਦਾ ਸਭ ਤੋਂ ਦੁਖਦਾਈ ਪੱਖ ਇਕਹਿਰੇ ਤੋਂ ਵੀ ਟੁੱਟ ਚੁੱਕੇ ਅਧੂਰੇ ਰਹਿ ਗਏ ਪਰਿਵਾਰਾਂ ਕਾਰਨ ਅੱਜ ਦਾ ਬੁਢਾਪਾ ਰੁਲ ਰਿਹਾ ਹੈ।

ਸਾਡੇ ਅੱਜ ਦੇ ਸਮਾਜਿਕ ਦਾਇਰੇ ਵਿੱਚ, ਘਰ ਵਿੱਚ ਇੱਕ ਜਾਂ ਦੋ ਬੱਚਿਆਂ ਦਾ ਹੋਣਾ ਤੇ ਉਹਨਾਂ ਦਾ ਪੜ੍ਹਾਈ ਜਾਂ ਰੋਜ਼ਗਾਰ ਕਰਕੇ ਵਿਦੇਸ਼ ਚਲੇ ਜਾਣਾ , ਮਗਰੋਂ ਬਜ਼ੁਰਗਾਂ ਦਾ ਵੱਡੇ ਵੱਡੇ ਘਰਾਂ ਵਿੱਚ ਇਕੱਲੇ ਰਹਿ ਜਾਣਾ ,'ਤੇ ਜੇ ਉਹਨਾਂ ਬਜ਼ੁਰਗ ਜੋੜਿਆਂ ਵਿੱਚੋਂ ਕੋਈ ਇੱਕ ਪਹਿਲਾਂ ਰੁਖ਼ਸਤ ਹੋ ਜਾਏ ਤਾਂ ਇਕੱਲੇ ਬਜ਼ੁਰਗ ਦਾ ਬੁਢਾਪਾ ਕੱਟਣਾ, ਬਹੁਤ ਦੁਖਦਾਈ ਅਵਸਥਾ ਪੈਦਾ ਕਰਦਾ ਹੈ। ਮੈਨੂੰ ਕਿਤੇ ਇੱਕ ਬਜ਼ੁਰਗ ਮਿਲ ?, ਉਹਨਾਂ ਨਾਲ ਬੈਠੇ ਬੈਠੇ ਗੱਲ ਸ਼ੁਰੂ ਹੋਈ ਤਾਂ ਆਖਣ ਲੱਗੇ,÷ਬੇਟਾ ਜੀ....ਮੇਰੇ ਕੋਲ ਬਹੁਤ ਜ਼ਮੀਨ ਜਾਇਦਾਦ ਹੈ... ਸਾਰਾ ਕੁਝ ਮੇਰੇ ਨਾਂ ਹੈ.... ਮੇਰਾ ਪੁੱਤਰ ਤੇ ਨੂੰਹ ਵਿਦੇਸ਼ ਵਿੱਚ ਰਹਿੰਦੇ ਹਨ..... ਉੱਥੇ ਉਹਨਾਂ ਦੇ ਬੱਚੇ ਸਕੂਲਾਂ ਨੂੰ ਚਲੇ ਜਾਂਦੇ ਹਨ......ਉਹ ਦੋਵੇਂ ਕੰਮ ਤੇ ਚਲੇ ਜਾਂਦੇ ਹਨ..... ਤੇ ਓਥੇ ਵੀ ਮੈਂ ਸਾਰਾ ਦਿਨ ਇਕੱਲਾ ਰਹਿੰਦਾ......ਮੇਰੀ ਪਤਨੀ ਤਾਂ ਪੰਦਰਾਂ ਵਰ੍ਹੇ ਪਹਿਲਾਂ ਗੁਜ਼ਰ ਗਈ ਸੀ...... ਮੈਂ ਫਿਰ ਸੋਚਿਆ ਇੱਥੇ ਹੀ ਬਿਰਧ ਆਸ਼ਰਮ ਵਿੱਚ ਰਹਿ ਲੈਂਦਾ ਹਾਂ..... ਇੱਥੇ ਮੈਨੂੰ ਹਰ ਇੱਕ ਸੁੱਖ ਸਹੂਲਤ ਹੈ.... ਉਹ ਮੇਰਾ ਪੂਰਾ ਧਿਆਨ ਰੱਖਦੇ ਹਨ... ਮੈਨੂੰ ਮੇਰੇ ਵਰਗੇ ਸੰਗੀ ਸਾਥੀ ਗੱਲਾਂ ਬਾਤਾਂ ਕਰਨ ਲਈ ਹਨ... ਮੈਨੂੰ ਲੱਗਿਆ ਓਥੇ ਨਾਲੋਂ ਜ਼ਿਆਦਾ ਇੱਥੇ ਠੀਕ ਹੈ....! ਇਹ ਸੁਣ ਕੇ ਮੇਰੇ ਅੰਦਰੋਂ ਇੱਕ ਹਉਕਾ ਜਿਹਾ ਨਿਕਲ ? ਗਿਆ .... ਤੇ ਉਸ ਵਿੱਚੋਂ ਮੈਨੂੰ ਮੇਰੇ ਪੰਜਾਬ ਦੇ ਬਹੁਤੇ ਬਜ਼ੁਰਗਾਂ ਦਾ ਭਵਿੱਖ ਨਜ਼ਰ ਆਉਣ ਲੱਗਿਆ। ਸੁੱਖ ਸਹੂਲਤਾਂ ਇੱਕ ਪਾਸੇ ਪਰ ਜਿਹੜੇ ਪਰਿਵਾਰਾਂ ਨੂੰ ਪਾਲਿਆ ਪੋਸਿਆ ਹੋਵੇ ,ਉਸ ਵਿੱਚ ਬੈਠ ਕੇ, ਉਹਨਾਂ ਨੂੰ ਵਧਦੇ ਫੁਲਦੇ ਦੇਖ਼ ਕੇ ਮਨੁੱਖ ਦੇ ਅੱਧੇ ਰੋਗ ਦੂਰ ਹੋ ਜਾਂਦੇ ਹਨ। ਇੱਕ ਹੋਰ ਮੇਰੇ ਜਾਣ ਪਛਾਣ ਵਾਲਿਆਂ ਨਾਲ ? ਗੱਲ ਹੋਈ ਤਾਂ ਉਹ ਦੱਸਣ ਲੱਗੇ ,÷ਸਾਨੂੰ ਵਿਦੇਸ਼ ਵਿੱਚ ਬੀਮਾਰ ਬਜ਼ੁਰਗ ਸੰਭਾਲਣੇ ਔਖੇ ਨਹੀਂ... ਬੱਸ ਅਸੀਂ ਤਾਂ ਆਪਣੇ ਬੀਮਾਰ ਭਾਪਾ ਜੀ ਨੂੰ ਹਸਪਤਾਲ ਛੱਡ ਆਏ ਸੀ..... ਬਾਕੀ ਕੰਮ ਸਰਕਾਰ ਦਾ..... ਸਾਨੂੰ ਸੰਭਾਲਣ ਦੀ ਐਨੀ ਕਿੱਥੇ ਵਿਹਲ..... ਅਸੀਂ ਤਾਂ ਹਫ਼ਤੇ ਬਾਅਦ ਜਾ ਕੇ ਦੇਖ ਆਉਂਦੇ ਸੀ..... ਜਦੋਂ ਉਹ ਪੂਰੇ ਹੋਏ ਤਾਂ ਉਨ੍ਹਾਂ ਨੇ ਸਾਨੂੰ ਕਰੀਮੇਸ਼ਨ ਦੀ ਤਰੀਕ ਲੈ ਕੇ ਦੇ ਦਿੱਤੀ ਸੀ.... ਅਸੀਂ ਉਸ ਦਿਨ ਜਾ ਕੇ ਕਰ ਆਏ ...ਮੈਂ ਸੋਚਿਆ ਫਰਕ ਤਾਂ ਇੱਥੇ ਇਕੱਲੇ ਤੇ ਓਥੇ ਇਕੱਲੇ ਰਹਿਣ ਵਿੱਚ ਕੋਈ ਬਹੁਤਾ ਨਹੀਂ ਹੈ। ਵੈਸੇ ਵੀ ਜਿਹੜੇ ਬਜ਼ੁਰਗ ਘਰਾਂ ਵਿੱਚ ਰਹਿ ਵੀ ਰਹੇ ਹਨ ਉਹਨਾਂ ਦੀ ਦੇਖਭਾਲ ਕਰਨ ਲਈ ਕੋਈ ਨਹੀਂ ਰਿਹਾ, ਕਿਸੇ ਬਜ਼ੁਰਗ ਦੀ ਮੌਤ ਹੋਣ ਤੇ ਉਸ ਦੇ ਮੁੱਕ ਚੁੱਕੇ ਸਰੀਰ ਨੂੰ ਹਫ਼ਤਾ ਹਫ਼ਤਾ ਮਸ਼ੀਨ ਵਿੱਚ ਪੈ ਕੇ ਆਪਣੇ ਸੰਸਕਾਰ ਲਈ ਆਪਣੀਆਂ ਔਲਾਦਾਂ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਸੱਚ ਮੁੱਚ ਇਹ ਇੱਕ ਚਿੰਤਾ ਦਾ ਵਿਸ਼ਾ ਹੈ ਜਿਸ ਦਾ ਕੋਈ ਹੱਲ ਨਜ਼ਰ ਨਹੀਂ ਆ ਰਿਹਾ।

# ਮਰਦ ਨੂੰ ਵੀ ਦਰਦ ਹੁੰਦਾ ਹੈ : ਹੱਸਦੇ ਚਿਹਰੇ ਪਿੱਛੇ ਛੁਪਿਆ ਸੱਚ

## ( ਆਪਣੀਆਂ ਲੋੜਾਂ ਨੂੰ ਪਿੱਛੇ ਰੱਖ ਕੇ ਪਰਿਵਾਰ ਦੇ ਹਰ ਰਿਸ਼ਤੇ ਦਾ ਫ਼ਰਜ਼ ਨਿਭਾਉਣ ਦਾ ਸੰਘਰਸ਼ )

ਚਾਨਣਦੀਪ ਸਿੰਘ ਔਲਖ
ਸੰਪਰਕ 9876888177

ਇੱਕ ਮਰਦ ਹੋਣਾ ਦੇਖਣ ਨੂੰ ਭਾਵੇਂ ਬਹੁਤ ਸੌਖਾ, ਸਰਲ ਅਤੇ ਆਮ ਲੱਗਦਾ ਹੈ, ਪਰ ਅਸਲ ਜ਼ਿੰਦਗੀ ਵਿੱਚ ਇਸ ਦੇ ਪਿੱਛੇ ਬਹੁਤ ਸਾਰੀਆਂ ਗੁੰਝਲਦਾਰ ਮੁਸ਼ਕਿਲਾਂ ਅਤੇ ਅਣਗਿਣਤ ਮਾਨਸਿਕ ਚੁਣੌਤੀਆਂ ਹੁੰਦੀਆਂ ਹਨ ਜਿਨ੍ਹਾਂ ਬਾਰੇ ਸਾਡੇ ਸਮਾਜ ਵਿੱਚ ਆਮ ਤੌਰ ’ਤੇ ਕਦੇ ਵੀ ਖੁੱਲ੍ਹ ਕੇ ਗੱਲ ਨਹੀਂ ਕੀਤੀ ਜਾਂਦੀ। ਅੱਜ ਦੇ ਇਸ ਆਧੁਨਿਕ ਅਤੇ ਜਾਗਰੂਕ ਸਮੇਂ ਵਿੱਚ ਜਿੱਥੇ ਹਰ ਕੋਈ ਆਪਣੇ ਹੱਕਾਂ, ਆਪਣੀ ਨਿੱਜੀ ਆਜ਼ਾਦੀ, ਅਧਿਕਾਰਾਂ ਅਤੇ ਬਰਾਬਰੀ ਦੀ ਗੱਲ ਬਹੁਤ ਉੱਚੀ ਆਵਾਜ਼ ਵਿੱਚ ਕਰਦਾ ਹੈ, ਉੱਥੇ ਹੀ ਮਰਦਾਂ ਦੇ ਸਿਰ ’ਤੇ ਪੈਣ ਵਾਲੀਆਂ ਭਾਰੀ ਪਰਿਵਾਰਕ ਜ਼ਿੰਮੇਵਾਰੀਆਂ, ਉਨ੍ਹਾਂ ਦੇ ਮਾਨਸਿਕ ਤਣਾਅ ਅਤੇ ਉਨ੍ਹਾਂ ਦੇ ਮਨ ਦੇ ਗੂੜ੍ਹੇ ਦੁੱਖਾਂ ਨੂੰ ਸਮਾਜਿਕ ਤੌਰ ’ਤੇ ਕੋਈ ਖਾਸ ਅਹਿਮੀਅਤ ਜਾਂ ਹਮਦਰਦੀ ਨਹੀਂ ਦਿੱਤੀ ਜਾਂਦੀ। ਜਦੋਂ ਇੱਕ ਮੁੰਡਾ ਅਜੇ ਛੋਟਾ ਹੀ ਹੁੰਦਾ ਹੈ ਅਤੇ ਉਸ ਨੂੰ ਦੁਨੀਆ ਦੀਆਂ ਚਲਾਕੀਆਂ ਦੀ ਸਮਝ ਵੀ ਨਹੀਂ ਹੁੰਦੀ, ਉਸ ਦੇ ਕੋਮਲ ਅਤੇ ਮਾਸੂਮ ਮਨ ਵਿੱਚ ਇਹ ਗੱਲ ਬਹੁਤ ਡੂੰਘਾਈ ਨਾਲ ਬਿਠਾ ਦਿੱਤੀ ਜਾਂਦੀ ਹੈ ਕਿ ਉਸਨੇ ਵੱਡਾ ਹੋ ਕੇ ਬਹੁਤ ਸਾਰੇ ਪੈਸੇ ਕਮਾਉਣੇ ਹਨ ਅਤੇ ਘਰ ਦਾ ਸਾਰਾ ਆਰਥਿਕ ਖਰਚਾ ਆਪਣੇ ਸਿਰ ’ਤੇ ਚੁੱਕਣਾ ਹੈ। ਇਸ ਭਵਿੱਖ ਦੀ ਚਿੰਤਾ ਅਤੇ ਬੋਝ ਕਰਕੇ ਉਹ ਬਚਪਨ ਤੋਂ ਹੀ ਆਪਣੇ ਹਾਸੇ, ਬਚਪਨ ਦੀਆਂ ਖੇਡਾਂ ਅਤੇ ਖੂਬਸੂਰਤ ਸੁਪਨਿਆਂ ਨੂੰ ਪਿੱਛੇ ਛੱਡ ਕੇ ਆਪਣੇ ਪਰਿਵਾਰ ਦੇ ਆਰਥਿਕ ਭਵਿੱਖ ਨੂੰ ਸੁਧਾਰਨ ਬਾਰੇ ਸੋਚਣ ਲੱਗ ਪੈਂਦਾ ਹੈ। ਉਸ ਦੀ ਆਪਣੀ ਨਿੱਜੀ ਪਸੰਦ, ਇੱਛਾ ਜਾਂ ਨਾਪਸੰਦ ਘਰ ਦੀਆਂ ਰੋਜ਼ਾਨਾ ਦੀਆਂ ਲੋੜਾਂ ਅਤੇ ਵਿੱਤੀ ਤੰਗੀਆਂ ਦੇ ਸਾਹਮਣੇ ਬਹੁਤ ਛੋਟੀ ਹੋ ਜਾਂਦੀ ਹੈ, ਜਿਸ ਕਰਕੇ ਉਹ ਬਚਪਨ ਦੀ ਉਮਰ ਵਿੱਚ ਹੀ ਇੱਕ ਵੱਡਿਆਂ ਵਰਗੀ ਗੰਭੀਰਤਾ ਅਤੇ ਉਦਾਸੀ ਧਾਰਨ ਕਰ ਲੈਂਦਾ ਹੈ ਅਤੇ ਆਪਣੀ ਮਾਸੂਮੀਅਤ ਗੁਆ ਬੈਠਦਾ ਹੈ। ਸਾਡੇ ਪਰੰਪਰਾਗਤ ਅਤੇ ਪੁਰਸ਼ ਪ੍ਰਧਾਨ ਸਮਾਜ ਵਿੱਚ ਇਹ ਇੱਕ ਅਟੱਲ ਨਿਯਮ ਵਾਂਗ ਪੱਕਾ ਮੰਨਿਆ ਜਾਂਦਾ ਹੈ ਕਿ ਮਰਦ ਕੁਦਰਤੀ ਤੌਰ ’ਤੇ ਬਹੁਤ ਤਾਕਤਵਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਕਦੇ ਵੀ ਕੋਈ ਸਰੀਰਕ ਪੀੜ ਜਾਂ ਮਾਨਸਿਕ ਤਕਲੀਫ਼ ਪ੍ਰਭਾਵਿਤ ਨਹੀਂ ਕਰ ਸਕਦੀ। ਛੋਟੇ ਹੁੰਦਿਆਂ ਤੋਂ ਹੀ ਲੜਕਿਆਂ ਨੂੰ ਘਰਾਂ ਦੇ ਅੰਦਰ ਅਤੇ ਬਾਹਰ ਖੇਡਦੇ ਹੋਏ ਇਹ ਪਾਠ ਬਾਰ-ਬਾਰ ਪੜ੍ਹਾਇਆ ਜਾਂਦਾ ਹੈ ਕਿ ਰੋਣਾ ਸਿਰਫ਼ ਕੁੜੀਆਂ ਦਾ ਕੰਮ ਹੈ ਅਤੇ ਮਰਦਾਂ ਨੂੰ ਹਰ ਮੁਸ਼ਕਿਲ, ਦੁੱਖ ਅਤੇ ਦਰਦ ਦੇ ਹਾਲਾਤ ਵਿੱਚ ਹਮੇਸ਼ਾ ਬਹਾਦਰ, ਲੋਹੇ ਵਾਂਗ ਸਖ਼ਤ ਅਤੇ ਅਡੋਲ ਰਹਿਣਾ ਚਾਹੀਦਾ ਹੈ। ਇਸੇ ਪੁਰਾਣੀ ਸੋਚ ਅਤੇ ਸਮਾਜਿਕ ਦਬਾਅ ਕਾਰਨ ਇੱਕ ਮਰਦ ਆਪਣੇ ਹਰ ਦਰਦ, ਅੰਦਰੂਨੀ ਤਕਲੀਫ਼, ਬੇਬਸੀ ਅਤੇ ਨਿਰਾਸ਼ਾ ਨੂੰ ਆਪਣੇ ਮਨ ਦੇ ਕਿਸੇ ਕੋਨੇ ਵਿੱਚ ਦਬਾ ਕੇ ਰੱਖਦਾ ਹੈ ਅਤੇ ਕਦੇ ਵੀ ਆਪਣੇ ਹੰਝੂਆਂ ਨੂੰ ਅੱਖਾਂ ਵਿੱਚੋਂ ਬਾਹਰ ਨਹੀਂ ਆਉਣ ਦਿੰਦਾ। ਉਹ ਚਾਹੇ ਜਿੰਨਾ ਮਰਜ਼ੀ ਉਦਾਸ ਹੋਵੇ, ਮਾਨਸਿਕ ਤੌਰ ’ਤੇ ਟੁੱਟ ਚੁੱਕਾ ਹੋਵੇ ਜਾਂ ਅੰਦਰੋਂ ਰੋ ਰਿਹਾ ਹੋਵੇ, ਉਸ ਨੂੰ ਦੁਨੀਆ, ਸਮਾਜ ਅਤੇ ਆਪਣੇ ਪਰਿਵਾਰ ਦੇ ਸਾਹਮਣੇ ਹਮੇਸ਼ਾ ਇੱਕ ਝੂਠੀ ਮੁਸਕਰਾਹਟ ਵਾਲਾ ਮੁਖੌਟਾ ਪਹਿਨ ਕੇ ਰੱਖਣਾ ਪੈਂਦਾ ਹੈ। ਉਹ ਸਰੀਰਕ ਤੌਰ ’ਤੇ ਬਹੁਤ ਜ਼ਿਆਦਾ ਬਿਮਾਰ ਜਾਂ ਥੱਕਿਆ ਹੋਣ ਦੇ ਬਾਵਜੂਦ ਵੀ ਰੋਜ਼ਾਨਾ ਸਵੇਰੇ ਉੱਠ ਕੇ ਕੰਮ ’ਤੇ ਜਾਂਦਾ ਹੈ ਕਿਉਂਕਿ ਉਸ ਕੋਲ ਘਰ ਬੈਠਣ, ਆਰਾਮ ਕਰਨ ਜਾਂ ਬਹਾਨਾ ਬਣਾਉਣ ਦਾ ਕੋਈ ਵਿਕਲਪ ਨਹੀਂ ਹੁੰਦਾ। ਪਰਿਵਾਰ ਦੇ ਕਿਸੇ ਵੀ ਜੀਅ ਨੂੰ ਜ਼ਿੰਦਗੀ ਵਿੱਚ ਕੋਈ ਤਕਲੀਫ਼ ਨਾ ਆਵੇ ਅਤੇ ਬੱਚਿਆਂ ਦੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਰਹਿਣ, ਇਸ ਲਈ ਉਹ ਹਮੇਸ਼ਾ ਇੱਕ ਮਜ਼ਬੂਤ ਅਤੇ ਅਡੋਲ ਕੰਧ ਵਾਂਗ ਹਰ ਮੁਸੀਬਤ ਦੇ ਸਾਹਮਣੇ ਇਕੱਲਾ ਹੀ ਖੜ੍ਹਾ ਰਹਿੰਦਾ ਹੈ।

ਇੱਕ ਮਰਦ ਦੀ ਪੂਰੀ ਜ਼ਿੰਦਗੀ ਪਰਿਵਾਰ ਦੇ ਵੱਖ-ਵੱਖ ਰਿਸ਼ਤਿਆਂ ਦੀਆਂ ਬੇਅੰਤ ਉਮੀਦਾਂ ਨੂੰ ਨਿਭਾਉਂਦੇ ਹੋਏ, ਸਭ ਨੂੰ ਖੁਸ਼ ਰੱਖਦੇ ਹੋਏ ਅਤੇ ਰਿਸ਼ਤਿਆਂ ਵਿਚਕਾਰ ਸੰਤੁਲਨ ਬਣਾਉਂਦੇ ਹੋਏ ਹੀ ਲੰਘ ਜਾਂਦੀ ਹੈ। ਉਹ ਕਦੇ ਇੱਕ ਚੰਗਾ ਅਤੇ ਆਗਿਆਕਾਰੀ ਪੁੱਤਰ ਬਣਦਾ ਹੈ, ਕਦੇ ਪਰਿਵਾਰ ਨੂੰ ਸਹਾਰਾ ਦੇਣ ਵਾਲਾ ਜ਼ਿੰਮੇਵਾਰ ਭਰਾ ਬਣਦਾ ਹੈ, ਕਦੇ ਪਤਨੀ ਦੀਆਂ ਉਮੀਦਾਂ ’ਤੇ ਖਰਾ ਉਤਰਨ ਵਾਲਾ ਪਤੀ ਅਤੇ ਕਦੇ ਆਪਣੇ ਬੱਚਿਆਂ ਦੇ ਭਵਿੱਖ ਲਈ ਦਿਨ- ??? ਇੱਕ ਕਰਨ ਵਾਲਾ ਪਿਆਰ ਕਰਨ ਵਾਲਾ ਪਿਤਾ ਬਣ ਕੇ ਆਪਣਾ ਹਰ ਫ਼ਰਜ਼ ਪੂਰੀ ਸ਼ਿੱਦਤ ਨਾਲ ਨਿਭਾਉਂਦਾ ਹੈ। ਘਰ ਦਾ ਰਾਸ਼ਨ ਸਮੇਂ ਸਿਰ ਲਿਆਉਣਾ, ਬੱਚਿਆਂ ਦੀ ਸਕੂਲ ਦੀ ਮਹਿੰਗੀ ਫੀਸ ਦਾ ਪ੍ਰਬੰਧ ਕਰਨਾ, ਬਿਮਾਰ ਅਤੇ ਬੁੱਢੇ ਮਾਪਿਆਂ ਦੀ ਦਵਾਈ ਦਾ ਮਹੀਨੇ ਦਾ ਖਰਚਾ ਚੁੱਕਣਾ ਅਤੇ ਸਮਾਜਿਕ ਰਿਸ਼ਤੇਦਾਰੀਆਂ ਦੇ ਵਿਆਹ-ਸ਼ਾਦੀਆਂ ਦੇ ਵਿਹਾਰਾਂ ਨੂੰ ਸੰਭਾਲਣਾ, ਇਹ ਸਭ ਉਸ ਦੇ ਰੋਜ਼ਾਨਾ ਦੇ ਅਜਿਹੇ ਬੰਧਨ ਅਤੇ ਕੰਮ ਹੁੰਦੇ ਹਨ ਜਿਨ੍ਹਾਂ ਤੋਂ ਉਹ ਚਾਹ ਕੇ ਵੀ ਕਦੇ ਪਿੱਛੇ ਨਹੀਂ ਹਟ ਸਕਦਾ। ਭਾਵੇਂ ਕਿਸੇ ਵੇਲੇ ਉਸ ਦੀ ਆਪਣੀ ਜੇਬ ਬਿਲਕੁਲ ਖਾਲੀ ਹੋਵੇ, ਉਸ ਕੋਲ ਪੈਸੇ ਨਾ ਹੋਣ ਜਾਂ ਉਸ ਦੇ ਕੰਮ-ਕਾਰ ਜਾਂ ਨੌਕਰੀ ਵਿੱਚ ਕੋਈ ਬਹੁਤ ਵੱਡਾ ਘਾਟਾ ਪੈ ਗਿਆ ਹੋਵੇ, ਉਹ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਇਸ ਦੀ ਮਾੜੀ ਜਿਹੀ ਭਿਣਕ ਵੀ ਨਹੀਂ ਲੱਗਣ ਦਿੰਦਾ ਤਾਂ ਜੋ ਘਰ ਦੀ ਸ਼ਾਂਤੀ ਅਤੇ ਮਾਹੌਲ ਖਰਾਬ ਨਾ ਹੋਵੇ। ਉਹ ਆਪਣੇ ਪਰਿਵਾਰ ਦੇ ਹਰ ਮੈਂਬਰ ਦੀਆਂ ਖੁਸ਼ੀਆਂ, ਤਿਉਹਾਰਾਂ ਅਤੇ ਲੋੜਾਂ ਨੂੰ ਪੂਰਾ ਕਰਨ ਲਈ ਆਪਣੇ ਨਵੇਂ ਕੱਪੜੇ, ਆਪਣੀਆਂ ਛੋਟੀਆਂ-ਛੋਟੀਆਂ ਇੱਛਾਵਾਂ ਜਾਂ ਆਪਣੀਆਂ ਬੁਨਿਆਦੀ ਨਿੱਜੀ ਲੋੜਾਂ ਨੂੰ ਹਮੇਸ਼ਾ ਸਭ ਤੋਂ ਪਿੱਛੇ ਰੱਖਦਾ ਹੈ ਅਤੇ ਖੁਸ਼ੀ-ਖੁਸ਼ੀ ਕੁਰਬਾਨੀ ਦੇ ਦਿੰਦਾ ਹੈ।

ਇਸ ਸਭ ਦੇ ਬਾਵਜੂਦ, ਕਈ ਵਾਰ ਇਹ ਪਰਿਵਾਰਕ, ਆਰਥਿਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਇਨਸਾਨ ਹੋਣ ਦੇ ਨਾਤੇ ਉਸ ਕੋਲੋਂ ਕਈ ਤਰ੍ਹਾਂ ਦੀਆਂ ਕਮੀਆਂ ਰਹਿ ਜਾਂਦੀਆਂ ਹਨ ਜਾਂ ਦਿਨ-ਰਾਤ ਬਹੁਤ ਜ਼ਿਆਦਾ ਮਿਹਨਤ ਕਰਨ ’ਤੇ ਵੀ ਹਾਲਾਤ ਅਨੁਕੂਲ ਨਾ ਹੋਣ ਕਰਕੇ ਉਮੀਦ ਮੁਤਾਬਕ ਨਤੀਜੇ ਨਹੀਂ ਮਿਲਦੇ, ਜਿਸ ਕਰਕੇ ਜ਼ਿੰਦਗੀ ਦੇ ਕਿਸੇ ਮੋੜ ’ਤੇ ਨਾਕਾਮਯਾਬੀ ਵੀ ਰਹਿ ਸਕਦੀ ਹੈ, ਪਰ ਸਾਡੇ ਸਮਾਜ ਦੀ ਸਭ ਤੋਂ ਅਫ਼ਸੋਸਜਨਕ ਅਤੇ ਦੁਖਦਾਈ ਗੱਲ ਇਹ ਹੈ ਕਿ ਉਸ ਨਾਕਾਮਯਾਬੀ ਦਾ ਸਾਰਾ ਕਸੂਰ, ਸਾਰਾ ਦੋਸ਼ ਸਿਰਫ਼ ਅਤੇ ਸਿਰਫ਼ ਉਸ ਮਰਦ ਦਾ ਹੀ ਕੱਢਿਆ ਜਾਂਦਾ ਹੈ। ਸਮਾਜ ਜਾਂ ਪਰਿਵਾਰ ਕਦੇ ਵੀ ਇਹ ਦੇਖਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਉਸਨੇ ਸਫ਼ਲ ਹੋਣ ਲਈ ਕਿੰਨੀ ਖੂਨ-ਪਸੀਨੇ ਦੀ ਕਮਾਈ ਲਗਾਈ ਸੀ ਅਤੇ ਕਿੰਨੀ ਕੋਸ਼ਿਸ਼ ਕੀਤੀ ਸੀ, ਬਲਕਿ ਸਾਰੀਆਂ ਗਲਤੀਆਂ, ਕਮੀਆਂ ਅਤੇ ਆਰਥਿਕ ਮੰਦਹਾਲੀ ਲਈ ਉਸ ਨੂੰ ਹੀ ਸਿੱਧੇ ਤੌਰ ’ਤੇ ਜ਼ਿੰਮੇਵਾਰ ਠਹਿਰਾ ਕੇ ਮਾਨਸਿਕ ਤੌਰ ’ਤੇ ਤਾਅਨੇ ਮਾਰੇ ਜਾਂਦੇ ਹਨ ਅਤੇ ਪਰੇਸ਼ਾਨ ਕੀਤਾ ਜਾਂਦਾ ਹੈ। ਅੱਜ-ਕੱਲ੍ਹ ਦੇ ਇਸ ਪਦਾਰਥਵਾਦੀ ਅਤੇ ਦੌੜ ਭਰੇ ਦੌਰ ਵਿੱਚ ਕਿਸੇ ਮਰਦ ਦੀ ਇੱਜ਼ਤ, ਉਸ ਦਾ ਸਨਮਾਨ ਅਤੇ ਉਸ ਦੀ ਯੋਗਤਾ ਦਾ ਅੰਦਾਜ਼ਾ ਸਿਰਫ਼ ਇਸ ਗੱਲ ਤੋਂ ਲਗਾਇਆ ਜਾਂਦਾ ਹੈ ਕਿ ਉਹ ਮਹੀਨੇ ਦੇ ਕਿੰਨੇ ਪੈਸੇ ਕਮਾਉਂਦਾ ਹੈ, ਉਸ ਕੋਲ ਕਿਹੜੀ ਮਹਿੰਗੀ ਗੱਡੀ ਹੈ ਜਾਂ ਉਹ ਸਮਾਜ ਵਿੱਚ ਕਿੰਨੇ ਵੱਡੇ ਅਤੇ ਸ਼ਾਨਦਾਰ ਘਰ ਵਿੱਚ ਰਹਿੰਦਾ ਹੈ। ਜੇਕਰ ਕੋਈ ਮਰਦ ਆਪਣੀ ਪੂਰੀ ਜਾਨ ਲਗਾ ਕੇ ਬਹੁਤ ਜ਼ਿਆਦਾ ਮਿਹਨਤ ਕਰਨ ਤੋਂ ਬਾਅਦ ਵੀ ਮਾਰਕੀਟ ਦੇ ਮੰਦਵਾੜੇ ਜਾਂ ਹਾਲਾਤਾਂ ਦੀ ਮਾਰ ਕਰਕੇ ਜ਼ਿਆਦਾ ਪੈਸੇ ਨਹੀਂ ਕਮਾ ਪਾਉਂਦਾ, ਤਾਂ ਲੋਕ ਅਤੇ ਕਈ ਵਾਰ ਉਸ ਦੇ ਆਪਣੇ ਬਹੁਤ ਨਜ਼ਦੀਕੀ ਰਿਸ਼ਤੇਦਾਰ ਵੀ ਉਸ ਨੂੰ ਇੱਕ ਨਾਕਾਮਯਾਬ, ਨਿਕੰਮਾ ਅਤੇ ਬੇਕਾਰ ਇਨਸਾਨ ਕਹਿਣ ਲੱਗ ਪੈਂਦੇ ਹਨ। ਪੈਸੇ ਕਮਾਉਣ ਦੇ ਇਸ ਲਗਾਤਾਰ ਵਧ ਰਹੇ ਭਿਆਨਕ ਦਬਾਅ ਕਰਕੇ ਅੱਜ ਬਹੁਤ ਸਾਰੇ ਮਰਦ ਅੰਦਰੋਂ ਬਹੁਤ ਜ਼ਿਆਦਾ ਪਰੇਸ਼ਾਨ, ਚਿੰਤਤ ਅਤੇ ਬਿਲਕੁਲ ਇਕੱਲੇ ਰਹਿਣ ਲੱਗ ਗਏ ਹਨ। ਉਹ ਆਪਣੀ ਇਸ ਮਾਨਸਿਕ ਪਰੇਸ਼ਾਨੀ ਅਤੇ ਦਿਲ ਦੇ ਗੁਬਾਰ ਬਾਰੇ ਕਿਸੇ ਦੋਸਤ, ਭਰਾ ਜਾਂ ਰਿਸ਼ਤੇਦਾਰ ਨਾਲ ਗੱਲ ਵੀ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਨੂੰ ਹਮੇਸ਼ਾ ਇਹ ਡਰ ਸਤਾਉਂਦਾ ਰਹਿੰਦਾ ਹੈ ਕਿ ਲੋਕ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਨੂੰ ਕਮਜ਼ੋਰ ਸਮਝਣਗੇ, ਉਨ੍ਹਾਂ ਦੀ ਮਰਦਾਨਗੀ ’ਤੇ ਸਵਾਲ ਚੁੱਕਣਗੇ ਜਾਂ ਸਮਾਜ ਵਿੱਚ ਉਨ੍ਹਾਂ ਦਾ ਮਜ਼ਾਕ ਉਡਾਉਣਗੇ।

ਅਸਲ ਵਿੱਚ, ਮਰਦਾਂ ਦੀ ਇਸ ਲੰਮੀ ਅਤੇ ਗੰਭੀਰ ਚੁੱਪੀ ਨੂੰ ਸਮਾਜ ਉਨ੍ਹਾਂ ਦੀ ਤਾਕਤ ਜਾਂ ਉਨ੍ਹਾਂ ਦੀ ਲਾਪਰਵਾਹੀ ਸਮਝ ਲੈਂਦਾ ਹੈ, ਜਦੋਂ ਕਿ ਇਹ ਚੁੱਪੀ ਅੰਦਰੂਨੀ ਦੁੱਖਾਂ, ਨਿਰਾਸ਼ਾਵਾਂ ਅਤੇ ਗਹਿਰੇ ਜ਼ਖ਼ਮਾਂ ਦਾ ਨਤੀਜਾ ਹੁੰਦੀ ਹੈ। ਸਾਨੂੰ ਸਾਰਿਆਂ ਨੂੰ ਹੁਣ ਇੱਕ ਸਮਾਜ ਦੇ ਤੌਰ ’ਤੇ ਇਹ ਗੱਲ ਬਹੁਤ ਗੰਭੀਰਤਾ ਅਤੇ ਸੰਵੇਦਨਸ਼ੀਲਤਾ ਨਾਲ ਸਮਝਣੀ ਚਾਹੀਦੀ ਹੈ ਕਿ ਮਰਦ ਕੋਈ ਲੋਹੇ ਜਾਂ ਪੱਥਰ ਦੀ ਬਣੀ ਮਸ਼ੀਨ ਨਹੀਂ ਹੁੰਦੇ, ਉਹ ਵੀ ਸਾਡੇ ਵਰਗੇ ਹੀ ਭਾਵਨਾਵਾਂ, ਅਹਿਸਾਸਾਂ ਅਤੇ ਜਜ਼ਬਾਤਾਂ ਨਾਲ ਭਰੇ ਜਿਉਂਦੇ-ਜਾਗਦੇ ਇਨਸਾਨ ਹਨ। ਉਨ੍ਹਾਂ ਨੂੰ ਵੀ ਸਰੀਰਕ ਥਕਾਵਟ ਹੁੰਦੀ ਹੈ, ਹਾਲਾਤਾਂ ਦੀ ਮਾਰ ਅਤੇ ਆਪਣਿਆਂ ਦੇ ਤਾਅਨਿਆਂ ਨਾਲ ਉਨ੍ਹਾਂ ਦਾ ਵੀ ਦਿਲ ਬੁਰੀ ਤਰ੍ਹਾਂ ਦੁਖਦਾ ਹੈ, ਉਹ ਵੀ ਮਾਨਸਿਕ ਤੌਰ ’ਤੇ ਟੁੱਟਦੇ ਹਨ ਅਤੇ ਬਹੁਤ ਜ਼ਿਆਦਾ ਦਬਾਅ ਹੋਣ ’ਤੇ ਉਨ੍ਹਾਂ ਦਾ ਵੀ ਕਦੇ-ਕਦੇ ਬੱਚਿਆਂ ਵਾਂਗ ਉੱਚੀ-ਉੱਚੀ ਰੋਣ ਦਾ ਮਨ ਕਰਦਾ ਹੈ। ਮਰਦ ਹੋਣ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਉਹ ਦੁਨੀਆ ਦਾ ਹਰ ਦੁੱਖ, ਹਰ ਪਰਿਵਾਰਕ ਤਕਲੀਫ਼, ਹਰ ਜ਼ਿੰਮੇਵਾਰੀ ਅਤੇ ਹਰ ਨਾਕਾਮਯਾਬੀ ਦਾ ਭਾਰੀ ਬੋਝ ਇਕੱਲੇ ਹੀ ਆਪਣੇ ਮੋਢਿਆਂ ’ਤੇ ਸਹਿੰਦੇ ਰਹਿਣ, ਅੰਦਰੇ-ਅੰਦਰ ਘੁਟਦੇ ਰਹਿਣ ਅਤੇ ਬਿਨਾਂ ਕੁਝ ਕਹੇ ਇਸ ਦੁਨੀਆ ਤੋਂ ਚਲੇ ਜਾਣ।

ਇੱਕ ਬਿਹਤਰ, ਸਿਹਤਮੰਦ ਅਤੇ ਸੰਵੇਦਨਸ਼ੀਲ ਸਮਾਜ ਸਿਰਜਣ ਲਈ ਸਾਡਾ ਸਾਰਿਆਂ ਦਾ ਇਹ ਮੁਢਲਾ ਅਤੇ ਪਰਮ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਘਰ ਦੇ ਮਰਦਾਂ, ਚਾਹੇ ਉਹ ਪਿਤਾ ਹੋਵੇ, ਭਰਾ ਹੋਵੇ, ਪਤੀ ਹੋਵੇ ਜਾਂ ਪੁੱਤਰ ਹੋਵੇ, ਉਨ੍ਹਾਂ ਦੀ ਦਿਨ-ਰਾਤ ਦੀ ਅਣਥੱਕ ਮਿਹਨਤ, ਉਨ੍ਹਾਂ ਦੇ ਵੱਡੇ ਤਿਆਗ ਅਤੇ ਨਿਰਸਵਾਰਥ ਪਿਆਰ ਨੂੰ ਚੰਗੀ ਤਰ੍ਹਾਂ ਸਮਝੀਏ, ਉਸ ਦਾ ਸਤਿਕਾਰ ਕਰੀਏ ਅਤੇ ਉਸ ਦੀ ਕਦਰ ਕਰੀਏ। ਸਾਨੂੰ ਉਨ੍ਹਾਂ ਨੂੰ ਸਮੇਂ-ਸਮੇਂ ’ਤੇ ਇਹ ਅਹਿਸਾਸ ਕਰਵਾਉਣਾ ਚਾਹੀਦਾ ਹੈ ਕਿ ਪਰਿਵਾਰ ਵਿੱਚ ਉਨ੍ਹਾਂ ਦੀ ਅਹਿਮੀਅਤ ਸਿਰਫ਼ ਉਨ੍ਹਾਂ ਦੀ ਕਮਾਈ, ਬੈਂਕ ਬੈਲੈਂਸ ਜਾਂ ਪੈਸਿਆਂ ਨਾਲ ਨਹੀਂ ਹੈ, ਬਲਕਿ ਇੱਕ ਇਨਸਾਨ ਵਜੋਂ ਅਤੇ ਇੱਕ ਪਿਆਰੇ ਮੈਂਬਰ ਵਜੋਂ ਉਨ੍ਹਾਂ ਦੀ ਮੌਜੂਦਗੀ ਸਾਡੇ ਲਈ ਸਭ ਤੋਂ ਵੱਡੀ ਦੌਲਤ ਹੈ। ਸਾਨੂੰ ਉਨ੍ਹਾਂ ਦੇ ਮੋਢਿਆਂ ’ਤੇ ਪਏ ਸਮਾਜਿਕ, ਪਰਿਵਾਰਕ ਅਤੇ ਆਰਥਿਕ ਬੋਝ ਨੂੰ ਆਪਸੀ ਗੱਲਬਾਤ ਰਾਹੀਂ ਥੋੜ੍ਹਾ ਹਲਕਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਪਰਿਵਾਰ ਦੇ ਅੰਦਰ ਇੱਕ ਅਜਿਹਾ ਪਿਆਰ ਭਰਿਆ ਅਤੇ ਸੁਰੱਖਿਅਤ ਮਾਹੌਲ ਦੇਣਾ ਚਾਹੀਦਾ ਹੈ ਜਿੱਥੇ ਉਹ ਬਿਨਾਂ ਕਿਸੇ ਝਿਜਕ ਜਾਂ ਡਰ ਦੇ ਆਪਣੇ ਮਨ ਦੀਆਂ ਗੱਲਾਂ, ਆਪਣੀਆਂ ਚਿੰਤਾਵਾਂ, ਆਪਣੀਆਂ ਨਾਕਾਮਯਾਬੀਆਂ ਅਤੇ ਆਪਣੇ ਡਰ ਸਾਂਝੇ ਕਰ ਸਕਣ। ਜਦੋਂ ਪਰਿਵਾਰ ਦਾ ਕੋਈ ਜੀਅ ਉਨ੍ਹਾਂ ਦੇ ਮੋਢੇ ’ਤੇ ਹੱਥ ਰੱਖ ਕੇ ਬਹੁਤ ਪਿਆਰ, ਸਤਿਕਾਰ ਅਤੇ ਹਮਦਰਦੀ ਨਾਲ ਕਹਿੰਦਾ ਹੈ ਕਿ ਕੋਈ ਗੱਲ ਨਹੀਂ, ਜੇਕਰ ਨਤੀਜੇ ਚੰਗੇ ਨਹੀਂ ਆਏ ਤਾਂ ਵੀ ਅਸੀਂ ਤੁਹਾਡੇ ਨਾਲ ਹਾਂ ਅਤੇ ਸਭ ਠੀਕ ਹੋ ਜਾਵੇਗਾ, ਤਾਂ ਉਨ੍ਹਾਂ ਨੂੰ ਦੁਨੀਆ ਦਾ ਸਭ ਤੋਂ ਵੱਡਾ ਸਕੂਨ, ਮਾਨਸਿਕ ਸ਼ਾਂਤੀ ਅਤੇ ਹਾਲਾਤਾਂ ਨਾਲ ਦੁਬਾਰਾ ਲੜਨ ਦੀ ਇੱਕ ਨਵੀਂ ਤਾਕਤ ਮਿਲਦੀ ਹੈ। ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਇੱਕ ਹੱਸਦੇ ਹੋਏ ਚਿਹਰੇ ਦੇ ਪਿੱਛੇ ਬਹੁਤ ਸਾਰੀਆਂ ਕਹਾਣੀਆਂ ਛੁਪੀਆਂ ਹੁੰਦੀਆਂ ਹਨ ਅਤੇ ਮਰਦ ਨੂੰ ਵੀ ਦਰਦ ਹੁੰਦਾ ਹੈ, ਇਸ ਲਈ ਉਨ੍ਹਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਨਾ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ।

# ਸਿੱਖ ਅਤੇ ਗੁਰਦੁਆਰਾ ਸਾਹਿਬਾਨ

ਸ਼ਿੰਦਰ ਸਿੰਘ ਮੀਰਪੁਰੀ
5592850841

- ਅਜੋਕੇ ਸਮੇਂ ਅੰਦਰ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਆਉਂਦਿਆਂ ਹੀ ਕਿਸੇ ਵੀ ਇਨਸਾਨ ਦੇ ਮਨ ਅੰਦਰ ਆਲੀਸ਼ਾਨ ਇਮਾਰਤ ਅਤੇ ਧਾਰਮਿਕ ਰੌ ਰੀਤਾਂ ਨਾਲ ਸਜਿਆ ਅਲੌਕਿਕ ਦ੍ਰਿਸ਼ ਪੈਦਾ ਹੋ ਜਾਂਦਾ ਹੈ । ਅਸਲ ਵਿੱਚ ਜੇਕਰ ਗੁਰਦੁਆਰਾ ਸਾਹਿਬਾਨ ਦੀ ਮਹੱਤਤਾ ਤੇ ਗੁਰਦੁਆਰਾ ਸਾਹਿਬਾਨ ਕਿਉਂ ਬਣਾਏ ਗਏ ਇਸ ਨੂੰ ਇਤਿਹਾਸ ਰਾਹੀਂ ਵਾਚਣਾ ਹੋਵੇ ਤਾਂ ਬਹੁਤ ਜਿਆਦਾ ਸਮਾਂ ਲੱਗਦਾ ਹੈ । ਪਰ ਅਜੋਕੇ ਸਮੇਂ ਅੰਦਰ ਸਿੱਖ ਤੇ ਗੁਰਦੁਆਰਾ ਸਾਹਿਬਾਨ ਦਾ ਮਹੱਤਵ ਦਾ ਜ਼ਿਕਰ ਕਰਨਾ ਇਸ ਲਈ ਜਰੂਰੀ ਹੋ ਗਿਆ ਕਿ ਇੱਥੇ ਮਨਮਤਾਂ ਵੀ ਬਹੁਤ ਜਿਆਦਾ ਪਨਪ ਚੁੱਕੀਆਂ ਹਨ । ਅਜੋਕਾ ਸਿੱਖ ਆਪਣੇ ਸਿੱਖ ਗੁਰੂ ਸਾਹਿਬਾਨਾਂ ਦੇ ਫਲਸਫੇ ਤੋਂ ਭਟਕ ਕੇ ਗੁਰਦੁਆਰਾ ਸਾਹਿਬਾਨ ਦੇ ਨਾਮ ਰਾਹੀਂ ਹੀ ਗਲਤ ਰਸਤੇ ਤੇ ਚੱਲ ਚੁੱਕਿਆ ਹੈ । ਜਿਸ ਨੂੰ ਰੋਕਣ ਦੀ ਤਾਂ ਲੋੜ ਹੈ । ਸਗੋਂ ਉਸਨੂੰ ਆਪਣੇ ਹੋਰਨਾ ਸਕੇ ਸਬੰਧੀਆਂ ਨੂੰ ਵੀ ਅਸਲ ਸਿੱਖ ਗੁਰਦੁਆਰਾ ਸਾਹਿਬ ਦੀ ਪਰਿਭਾਸ਼ਾ ਨੂੰ ਸਮਝਣ ਦੀ ਲੋੜ ਦਾ ਯਤਨ ਕਰਨਾ ਬਣਦਾ ਹੈ ਜੇਕਰ ਗੁਰਦੁਆਰਾ ਸਾਹਿਬਾਨ ਦੀ ਗੱਲ ਕਰੀਏ ਤਾਂ ਪੂਰੇ ਭਾਰਤ ਤੋਂ ਇਲਾਵਾ ਹੋਰਨਾਂ ਮੁਲਕਾਂ ਅੰਦਰ ਵੀ ਵੱਡੇ ਪੱਧਰ ਤੇ ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਆਲੀਸ਼ਾਨ ਇਮਾਰਤਾਂ ਬਣਾਈਆਂ ਜਾ ਚੁੱਕੀਆਂ ਹਨ । ਜਦਕਿ ਸਵਾਲ ਤਾਂ ਇਹ ਵੀ ਪੈਦਾ ਹੋ ਰਿਹਾ ਕਿ ਕੀ ਅੱਜ ਸਿੱਖ ਸਿਰਫ ਇਮਾਰਤਾਂ ਬਣਾਉਣ ਖਾਤਰ ਹੀ ਵੱਡੇ ਪੱਧਰ ਤੇ ਯਤਨ ਤੇ ਲੜਾਈਆਂ ਕਰਦਾ ਹੈ । ਅਸੀਂ ਸਾਰਿਆਂ ਨੂੰ ਨਹੀਂ ਕਹਿ ਸਕਦੇ ਹਾਂ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਲੜਾਈਆਂ ਦੇ ਕੇਂਦਰ ਵੀ ਬਣ ਚੁੱਕੇ ਹਨ । ਪਰ ਜੇਕਰ ਗੁਰੂ ਸਾਹਿਬ ਦੀ ਪਰਿਭਾਸ਼ਾ ਅਨੁਸਾਰ ਗੁਰਦੁਆਰਾ ਦੀ ਜਿਕਰ ਕਰਨਾ ਹੋਵੇ ਤਾਂ ਰੂਹਾਨੀਅਤ ਦਾ ਕੇਂਦਰ ਜਿੱਥੇ ਸਿੱਖ ਧਰਮ ਦਾ ਪ੍ਰਚਾਰ ਹੁੰਦਾ ਹੋਵੇ । ਮਨਮਤ ਨਾਂ ਦੀ ਕੋਈ ਚੀਜ਼ ਨਾ ਹੋਵੇ ਉਸ ਨੂੰ ਗੁਰਦੁਆਰਾ ਸਾਹਿਬਾਨ ਆਖਿਆ ਜਾਣਾ ਜਰੂਰੀ ਹੁੰਦਾ ਹੈ । ਕਿਉਂਕਿ ਗੁਰੂ ਸਾਹਿਬ ਵੱਲੋਂ ਇਨਸਾਨਾਂ ਨੂੰ ਸਿੱਧੇ ਰਸਤੇ ਤੇ ਸਿੱਖ ਰੀਤੀਆਂ ਨੂੰ ਮੰਨਣ ਦੇ ਲਈ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਕਰਵਾਈ ਸੀ । ਪਰ ਅੱਜ ਅਸੀਂ ਕਿੱਥੇ ਕੁ ਖੜ੍ਹੇ ਹਾਂ ਸਾਨੂੰ ਸਾਰਿਆਂ ਨੂੰ ਪਤਾ ਹੈ । ਕਹਿਣ ਦੀ ਲੋੜ ਨਹੀਂ ਭਾਰਤ ਅੰਦਰ ਤੇ ਹੋਰ ਮੁਲਕਾਂ ਅੰਦਰ ਵੀ ਗੁਰਦੁਆਰਾ ਸਾਹਿਬਾਨ ਦੇ ਅੰਦਰ 24 ਘੰਟੇ ਲੰਗਰ ਚਲਦੇ ਹਨ । ਕੀਰਤਨ ਪ੍ਰਵਾਹ ਹੁੰਦਾ ਹੈ । ਰਾਗੀ ਸਿੰਘਾਂ ਵੱਲੋਂ ਵੱਡੇ ਪੱਧਰ ਤੇ ਗੁਰੂ ਦਾ ਉਪਦੇਸ਼ ਵੀ ਕੀਰਤਨ ਰਾਹੀ ਸਿੱਖ ਸੰਗਤਾਂ ਨੂੰ ਦਿੱਤਾ ਜਾਂਦਾ ਹੈ । ਬਾਣੀ ਪੜ੍ਹੀ ਜਾਂਦੀ ਹੈ । ਕਥਾ ਹੁੰਦੀ ਹੈ । ਪਰ ਇੰਨਾ ਸਭ ਕੁਝ ਹੋਣ ਦੇ ਬਾਵਜੂਦ ਸਿੱਖ ਕੱਚੇ ਕਿਉਂ ਹਨ ਇਹ ਵੀ ਇੱਕ ਚਿੰਤਾ ਦਾ ਵਿਸ਼ਾ ਹੈ । ਸਾਡੇ ਗੁਰੂ ਸਾਹਿਬਾਨ ਨੇ ਵੱਡੇ ਪੱਧਰ ਤੇ ਗੁਰਦੁਆਰਾ ਇਮਾਰਤਾਂ ਦੀ ਉਸਾਰੀ ਜ਼ਰੂਰ ਕਰਵਾਈ ਸੀ । ਜਦਕਿ ਉਹਨਾਂ ਵੇਲਿਆਂ ਵਿੱਚ ਕਾਰਨ ਵੱਖ ਸਨ ਤੇ ਅੱਜ ਕਾਰਨ ਹੋਰ ਹਨ । ਸਿੱਖ ਕੱਚੇ ਹਨ ਪਰ ਗੁਰੂ ਘਰ ਪੱਕੇ ਜਰੂਰ ਬਣ ਚੁੱਕੇ ਹਨ । ਗੁਰਦੁਆਰਿਆਂ ਦਾ ਅਰਥ ਤਾਂ ਚਾਰੇ ਦਿਸ਼ਾਵਾਂ ਦੇ ਲੋਕਾਂ ਨੂੰ ਇੱਕੋ ਅੱਖ ਨਾਲ ਵੇਖਣਾ ਅਤੇ ਕਿਰਤ ਕਰਨ ਵਾਲੇ ਲੋਕਾਂ ਦੀ ਕਦਰ ਕਰਨਾ ਸੀ । ਪਰ ਅਸੀਂ ਤਾਂ ਬਾਣੀ ਪੜ੍ਹਨ ਵਾਲੇ ਲੋਕਾਂ ਦੀ ਕਦਰ ਕਰਨ ਨੂੰ ਵੀ ਹਟ ਚੁੱਕੇ ਹਾਂ ਅਸੀਂ ਤਾਂ ਸਿਰਫ ਬਾਣੀ ਨੂੰ ਮੁੱਲ ਖਰੀਦਣ ਦਾ ਯਤਨ ਕਰਦੇ ਰਹਿੰਦੇ ਹਾਂ । ? ਜਦ ਕਿ ਗੁਰਬਾਣੀ ਧਾਰਮਿਕ ਇਤਿਹਾਸ ਔਰ ਸਹੀ ਸੇਧ ਦੇਣਾ ਗੁਰਦੁਆਰਿਆਂ ਦਾ ਅਰਥ ਸੀ ਜਾਂ ਇਹ ਆਖ ਸਕਦੇ ਹਾਂ ਹੁਣ ਸ਼ਬਦਾਂ ਵਿੱਚ ਕਿ ਗੁਰਦੁਆਰਾ ਸਾਹਿਬਾਨ ਤੋਂ ਸਾਰੇ ਸਿੱਖਾਂ ਨੂੰ ਇੱਕ ਅਨੋਖੀ ਕਿਸਮ ਦੀ ਸ਼ਕਤੀ ਮਿਲਦੀ ਸੀ । ਜਿਸ ਰਾਹੀਂ ਸਿੱਖ ਪੂਰੀ ਦੁਨੀਆ ਅੰਦਰ ਆਪਣਾ ਝੰਡਾ ਬੁਲੰਦ ਕਰਦੇ ਸਨ ਪਰ ਅੱਜ ਸਾਡੇ ਬਹੁਤ ਸਾਰੇ ਸਿੱਖਾਂ ਨੇ ਗੁਰਦੁਆਰਾ ਸਾਹਿਬ ਦੀਆਂ ਆਲੀਸ਼ਾਨ ਇਮਾਰਤਾਂ ਉਸਾਰ ਕੇ ਉਹਨਾਂ ਨੂੰ ਕੇਵਲ ਜ਼ਰੀਆ ਬਣਾ ਲਿਆ ਹੈ । ਗੁਰੂ ਘਰ ਵਿੱਚ ਗੁਰੂ ਸਾਹਿਬ ਦੀ ਰਹਿਮਤ ਵੇਖੋ ਕਿ 24 ਘੰਟੇ ਲੰਗਰ ਚੱਲਣ ਤੋਂ ਇਲਾਵਾ ਕੀਰਤਨ ਔਰ ਪੂਰੇ ਵਿਸ਼ਵ ਦੇ ਵਿੱਚ ਜਿੱਥੇ ਜਿੱਥੇ ਵੀ ਸਿੱਖ ਵਸਦੇ ਹਨ ਉਥੇ ਗੁਰਦੁਆਰਾ ਉਸਾਰ ਕੇ ਵੱਡੇ ਪੱਧਰ ਤੇ ਸਿੱਖੀ ਦਾ ਪ੍ਰਚਾਰ ਕੀਤਾ ਜਾ ਰਿਹਾ । ਇਹ ਆਪਣੇ ਆਪ ਵਿੱਚ ਬਹੁਤ ਵੱਡੀ ਗੱਲ ਹੈ ਕਿ ਸਿੱਖਾਂ ਨੇ ਪੂਰੇ ਵਿਸ਼ਵ ਦੇ ਅੰਦਰ ਆਪਣੀ ਧਾਂਕ ਜਮਾ ਕੇ ਸਿੱਖ ਕੌਮ ਦਾ ਨਾਂ ਉੱਚਾ ਕੀਤਾ ਹੈ ਪਰ ਅਸਲ ਵਿੱਚ ਅਸੀਂ ਅੰਦਰੋਂ ਇੱਕ ਤਰ੍ਹਾਂ ਨਾਲ ਖੋਖਲੇ ਜਰੂਰ ਹੋ ਚੁੱਕੇ ਹਾਂ ਇਸ ਦੇ ਕਾਰਨ ਬਹੁਤ ਵੱਡੇ ਹਨ

ਇਹਨਾਂ ਸਾਰੀਆਂ ਗੱਲਾਂ ਬਾਤਾਂ ਲਈ ਅਸੀਂ ਕਿਸੇ ਇੱਕ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ । ਕਿਉਂਕਿ ਧਾਰਮਿਕ ਮਾਮਲੇ ਵਿੱਚ ਬਹੁਤ ਕਿਸਮ ਦੀ ਉਲਝਣ ਤਾਣੀ ਪੈਦਾ ਹੋ ਚੁੱਕੀ ਹੈ । ਅਸੀਂ ਇੱਕ ਦੂਜੇ ਨੂੰ ਗਾਲਾਂ ਕੱਢ ਕੇ ਇੱਕ ਦੂਜੇ ਦੇ ਕੇਸ ਪੱਟ ਕੇ ਦੂਜਿਆਂ ਨੂੰ ਦੋਸ਼ੀ ਠਹਿਰਾਉਣ ਦਾ ਯਤਨ ਜਰੂਰ ਕਰਦੇ ਰਹਿੰਦੇ ਹਾਂ । ਬਹੁਤ ਸਾਰੇ ਗੁਰੂ ਘਰਾਂ ਵਿੱਚ ਲੜਾਈਆਂ ਵੀ ਹੋ ਰਹੀਆਂ ਹਨ । ਉੱਥੇ ਹੀ ਉਸ ਦੇ ਮੁਕਾਬਲੇ ਤੇ ਬਹੁਤ ਸਾਰੇ ਗੁਰੂ ਘਰ ਅਜਿਹੇ ਵੀ ਹਨ ਜਿੱਥੇ ਪੂਰੇ ਸਿੱਖ ਫਲਸਫੇ ਅਨੁਸਾਰ ਸਿੱਖ ਸੰਗਤ ਨੂੰ ਕੀਰਤਨ ਰਾਹੀਂ ਚੰਗਾ ਉਪਦੇਸ਼ ਦਿੱਤਾ ਜਾਂਦਾ ਹੈ । ਜਿੱਥੇ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ । ਨੌਜਵਾਨੀ ਨੂੰ ਚੰਗੀ ਸੇਧ ਦੇ ਕੇ ਸਹੀ ਪਾਸੇ ਵੱਲ ਲੈ ਕੇ ਜਾਣ ਦਾ ਯਤਨ ਵੀ ਕੀਤਾ ਜਾਂਦਾ ਹੈ । ਵੱਡੇ ਪੱਧਰ ਤੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਨਾਲ ਜੋੜਿਆ ਜਾਂਦਾ ਹੈ । ਲੰਗਰ ਛਕਾਉਣ ਤੋਂ ਇਲਾਵਾ ਉੱਥੇ ਗਰੀਬ ਲੋਕਾਂ ਦਾ ਇਲਾਜ ਵੀ ਕਰਵਾਇਆ ਜਾਂਦਾ ਹੈ । ਹਸਪਤਾਲਾਂ ਦੇ ਵਿੱਚ ਵੀ ਲੰਗਰ ਪਹੁੰਚਦਾ ਹੈ ?। ਉਸ ਤੋਂ ਬਾਅਦ ਕੀਰਤਨ ਵੀ ਸਿੱਖ ਸੰਗਤ ਨੂੰ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਸੁਣਾਇਆ ਜਾਂਦਾ ਹੈ ਵੱਡੇ ਪੱਧਰ ਤੇ ਧਾਰਮਿਕ ਕਾਰਜ ਕੀਤੇ ਜਾਂਦੇ ਹਨ । ਭਾਵੇਂ ਕਿ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਸਰ ਕਿੰਤੂ ਪ੍ਰੰਤੂ ਕਰਦੇ ਰਹਿੰਦੇ ਹਾਂ । ਪਰ ਸੋਚਣ ਦਾ ਵੇਲਾ ਤਾਂ ਇਹ ਵੀ ਹੈ ਕਿ ਅੱਜ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਬਹੁਤ ਸਾਰੇ ਕਾਲਜਾਂ ਅਤੇ ਗੁਰਦੁਆਰਾ ਸਾਹਿਬਾਨ ਹਨ । ਉਹਨਾਂ ਤੋਂ ਇਲਾਵਾ ਹਸਪਤਾਲਾਂ ਦੀ ਗਿਣਤੀ ਵੀ ਕਾਫੀ ਹੈ । ਵੱਡੇ ਪੱਧਰ ਤੇ ਜੇਕਰ ਸ਼੍ਰੋਮਣੀ ਕਮੇਟੀ ਦਾ ਬਜਟ ਹੈ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਵੀ ਬਹੁਤ ਸਾਰੇ ਲੋਕਾਂ ਨੂੰ ਸਿੱਖ ਰੌ ਰੀਤਾਂ ਮੁਤਾਬਕ ਜਾਂ ਇਹ ਕਹਿ ਲਈਏ ਕਿ ਸਿੱਖ ਮਰਿਆਦਾ ਦੇ ਮੁਤਾਬਕ ਪ੍ਰਚਾਰ ਕਰਨ ਦੇ ਨਾਲ ਨਾਲ ਚੰਗੀ ਸਿੱਖਿਆ ਵੀ ਦਿੱਤੀ ਜਾਂਦੀ ਹੈ ਅਤੇ ਗਰੀਬ ਲੋਕਾਂ ਦਾ ਇਲਾਜ ਵੀ ਕਰਾਇਆ ਜਾਂਦਾ ਹੈ । ਲੰਘੇ ਸਮੇਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੈਂਸਰ ਵਾਲੇ ਲੋਕਾਂ ਨੂੰ ਪੈਸੇ ਦੇ ਕੇ ਉਹਨਾਂ ਦੀ ਮਾਲੀ ਮਦਦ ਕਰਨ ਦਾ ਯਤਨ ਕੀਤਾ ਗਿਆ ਸੀ । ਇਹ ਵੀ ਕਹਿ ਸਕਦੇ ਹਾਂ ਕਿ ਇੰਨਾ ਕੁਝ ਹੋਣ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿੱਚ ਊਣਤਾਈਆਂ ਵੀ ਬਹੁਤ ਜ਼ਿਆਦਾ ਹਨ ਉਨ੍ਹਾਂ ਵੱਲੋਂ ਵੀ ਕਈ ਜਗ੍ਹਾ ਤੇ ਗਲਤ ਕੰਮ ਕਾਜ ਕੀਤਾ ਜਾਂਦਾ ਹੈ ਇਸ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ । ਆਖਰ ਵਿੱਚ ਅਸੀਂ ਤਾਂ ਇਹੀ ਆਖ ਸਕਦੇ ਹਾਂ ਕਿ ਭਾਵੇਂ ਸਿੱਖ ਕੌਮ ਗੁਰਦੁਆਰਿਆਂ ਦੀ ਉਸਾਰੀ ਜਰੂਰ ਕਰਵਾਏ ਇਸ ਨੂੰ ਕੋਈ ਰੋਕ ਨਹੀਂ ਸਕਦਾ ਪਰ ਇਹ ਵੀ ਚੰਗਾ ਹੋਵੇ ਜੇਕਰ ਆਪੋ ਆਪਣੇ ਰਾਗ ਅਲਾਪਣ ਦੀ ਬਜਾਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਯਮਾਂ ਅਨੁਸਾਰ ਸਾਰੀਆਂ ਜਗਾਵਾਂ ਤੇ ਇੱਕ ਮਰਿਆਦਾ ਲਾਗੂ ਹੋਵੇ ਜਿੱਥੇ ਗਰੀਬਾਂ ਦਾ ਇਲਾਜ ਹੋਵੇ । ਉਹਨਾਂ ਨੂੰ ਪੜ੍ਹਾਈ ਫਰੀ ਮਿਲੇ ਅਤੇ ਵੱਡੇ ਪੱਧਰ ਤੇ ਧਾਰਮਿਕ ਕਾਰਜ ਕੀਤੇ ਜਾਣ ਤਾਂ ਕਿ ਸਿੱਖ ਨੌਜਵਾਨੀ ਇਸ ਤੋਂ ਸੇਧ ਲੈ ਸਕੇ । ਇਸ ਤੋਂ ਇਲਾਵਾ ਸਿਰਫ ਧਾਰਮਿਕ ਕੰਮਾਂ ਵਿੱਚ ਹੀ ਗੁਰਦੁਆਰਾ ਸਾਹਿਬਾਨ ਦਾ ਦਾਖਲ ਹੋਵੇ ਅਤੇ ਸਿਆਸਤ ਦਾ ਕੂੜਾ ਉਹਨਾਂ ਉੱਤੇ ਨਾ ਹੋਵੇ ਤਾਂ ਕਿ ਪੰਥਕ ਕਾਰਜ ਸਹੀ ਦਿਸ਼ਾਵਾਂ ਵਲ ਜਾ ਸਕਣ @ਗੁਰੂ ਕੀ ਗੋਲਕ ਗਰੀਬ ਦਾ ਮੂੰਹ@ ਇਨ੍ਹਾਂ ਸ਼ਬਦਾਂ ਤੇ ਪਹਿਰਾ ਦੇ ਕੇ ਗੁਰਦੁਆਰਿਆਂ ਦਾ ਅਸਲ ਮਨੋਰਥ ਪੇਸ਼ ਕੀਤਾ ਜਾਵੇ ਤਾਂ ਕਿ ਸਾਡੀ ਨੌਜਵਾਨੀ ਨੂੰ ਗੁਰੂ ਫਲਸਫੇ ਅਨੁਸਾਰ ਜ਼ਿੰਦਗੀ ਜਿਉਣ ਦੀ ਰਾਹ ਮਿਲ ਸਕੇ ।

# ਬਾਪੂ ਹੁੰਦਾ ਬੋਹੜ ਦੀ ਛਾਂ ਵਰਗਾ

ਬਰਜਿੰਦਰ ਕੌਰ ਬਿਸਰਾਓ...
9988901324

ਮਾਂ ਬਾਪ ਇੱਕ ਗੱਡੀ ਦੇ ਦੋ ਪਹੀਏ ਹੁੰਦੇ ਹਨ ਜੋ ਗ੍ਰਹਿਸਥ ਰੂਪੀ ਗੱਡੀ ਨੂੰ ਅੱਗੇ ਤੋਰਦਿਆਂ ਹੋਇਆਂ ਵਧਦੇ ਜਾਂਦੇ ਹਨ। ਬੱਚਿਆਂ ਦੀ ਜ਼ਿੰਦਗੀ ਵਿੱਚ ਦੋਵਾਂ ਦੀ ਮੌਜੂਦਗੀ ਬਰਾਬਰ ਦੀ ਅਹਿਮੀਅਤ ਰੱਖਦੀ ਹੈ। ਜੇ ਮਾਂ ਨੂੰ ਠੰਢੀ ਛਾਂ ਕਿਹਾ ਜਾਂਦਾ ਹੈ ਤਾਂ ਪਿਤਾ ਦੀ ਤੁਲਨਾ ਵੀ ਬੋਹੜ ਦੇ ਰੁੱਖ ਨਾਲ ਕੀਤੀ ਗਈ ਹੈ। ਪਿਤਾ ਦਾ ਲਾਡ ,ਉਸ ਦੁਆਰਾ ਦਿੱਤਾ ਪਿਆਰ ਅਤੇ ਉਤਸ਼ਾਹ ਬੱਚੇ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਦਾ ਵਲ ਸਿਖਾਉਂਦਾ ਹੈ। ਜਦੋਂ ਬੱਚਾ ਆਪਣੇ ਪਿਤਾ ਦੀ ਉਂਗਲੀ ਫੜ ਕੇ ਤੁਰਨਾ ਸਿੱਖਦਾ ਹੈ ਤਾਂ ਪਿਤਾ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਪਿਤਾ ਦੇ ਦਬਕੇ ਵਿੱਚ ਵੀ ਪਿਆਰ ਦੀ ਖ਼ੁਸ਼ਬੂ ਭਰੀ ਹੁੰਦੀ ਹੈ ਜੋ ਉਸ ਨੂੰ ਜ਼ਿੰਦਗੀ ਦੀਆਂ ਮੁਸੀਬਤਾਂ ਨਾਲ ਦੋ ਹੱਥ ਕਰਨ ਦੇ ਸਮਰੱਥ ਬਣਾਉਂਦੀ ਹੈ। ਜ਼ਿੰਦਗੀ ਦੀਆਂ ਜੋ ਮੌਜ-ਬਹਾਰਾਂ, ਬੇਫ਼ ?ਕਰੀਆਂ ਅਤੇ ਬੇਪਰਵਾਹੀਆਂ ਭਰੀ ਜ਼ਿੰਦਗੀ ਦੇ ਪਲ ਬੱਚਾ ਆਪਣੇ ਪਿਤਾ ਦੇ ਸਿਰ ਤੇ ਗੁਜ਼ਾਰ ਲੈਂਦਾ ਹੈ, ਉਹ ਮੌਜ ਬਹਾਰਾਂ ਮੁੜ ਕੇ ਨਹੀਂ ਮਿਲਦੀਆਂ । ਇੱਕ ਕਹਾਵਤ ਹੈ,÷ਬਾਪੂ ਬਾਪੂ ਕਹਿੰਦੇ ਸੀ,ਬੜੇ ਸੌਖੇ ਰਹਿੰਦੇ ਸੀ।÷ਗੱਲ ਵੀ ਠੀਕ ਹੈ ਪਿਤਾ ਇੱਕ ਖ਼ਜ਼ਾਨੇ ਵਾਂਗ ਹੁੰਦਾ ਹੈ,ਬੱਚੇ ਨੂੰ ਜਿਹੜੀ ਚੀਜ਼ ਦੀ ਲੋੜ ਹੁੰਦੀ ਹੈ ਉਸ ਕੋਲ ਮੰਗਿਆਂ ਝੱਟ ਮਿਲ ? ਜਾਂਦੀ ਹੈ। ਉਂਝ ਤਾਂ ਪਿਤਾ ਕੋਈ ਯਾਦ ਰੱਖਣ ਵਾਲੀ ਗੱਲ ਨਹੀਂ ਹੈ ,ਜਿਸ ਲਈ ਕੋਈ ਇੱਕ ਦਿਨ ਨਿਸ਼ਚਤ ਕਰਕੇ ਸਿਰਫ ਉਸੇ ਦਿਨ ਹੀ ਯਾਦ ਕੀਤਾ ਜਾਵੇ, ਉਹ ਤਾਂ ਬੱਚੇ ਦੀ ਰਗ ਰਗ ਵਿੱਚ ਵਸਦਾ ਹੈ। ਵੈਸੇ ਪਿਤਾ ਦਿਵਸ ਆਮ ਤੌਰ 'ਤੇ ਹਰ ਸਾਲ ਜੂਨ ਮਹੀਨੇ ਦੇ ਤੀਸਰੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਪਿਤਾ ਦਿਵਸ ਦੀ ਸ਼ੁਰੂਆਤ ਅਮਰੀਕਾ ਤੋਂ ਹੋਈ ਸੀ। ਇਸਨੂੰ ਪਹਿਲੀ ਵਾਰ 1910 ਵਿੱਚ ਸੋਨੋਰਾ ਸਮਾਰਟ ਡੌਡ ਨਾਮਕ ਔਰਤ ਵੱਲੋਂ ਆਪਣੇ ਫੌਜੀ ਅਤੇ ਇਕੱਲੇ ਪਿਤਾ ਨੂੰ ਸਨਮਾਨਿਤ ਕਰਨ ਲਈ ਮਨਾਇਆ ਗਿਆ ਸੀ। ਉਨ੍ਹਾਂ ਦੇ ਪਿਤਾ ਵਿਲੀਅਮ ਜੈਕਸਨ ਇੱਕ ਵਿਧਵਾ ਫੌਜੀ ਸਨ, ਜਿਨ੍ਹਾਂ ਨੇ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਆਪਣੇ ਛੇ ਬੱਚਿਆਂ ਨੂੰ ਇਕੱਲਿਆਂ ਹੀ ਪਾਲਿਆ ਸੀ। ਸਾਲ 1924 ਵਿੱਚ, ਅਮਰੀਕੀ ਰਾਸ਼ਟਰਪਤੀ ਕੈਲਵਿਨ ਕੂਲਿਜ ਨੇ ਇਸ ਦਿਨ ਨੂੰ ਅਧਿਕਾਰਿਤ ਤੌਰ ਤੇ ਸਮਰਥਨ ਦਿੱਤਾ ਸੀ ਤੇ ਫਿਰ ਸਾਲ 1966 ਵਿੱਚ, ਰਾਸ਼ਟਰਪਤੀ ਲਿੰਡਨ ਬੀ. ਜੌਨਸਨ ਨੇ ਇੱਕ ਰਾਸ਼ਟਰੀ ਐਲਾਨ ਜਾਰੀ ਕੀਤਾ, ਜਿਸ ਨਾਲ ਜੂਨ ਦੇ ਤੀਜੇ ਐਤਵਾਰ ਨੂੰ ਅਧਿਕਾਰਤ ਤੌਰ 'ਤੇ ਪਿਤਾ ਦਿਵਸ ਘੋਸ਼ਿਤ ਕੀਤਾ ਗਿਆ। ਅੱਜ ਇਹ ਦਿਨ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਹਰ ਸਾਲ ਜੂਨ ਦੇ ਤੀਜੇ ਐਤਵਾਰ ਨੂੰ ਪਿਤਾ ਦੇ ਪਿਆਰ ਅਤੇ ਬਲੀਦਾਨ ਨੂੰ ਮਨਾਉਣ ਲਈ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਦਿਵਸ ਮਾਂ ਦਿਵਸ ਦੀ ਤਰਜ਼ ਤੇ ਹੀ ਸ਼ੁਰੂ ਕੀਤਾ ਗਿਆ ਸੀ। ਇਸ ਦਿਨ ਦੀ ਮਹੱਤਤਾ ਹਰ ਇੱਕ ਦੇ ਜੀਵਨ ਵਿੱਚ ਬਹੁਤ ਜ਼ਿਆਦਾ ਹੈ । ਇੱਕ ਪਿਤਾ ਉਹ ਵਿਅਕਤੀ ਹੁੰਦਾ ਹੈ ਜੋ ਹਮੇਸ਼ਾ ਆਪਣੇ ਬੱਚਿਆਂ ਦਾ ਸਮਰਥਨ ਕਰਨ ਲਈ ਡਟ ਕੇ ਖੜ੍ਹਾ ਦਿਖਾਈ ਦਿੰਦਾ ਹੈ।ਕਦੇ ਜ਼ਿੰਦਗੀ ਵਿੱਚ ਜਦੋਂ ਬੱਚਾ ਕੁਝ ਡਾਵਾਂਡੋਲ ਹੋ ਕੇ ਪਿੱਛੇ ਮੁੜਨ ਲੱਗੇ ਤਾਂ ਉਹ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਤਿਆਰ ਬਰ ਤਿਆਰ ਹੁੰਦਾ ਹੈ। ਪਿਤਾ ਆਪਣੇ ਬੱਚਿਆਂ ਦੀਆਂ ਸਾਰੀਆਂ ਜ਼ਰੂਰਤਾਂ ਦਾ ਧਿਆਨ ਰੱਖਦਾ ਹੈ ਅਤੇ ਉਸਨੂੰ ਸਾਰੀ ਉਮਰ ਹੌਂਸਲਾ ਦਿੰਦਾ ਹੈ। ਪਿਤਾ ਪਰਿਵਾਰ ਦੀ ਤਾਕਤ ਦਾ ਉਹ ਥੰਮ ?ਹ ਹੁੰਦਾ ਹੈ ਜੋ ਜ਼ਿੰਦਗੀ ਦੇ ਸਾਰੇ ਖੁਸ਼ਹਾਲ ਅਤੇ ਚੁਣੌਤੀ ਪੂਰਣ ਪਲਾਂ ਵਿੱਚ ਵੀ ਪਰਿਵਾਰ ਨੂੰ ਇਕਜੁੱਟ ਰੱਖਣ ਦੀ ਕੋਸ਼ਿਸ਼ ਵਿੱਚ ਲੱਗਿਆ ਰਹਿੰਦਾ ਹੈ। ਇਹ ਇੱਕ ਦਿਨ ਵੀ ਉਨ੍ਹਾਂ ਬੱਚਿਆਂ ਲਈ ਖਾਸ ਮਹੱਤਤਾ ਰੱਖਦਾ ਹੈ, ਜਿਹੜੇ ਅਧੁਨਿਕਤਾ ਅਤੇ ਪੈਸੇ ਦੀ ਹੋੜ ਵਿੱਚ ਕਿਸੇ ਹੋਰ ਹੀ ਚਮ ਚਮ ਕਰਦੀ ਨਵੀਂ ਦੁਨੀਆਂ ਦੇ ਰਾਹੀਂ ਚੜ੍ਹ ਗਏ ਹਨ। ਜਿਹਨਾਂ ਨੂੰ ਮਾਪਿਆਂ ਦੀ ਆਖੀ ਇੱਕ ਗੱਲ ਵੀ ਉਹਨਾਂ ਦੇ ਕੰਨਾਂ ਨੂੰ ਜ਼ਹਿਰ ਲੱਗਦੀ ਹੈ,ਇਹੋ ਜਿਹੇ ਬੱਚੇ ਆਪਣੀ ਝੂਠੀ ਦਿਖਾਵੇ ਦੀ ਦੁਨੀਆਂ ਨੂੰ ਖੁਸ਼ ਕਰਨ ਲਈ ਇਹ ਇੱਕ ਦਿਨ ਦਾ ਵਿਖਾਵਾ ਬਾਖ਼ੂਬੀ ਕਰਦੇ ਹਨ ਤੇ ਆਪਣੇ ਵਰਗੀ ਝੂਠੀ ਦੁਨੀਆ ਤੋਂ ਵਾਹ ਵਾਹ ? ਸੁਣ ਕੇ ਖੁਸ਼ ਹੁੰਦੇ ਹਨ। ਉਨਾਂ ਨੂੰ ਆਪਣੀਆਂ ਗਲਤ ਫਹਿਮੀਆਂ ਦੂਰ ਕਰਕੇ, ਆਪਣੇ ਪਿਤਾ ਦਾ ਸੱਚੇ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ । ਉਹਨਾਂ ਦੀਆਂ ਦੁਆਵਾਂ ਨਾਲ ਆਪਣੀ ਕਿਸਮਤ ਦਾ ਖਜ਼ਾਨਾ ਭਰਨ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਜੇਕਰ ਅਸੀਂ ਆਪਣੇ ਦਿਲ ਵਿੱਚ ਬਜ਼ੁਰਗਾਂ ਪ੍ਰਤੀ ਸਤਿਕਾਰ ਲੈ ਕੇ ਚੱਲਾਂਗੇ ਤਾਂ ਹਰ ਰੋਜ਼ ਹੀ 'ਹੈਪੀ ਫਾਦਰਜ਼ ਡੇ' ਹੋਵੇਗਾ। ਸਾਨੂੰ ਸਿਰਫ ਪਿਤਾ ਦਿਵਸ 'ਤੇ ਹੀ ਨਹੀਂ ਬਲਕਿ ਹਰ ਦਿਨ ਹੀ ਪਿਤਾ ਨੂੰ ਮਾਣ ਅਤੇ ਸਤਿਕਾਰ ਦੇਣਾ ਚਾਹੀਦਾ ਹੈ ਕਿਉਂ ਕਿ ਇਹ ਸਾਡੀ ਸੱਭਿਅਤਾ ਦਾ ਇੱਕ ਅਹਿਮ ਹਿੱਸਾ ਹੈ। ਅੱਜ ਕੱਲ ਰਿਸ਼ਤੇ ਨਾਤੇ ਫਿੱਕੇ ਪੈ ਰਹੇ ਹਨ। ਮਾਂ-ਬਾਪ ਬਿਰਧ ਆਸ਼ਰਮਾਂ ਵਿੱਚ ਰੁਲ਼ ਰਹੇ ਹਨ। ਜਿਸ ਪਿਤਾ ਨੇ ਆਪਣੇ ਪੁੱਤਰ ਨੂੰ ਉਂਗਲ ਲਾ ਕੇ ਤੁਰਨਾ ਸਿਖਾਇਆ ਹੁੰਦਾ ਹੈ, ਉਹੀ ਪੁੱਤਰ ਬੁਢਾਪੇ ਵਿੱਚ ਉਸਨੂੰ ਆਪਣੇ ਉੱਤੇ ਬੋਝ ਸਮਝਣ ਲੱਗ ਜਾਂਦਾ ਹੈ। ਪਿਤਾ ਦੀ ਖੰਘਣ ਦੀ ਆਵਾਜ਼ ਵੀ ਉਸਦੇ ਮਨ ਅੰਦਰ ਬੇਚੈਨੀ ਪੈਦਾ ਕਰਦੀ ਹੈ। ਬਹੁਤ ਸਾਰੇ ਮਾਪੇ ਅਜਿਹੇ ਹਨ, ਜਿਨ੍ਹਾਂ ਦੇ ਤਿੰਨ ਚਾਰ ਪੁੱਤਰ ਹਨ ਉਹ ਵੀ ਰੁਲ਼ਦੇ ਹਨ ਜਾਂ ਆਪਸ ਵਿੱਚ ਦਿਨ ਵੰਡ ਕੇ ਉਹਨਾਂ ਨੂੰ ਵਾਰੀ ਸਿਰ ਮਜ਼ਬੂਰੀ ਵੱਸ ਆਪਣੇ ਕੋਲ ਰੱਖਦੇ ਹਨ।ਕੀ ਕਦੇ ਸੋਚਿਆ ਹੈ ਕਿ ਮਾਪਿਆਂ ਨੇ ਤਾਂ ਸਾਰੇ ਬੱਚਿਆਂ ਨੂੰ ਇੱਕੋ ਜਿਹਾ ਪਿਆਰ ਦਿੱਤਾ ਸੀ ਫਿਰ ਇਹ ਗੱਲਾਂ ਅੱਜ ਦੀ ਪੀੜ੍ਹੀ ਵਿੱਚ ਕਿਉਂ ਖ਼ਤਮ ਹੋ ਰਹੀਆਂ ਹਨ। ਬੱਚੇ ਮਾਰਡਨ ਜ਼ਿੰਦਗੀ ਜਿਉਣ ਵਿੱਚ ਵਿਸ਼ਵਾਸ ਕਰਨ ਲੱਗ ਗਏ ਹਨ। ਉਨ੍ਹਾਂ ਵਿੱਚ ਵੱਡਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਬਹੁਤ ਘਟ ਗਈ ਹੈ। ਨਵੀਂ ਪੀੜ੍ਹੀ ਦੇ ਸਾਰੇ ਬੱਚਿਆਂ ਨੂੰ ਮੇਰੀ ਇਹੀ ਅਪੀਲ ਹੈ ਕਿ ਜਿਸ ਤਰ੍ਹਾਂ ਬਚਪਨ ਤੋਂ ਤੁਹਾਨੂੰ ਆਪਣੇ ਨਾਲ ਹਰ ਔਖੇ ਸੌਖੇ ਸਮੇਂ ਪਿਤਾ ਚਟਾਨ ਵਾਂਗ ਖੜ੍ਹਾ ਵਿਖਾਈ ਦਿੰਦਾ ਸੀ ਉਸੇ ਤਰ੍ਹਾਂ ਤੁਸੀਂ ਆਪਣੇ ਬਜ਼ੁਰਗ ਤੋਂ ਬਜ਼ੁਰਗ ਬਾਪ ਨਾਲ ? ਉਸ ਦੀ ਕਮਜ਼ੋਰ ਅਵਸਥਾ ਵਿੱਚ ਉਸ ਨਾਲ ? ਖੜ੍ਹੇ ਹੋਵੋਂਗੇ ਤਾਂ ਤੁਹਾਨੂੰ ਆਪਣਾ ਫਰਜ਼ ਨਿਭਾ ਕੇ ਖੁਸ਼ੀ ਤਾਂ ਮਿਲੇਗੀ ਹੀ ਨਾਲ ? ਜੱਗ ਵਿੱਚ ਵੀ ਤੁਹਾਡਾ ਮਾਣ ਵਧੇਗਾ।

# ਆਖਰੀ ਗੁਫ਼ਤਗੂ-ਇੱਕ ਟੀਸ

ਅਮਰਬੀਰ ਸਿੰਘ ਚੀਮਾ
9888940211

ਆਰਥਿਕ ਪੱਖੋਂ, ਜਾਤ-ਪਾਤ ਤੇ ਪੜ੍ਹਾਈ-ਲਿਖਾਈ ਦੀ ਸਮਾਨਤਾ ਦੇ ਬਾਵਜੂਦ ਕੁਝ ਅਖੌਤੀ ਰਿਸ਼ਤੇਦਾਰਾਂ, ਮਾਪਿਆਂ ਅਤੇ ਸਮਾਜ ਨੇ ਕੰਵਰ ਤੇ ਪ੍ਰੀਤ ਦੇ ਸੱਚੇ ਤੇ ਰੂਹਾਨੀ ਇਸ਼ਕ ਨੂੰ ਪ੍ਰਵਾਨ ਨਹੀਂ ਕੀਤਾ। ਕਈ ਦਿਨਾਂ ਤੀਕਰ ਕੰਵਰ ਦੇ ਘਰ ਸ਼ੀਤ ਯੁੱਧ ਚੱਲਦਾ ਰਿਹਾ ਪਰ ਉਸਦੇ ਘਰਦੇ ਆਪਣੇ ਫੈਸਲੇ 'ਤੇ ਬਜਿੱਦ ਸਨ। ਜਬਰੀ ਤੇ ਜਜ਼ਬਾਤੀ ਤਸੀਹਿਆਂ ਨੇ ਕੰਵਰ ਨੂੰ ਮਾਨਸਿਕ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ। ਲੱਖ-ਕਰੋੜ ਹੀਲੇ ਵਰਤਣ ਦੇ ਬਾਵਜੂਦ ਵੀ ਮੁਹੱਬਤ ਪ੍ਰਵਾਨ ਨਾ ਚੜ੍ਹਦੀ ਦੇਖ ਕੰਵਰ ਨੇ ਆਖਰ ਆਪਣੇ ਦਿਲ 'ਤੇ ਪੱਥਰ ਰੱਖ ਲਿਆ। ਪ੍ਰੀਤ ਨੂੰ ਆਪਣੀ ਜ਼ਿੰਦਗੀ 'ਚੋਂ ਸਦਾ ਲਈ ਦੂਰ ਕਰਨ ਲਈ ਕੰਵਰ ਨੇ ਉਸਨੂੰ ਉਹੀ ਥਾਂ 'ਤੇ ਅਖੀਰਲੀ ਵਾਰ ਮਿਲਣ ਲਈ ਬੁਲਾਇਆ, ਜਿੱਥੋਂ ਉਨ੍ਹਾਂ ਦੇ ਪਿਆਰ ਦੀ ਸ਼ੁਰੂਆਤ ਹੋਈ ਸੀ।

ਪਿਛਲੇ 5-6 ਸਾਲਾਂ ਦੌਰਾਨ ਜਦੋਂ ਵੀ ਪ੍ਰੀਤ ਨੂੰ ਮਿਲਣ ਨੂੰ ਬੁਲਾਇਆ, ਉਹ ਅੱਧੇ ਬੋਲ 'ਤੇ ਭੱਜੀ ਆਉਂਦੀ ਸੀ। ਹਰ ਵਾਰ ਵਾਂਗ ਅੱਜ ਵੀ ਉਹ ਇੱਕ ਫੋਨ ਕਾਲ 'ਤੇ ਸਾਹਮਣਿਓਂ ਮੁਸਕਰਾਹਟਾਂ ਬਖੇਰਦੀ ਹੋਈ ਕੰਵਰ ਵੱਲ ਆ ਰਹੀ ਸੀ। ਉਸਨੇ ਫਿੱਕੇ ਗੁਲਾਬੀ ਰੰਗ ਦੇ ਸੂਟ ਦੇ ਉੱਤੋਂ ਗੂੜ੍ਹੇ ਬ੍ਰਾਊਨ ਰੰਗ ਦੀ ਜੈਕਟ ਪਾਈ ਹੋਈ ਸੀ। ਆਪਣੀ ਆਦਤ ਮੁਤਾਬਿਕ ਖੱਬੇ ਹੱਥ ਦੀ ਉਂਗਲ 'ਚ ਆਪਣੇ ਸਕੂਟਰ ਦੀ ਚਾਬੀ ਘੁੰਮਾਉਂਦੀ ਤੇ ਦੂਜੇ ਹੱਥ ਨਾਲ ਮੱਥੇ 'ਤੇ ਡਿੱਗੀਆਂ ਜ਼ੁਲਫਾਂ ਨੂੰ ਸੰਵਾਰਦੀ ਹੋਈ ਨੇ ਕੋਲ ਆਉਂਦਿਆਂ ਹੀ ਮੁੰਡਿਆਂ ਵਾਂਗਰ ਆਪਣੀਆਂ ਅੱਖਾਂ ਦੇ ਭਰਵੱਟੇ ਉਤਾਂਹ ਚੁੱਕ ਕੇ ਕੰਵਰ ਦਾ ਹਾਲ ਚਾਲ ਪੁੱਛਿਆ ਸੀ। ਅੱਗੋਂ ਉਖੜੇ ਜਿਹੇ ਕੰਵਰ ਨੇ ਰਸਮੀ ਜਿਹਾ ਜਵਾਬ ਦਿੱਤਾ ਸੀ। ਚਹਿਕਦੀ ਹੋਈ ਪ੍ਰੀਤ ਕਹਿੰਦੀ, 'ਐਡੀ ਵੀ ਕੀ ਐਮਰਜੈਂਸੀ ਸੀ, ਪਤਾ ਵੀ ਹੈ ਟੈਸਟ ਸੀ ਮੇਰਾ ਅੱਜ ਕਾਲਜ 'ਚ, ਵਿੱਚੇ ਛੱਡ ਕੇ ਆਈ ਹਾਂ'। ਕੰਵਰ ਨੇ ਨਕਲੀ ਜਿਹੀ ਮੁਸਕਰਾਹਟ ਨਾਲ ਸਿਰਫ ਧੰਨਵਾਦ ਹੀ ਕਿਹਾ। ਹੈਰਾਨਗੀ ਜਿਹੀ 'ਚ ਅੱਖਾਂ ਮਟਕੇ ਕੇ ਪੁੱਛਣ ਲੱਗੀ, 'ਅੱਜ ਤਬੀਅਤ ਠੀਕ ਨਹੀਂ ਲੱਗਦੀ ਜਨਾਬ ਦੀ, ਦੇਖਿਓ ਕਿਤੇ ਕੋਈ ਹੋਰ ਤਾਂ ਨਹੀਂ ਲੱਭ ਲਈ, ਨਾਲੇ ਐਡੀਆਂ ਕਾਹਲੀਆਂ ਨਾ ਕਰਿਆ ਕਰੋ ਯਾਰ, ਸਾਨੂੰ ਹੋਰ ਵੀ ਕੰਮ ਹੁੰਦੇ ਨੇ'। 'ਹੁਣ ਆਪਾਂ ਸੀਰੀਅਸਲੀ ਗੱਲ ਕਰ ਲਈਏ ਜਿਸ ਲਈ ਮੈਂ ਬੁਲਾਇਆ', ਕੰਵਰ ਨੇ ਕਿਹਾ। 'ਹਾਏ ਓ ਰੱਬਾ, ਇੱਕ ਤਾਂ ਸੀਰੀਅਸ ਹੋਣਾ ਛੱਡ ਦਿਓ ਪਲੀਜ਼। ਨਾਲੇ ਮੇਰੀ ਗੱਲ ਸੁਣੋ, ਪਤੈ ਮੰਮੀ ਪੁੱਛਦੇ ਸੀ ਕਿ ਤੂੰ ਇਹ ਕੋਕਾ ਕਿੱਥੋਂ ਲਿਆਂਦੈ, ਤੂੰ ਤਾਂ ਕਦੀ ਨਾ ਕੰਨ ਬੰਨਾਏ, ਨਾ ਨੱਕ। ਚੱਲ ਛੱਡੋ, ਹੁਣ ਦੱਸੋ ਸੁੱਕੇ ਖੂਹ ਕੋਲ ਹੀ ਖੜ੍ਹਾ ਕੇ ਰੱਖਣਾ ਕਿ ਕੁਝ ਚਾਹ ਪਾਣੀ ਵੀ ਪੁੱਛੋਂਗੇ ਮੈਨੂੰ। ਇੰਨੀ ਧੁੰਦ ਪੈ ਰਹੀ ਹੈ ਰਸਤੇ 'ਚ, ਆਪ ਤਾਂ ਇਥੋਂ ਉੱਠ ਕੇ ਆ ਗਏ'।

ਅੱਧਾ ਪੌਣਾ ਘੰਟਾ ਤਾਂ ਏਦਾਂ ਹੀ ਨਖ਼ਰੇ ਨਿਹੋਰੇ ਕਰਦੇ ਲੰਘ ਗਿਆ। ਫਿਰ ਅਚਾਨਕ ਉਹ ਕਹਿੰਦੀ, 'ਅੱਛਾ ਸੱਚ ਦੱਸਿਓ ਕਿ ਸੱਚੀਂ ਹੀ ਬੁੱਧੂ ਜਿਹੇ ਹੋ ਕਿ ਮੈਨੂੰ ਬੁੱਧੂ ਬਣਾਈ ਜਾਂਦੇ ਓ ਇੰਨੇ ਸਾਲਾਂ ਦੇ'। ਕੰਵਰ ਨੇ ਪੁੱਛਿਆ 'ਕਿਉਂ'' ? 'ਕਿਉਂ ਕੀ, ਜੱਟੀ ਨੇ ਮਨਾ ਲਏ ਨਾ ਆਪਣੇ ਘਰ ਦੇ। ਤੁਸੀਂ ਪਤਾ ਨਹੀਂ ਕਦੋਂ ਗੱਲ ਕਰਨੀ ਆਪਣੇ ਪੇਰੈਂਟਸ ਨਾਲ, ਮੈਨੂੰ ਲੱਗਦਾ ਨਹੀਂ ਕਿ ਗੱਲ ਕਰੋਂਗੇ ਤੁਸੀਂ, ਫੁਕਰੀਆਂ ਮਾਰਨ ਜੋਗੇ ਹੀ ਓਂ'। ਤੁਰਦੇ ਤੁਰਦੇ ਉਹ ਦੋਵੇਂ ਉਸੇ ਖੰਡਰ ਕੋਲ ਚਲੇ ਗਏ ਜਿੱਥੇ ਕਈ ਥਾਵਾਂ 'ਤੇ ਉਨ੍ਹਾਂ ਦੋਵਾਂ ਦੇ ਨਾਂ ਉੱਕਰੇ ਹੋਏ ਸਨ। ਫਿਰ ਪ੍ਰੀਤ ਬੋਲੀ, 'ਅੱਛਾ ਹੁਣ ਸਮਝ ਲੱਗੀ ਐ ਮੈਨੂੰ ਕਿ ਕਾਹਦੇ ਲਈ ਬੁਲਾਇਐ। ਮੇਰੀ ਗੱਲ ਸੁਣੋ ਹੋਰ ਨਾਮ ਨਹੀਂ ਲਿਖਣੇ ਇੱਥੇ ਹੁਣ, ਪਤਾ ਨਹੀਂ ਕੌਣ-ਕੌਣ ਆਉਂਦੈ ਇੱਥੇ, ਤੁਹਾਨੂੰ ਤਾਂ ਕੋਈ ਫਰਕ ਨਹੀਂ ਪੈਂਦਾ, ਛੁੱਟੀਆਂ ਕੱਟ ਕੇ ਚਲੇ ਜਾਣੈ ਵਾਪਸ, ਪਰ ਮੈਨੂੰ ਪਤੈ ਕਿੰਨੇ ਜੁਆਬ ਦੇਣੇ ਪੈਂਦੇ ਨੇ'। ਕੰਵਰ ਨੀਝ ਨਾਲ ਪ੍ਰੀਤ ਦੀਆਂ ਝੀਲ ਵਰਗੀਆਂ ਡੂੰਘੀਆਂ ਅੱਖਾਂ ਨੂੰ ਨਿਹਾਰਦਾ ਰਿਹਾ, ਜਦੋਂ ਤੱਕ ਉਸ ਨੇ ਝੁੰਜਲਾਹਟ ਜਿਹੀ 'ਚ ਨੀਵੀਂ ਨਾ ਪਾ ਲਈ। ਉਸ ਦੇ ਗੁਲਾਬੀ ਚਿਹਰੇ ਦਾ ਰੰਗ ਲਾਲ ਸੁਰਖ ਹੋ ਗਿਆ। ਕਹਿੰਦੀ, 'ਏਦਾਂ ਕਿਉਂ ਦੇਖਦੇ ਓ ਮੈਨੂੰ, ਪਹਿਲਾਂ ਕਦੇ ਦੇਖਿਆ ਨਹੀਂ ਕੀ' ? ਜਜ਼ਬਾਤਾਂ ਦੇ ਪੂਰੇ ਰੌਂਅ 'ਚ ਵਹਿੰਦੀਆਂ ਕੰਵਰ ਨੇ ਕਿਹਾ, 'ਦੇਖ ਲੈਣ ਦੇ ਅੱਜ ਜੀਅ ਭਰਕੇ ਯਾਰ, ਸ਼ਾਇਦ ਅੱਜ ਤੋਂ ਬਾਅਦ ਮੈਂ ਤੈਨੂੰ ਕਦੇ ਨਾ ਦੇਖ ਸਕਾਂ। ਸ਼ਾਇਦ, ਸ਼ਾਇਦ ਨਹੀਂ, ਸੱਚਮੁੱਚ ਆਪਾਂ ਅੱਜ ਆਖਰੀ ਵਾਰ ਮਿਲ ਰਹੇ ਹਾਂ ਪ੍ਰੀਤ'। ਕੰਵਰ ਨੂੰ ਚਿੜ੍ਹਾਉਂਦੀ ਹੋਈ ਪ੍ਰੀਤ ਕਹਿਣ ਲੱਗੀ, 'ਆਹੋ, ਆਖ਼ਰੀ ਵਾਰ ਮਿਲ ਰਹੇ ਆਂ ਪ੍ਰੀਤ.., ਥੋਨੂੰ ਪਤੈ ਨਾ ਮੈਨੂੰ ਇਹ ਗੱਲ ਮਜ਼ਾਕ 'ਚ ਵੀ ਭੋਰਾ ਪਸੰਦ ਨਹੀਂ'। ਕੰਵਰ ਨੇ ਉਦਾਸੀ ਭਰੇ ਲਹਿਜ਼ੇ ਨਾਲ ਕਿਹਾ, 'ਦੇਖ ਪ੍ਰੀਤ, ਹਰ ਹੀਲਾ ਵਰਤਿਆ ਤੈਨੂੰ ਪਾਉਣ ਦਾ, ਪਰ ਰੱਬ ਨੇ ਨਸੀਬਾਂ 'ਚ ਆਪਣਾ ਮੇਲ ਨਹੀਂ ਲਿਖਿਆ। ਮੇਰੇ ਘਰਦਿਆਂ ਨੇ ਅਗਲੇ ਮਹੀਨੇ ਮੇਰਾ ਵਿਆਹ ਕਰ ਦੇਣੈ, ਬਸ ਤੂੰ ਮੈਨੂੰ .... ਮੁਆਫ ਕਰ ਦੇਵੀਂ, ਜੇ ਹੋ ਸਕਿਆ ਤਾਂ'। ਕਾਰਨ ਪੁੱਛਣ 'ਤੇ ਕੰਵਰ ਨੇ ਮਨ ਕੈੜਾ ਕਰਦਿਆਂ ਇੱਕੋ ਸਾਹੇ ਸਾਰੀ ਗੱਲ ਦੱਸਦਿਆਂ ਕਿਹਾ, 'ਪਤਾ ਨਹੀਂ ਕਿਉਂ, ਮੈਨੂੰ ਕੁਝ ਸਮਝ ਨਹੀਂ ਆ ਰਿਹਾ, ਪਰ ਅੱਜ ਤੋਂ ਬਾਅਦ ਸਭ ਕੁਝ ਕਿਸੇ ਸੁਪਨੇ ਵਾਂਗ ਭੁੱਲ ਜਾਵੀਂ, ਸ਼ਾਇਦ ਤੇਰੀ ਬੇਬਾਕੀ ਪਸੰਦ ਨਹੀਂ ਉਨ੍ਹਾਂ ਨੂੰ..., ਬਸ ਤੂੰ ਮੈਨੂੰ ਭੁੱਲ ਜਾਵੀਂ ਯਾਰ। ਅੱਜ ਤੋਂ ਬਾਅਦ ਮੈਂ ਤੈਨੂੰ ਕਿਧਰੇ ਨਜ਼ਰ ਨਹੀਂ ਆਉਣਾ। ਸਮਝ ਲਵੀਂ ਕਿ ਇਹ ਇੱਕ ਅਧੂਰਾ ਖਵਾਬ ਸੀ। ਭਾਵੇਂ ਮੈਂ ਹਰ ਕੋਸਿਸ਼ ਕੀਤੀ ਪਰ ਤਾਂ ਵੀ ਮੈਂ ਤੇਰਾ ਗੁਨਾਹਗਾਰ ਹਾਂ ਪ੍ਰੀਤ। ਇੰਨਾ ਵਾਅਦਾ ਮੇਰਾ ਕਿ ਆਖਰੀ ਸਾਹ ਤੱਕ ਤੂੰ ਮੇਰੇ ਅੰਗ ਸੰਗ ਰਹੇਂਗੀ। ਚੰਗਾ, ਅਲਵਿਦਾ!'

ਪ੍ਰੀਤ ਨੇ ਪਿੱਛੇ ਮੁੜਨ ਲੱਗੇ ਕੰਵਰ ਦਾ ਹੱਥ ਇੰਨੇ ਜੋਰ ਨਾਲ ਫੜਿਆ ਕਿ ਕੰਵਰ ਚਾਹ ਕੇ ਵੀ ਛੁੜਾ ਨਾ ਸਕਿਆ। ਆਪਣੀਆਂ ਭਿੱਜੀਆਂ ਅੱਖਾਂ ਕੰਵਰ 'ਤੇ ਟਿਕਾ ਦਿੱਤੀਆਂ ਤੇ ਵਾਸਤਾ ਜਿਹਾ ਪਾ ਕੇ ਪੁੱਛਣ ਲੱਗੀ ਕਿ ਦੱਸੋ ਮੇਰੀਆਂ ਅੱਖਾਂ 'ਚ ਕਿਤੇ ਪਿਆਰ ਦੀ ਘਾਟ ਨਜ਼ਰ ਆ ਰਹੀ ਹੈ ਤੁਹਾਨੂੰ। ਉਹੀ ਝੀਲ ਵਰਗੀਆਂ ਅੱਖਾਂ 'ਚੋਂ ਹੰਝੂਆਂ ਦੀ ਐਸੀ ਝੜੀ ਲੱਗੀ ਕਿ ਸਵੇਰ ਤੋਂ ਦੁਪਹਿਰ ਹੋ ਗਈ, ਪਰ ਪ੍ਰੀਤ ਚੁੱਪ ਨਾ ਹੋਈ। ਸਮੇਂ ਦਾ ਉਹ ਮੰਜ਼ਰ ਇਸ ਤਰ੍ਹਾਂ ਲੱਗਦਾ ਸੀ ਜਿੱਦਾਂ ਵਕਤ ਦੀਆਂ ਸੂਈਆਂ ਰੁਕ ਗਈਆਂ ਹੋਣ। ਕੰਵਰ ਦੀ ਛਾਤੀ 'ਤੇ ਮੁੱਕੀਆਂ ਮਾਰ-ਮਾਰ ਕਮੀਜ਼ ਦਾ ਬਟਨ ਤੋੜ ਦਿੱਤਾ ਸੀ। ਰੋਂਦੀ-ਰੋਂਦੀ ਕਹਿੰਦੀ, 'ਬਸ ਸਿਰਫ਼ ਇੰਨਾ ਕਹਿ ਦੋ ਕਿ ਤੁਸੀਂ ਮੇਰੇ ਨਾਲ ਹੋ। ਮੈਂ ਆਪੇ ਤੁਹਾਡੇ ਘਰਦਿਆਂ ਨੂੰ ਮਨਾ ਲਊਂ, ਮੈਂ ਸਾਰੀ ਦੁਨੀਆਂ ਨਾਲ ਲੜਲੂੰ, ਬਸ ਤੁਸੀਂ ਮੇਰੇ ਨਾਲ ਓ, ਦੱਸੋ ਨਾ ਪਲੀਜ਼ ਯਾਰ, ਮੈਨੂੰ ਸਮਝ ਨਹੀਂ ਆ ਰਹੀ ਕਿ ਆਖਰ ਗੱਲ ਕੀ ਹੋ ਗਈ, ਹੈਗੇ ਓ ਨਾ ਮੇਰੇ ਨਾਲ ਤੁਸੀਂ' ? ਉਸ ਦੀਆਂ ਉਹ ਉਮੀਦ ਤੇ ਹਸਰਤ ਭਰੀਆਂ ਅੱਖੀਆਂ ਨੂੰ ਮਜਬੂਰੀ ਵੱਸ ਨਾ-ਉਮੀਦ ਕਰ ਕੰਵਰ ਉਸ ਦੀ ਜ਼ਿੰਦਗੀ ਤੋਂ ਹਮੇਸ਼ਾਂ ਲਈ ਰੁਖਸਤ ਹੋ ਗਿਆ। ਉਸ ਦਿਨ ਤੋਂ ਬਾਅਦ ਪ੍ਰੀਤ ਕਦੇ ਵੀ ਉਸਨੂੰ ਨਾ ਮਿਲੀ ਅਤੇ ਨਾ ਹੀ ਕੰਵਰ ਕਦੇ ਉਹ ਪਹਿਲੀ ਤੇ ਅਖੀਰੀ ਮੁਲਾਕਾਤ ਵਾਲੀ ਉਹ ਜੂਹ ਟੱਪ ਸਕਿਆ। ਨੇਕ ਬਰੰਗ ਨੇ ਇਹ ਸਤਰਾਂ ਜਿੱਦਾਂ ਕੰਵਰ ਲਈ ਹੀ ਲਿਖੀਆਂ ਹੋਣ-

ਇਸ਼ਕ ਤੇਰੇ ਨੂੰ ਸਾਰੀ ਜ਼ਿੰਦਗੀ ਚੇਤੇ ਰੱਖਾਂਗੇ,
ਇਹ ਵੀ ਵਾਅਦਾ ਕਿਸੇ ਨੂੰ ਤੇਰਾ ਨਾਂ ਨਹੀਂ ਦੱਸਾਂਗੇ।

# ਕੀ ਸੱਚੀਉਂ ਔਰਤਾਂ ਸੁਰੱਖਿਅਤ ਹਨ?

ਹਰ ਖੇਤਰ ਵਿੱਚ ਔਰਤ ਨੇ ਵੱਡਮੁੱਲਾ ਯੋਗਦਾਨ ਪਾਇਆ।ਉਸ ਨੇ ਖੰਡਰਾਂ ਨੂੰ ਘਰ ਬਣਾਇਆ।ਆਪਣੀ ਹਿੰਮਤ ਤੇ ਦਲੇਰੀ ਨਾਲ ਉਹ ਮਰਦ ਦੇ ਮੋਢੇ ਦੇ ਨਾਲ ਮੋਢਾ ਜੋੜ ਕੇ ਚੱਲੀ ਹੀ ਨਹੀਂ ਬਲ ਕਿ ਉਸ ਤੋਂ ਵੀ ਅੱਗੇ ਨਿਕਲ ਗਈ। ਇੱਕ ਪੜ੍ਹੀ ਲਿਖੀ ਅਤੇ ਅੱਗੇ ਨਿਕਲ ਚੁੱਕੀ ਔਰਤ ਵੀ ਜੁਲਮ ਦਾ ਸ਼ਿ ?ਕਾਰ ਹੁੰਦੀ ਹੈ, ਫਿਰ ਅਨਪੜ੍ਹ ਪੇਂਡੂ ਤੇ ਗਰੀਬ ਔਰਤਾਂ ਦੀ ਦੁਰਦਸਾ ਦਾ ਅੰਦਾਜਾ ਲਗਾਉਣਾ ਕੋਈ ਮੁਸਕਲ ਨਹੀਂ ਹੈ। ਅੱਜ ਸਭ ਤੋਂ ਵੱਡੀ ਲੋੜ ਔਰਤ ਵਰਗ ਨੂੰ ਇਕ ਮੁੱਠ ਹੋਣ ਤੇ ਆਪਣੀ ਸਕਤੀ ਪਹਿਚਾਨਣ ਦੀ ਹੈ। ਕੀ ਔਰਤ ਇੰਨੀ ਬੇਸਹਾਰਾ ਤੇ ਕਮਜੋਰ ਹੈ ਕਿ ਜਿਸ ਦਾ ਦਿਲ ਕਰੇ, ਉਸ ਨੂੰ ਘਰੋਂ ਚੁੱਕ ਕੇ ਲੈ ਜਾਵੇ।ਜਿਸ ਦਾ ਦਿਲ ਕਰੇ ਇਸ ਨਾਲ ਵਿਆਹ ਕਰਵਾਉਣ ਨੂੰ ਉਹ ਵਿਆਹ ਕਰਵਾ ਲਵੇ, ਜੇ ਕੋਈ ਨਾ ਮੰਨੇ ਤਾਂ ਉਸ ਨੂੰ ਤੇਜਾਬ ਨਾਲ ਜਲਾ ਦਿੱਤਾ ਜਾਵੇ। ਜਿੱਥੇ ਦਿਲ ਕਰੇ ਇਸ ਨਾਲ ਬਲਾਤਕਾਰ ਕੀਤਾ ਜਾਵੇ ਉਹ ਥਾਂ ਭਾਵੇਂ ਬੱਸ ਹੋਵੇ, ਟ੍ਰੇਨ ਹੋਵੇ,ਖੇਤ ਜਾਂ ਕੁਝ ਹੋਰ। ਆਖਿਰ ਕਿਉਂ ? ਮਾਂ ਦੀ ਗੋਦੀ ਵਿੱਚ ਖੇਡਣ ਵਾਲੀਆਂ ਮਾਸੂਮ ਬੱਚੀਆਂ ਦੇ ਵੀ ਬਲਾਤਕਾਰ ਕੀਤੇ ਜਾਂਦੇ ਹਨ।ਕੀ ਕਦੀ ਸੋਚਿਆ ਕਿਸੇ ਨੇ ਕਿ ਜਿੰਨਾ ਬੱਚੀਆਂ ਨਾਲ ਅਜਿਹੇ ਹਾਦਸੇ ਹੋਏ ਹੋਣਗੇ ਉਹ ਕਿਵੇਂ ਰੋਜ ਤਿਲ ਤਿਲ ਮਰਦੀਆਂ ਹੋਣਗੀਆਂ ?

ਜੁਰਮ ਦੀ ਹੱਦ ਦੇਖੋ ਕਿ ਔਰਤਾਂ ਦਾ ਬਲਾਤਕਾਰ ਆਂਢ ਗੁਆਂਢ ਜਾਂ ਰਿਸਤੇਦਾਰਾਂ ਵਿੱਚ ਹੀ ਚਾਚੇ ਮਾਮੇ ਜਾਂ ਭਰਾ ਲਗਦੇ ਦਰਿੰਦੇ ਹੀ ਔਰਤਾਂ ਨੂੰ ਨੋਚ ਨੋਚ ਖਾ ਗਏ। ਰੋਜ ਅਖਬਾਰਾਂ ਦੀਆਂ ਖਬਰਾਂ ਦਿਲ ਕੰਬਾਊਂ ਹਨ। ਕੀ ਇਸੇ ਭਾਰਤ ਨੂੰ ਲੋਕ ਮਹਾਨ ਕਹਿੰਦੇ ਹਨ ? ਇੱਕ ਮਰਦ ਨੂੰ ਦੁਨੀਆਂ ਤੇ ਆਉਣ ਲਈ ਔਰਤ ਦੀ ਕੁੱਖ ਦੀ ਲੋੜ ਪੈਂਦੀ ਹੈ ਤੇ ਵੱਡੇ ਹੋਣ ਲਈ ਔਰਤ ਦੇ ਦੁੱਧ ਦੀ ਲੋੜ ਪੈਂਦੀ ਹੈ।ਇਹ ਔਰਤ ਹੀ ਹੈ ਸੋ ਜਣੇਪੇ ਦੀਆਂ ਪੀੜਾਂ ਸਹਿ ਕੇ ਬੱਚੇ ਨੂੰ ਜਨਮ ਦਿੰਦੀ ਹੈ ਤੇ ਗਿੱਲੀ ਥਾਂ ਤੇ ਆਪ ਸੌਂ ਕੇ ਬੱਚੇ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ। ਉਸ ਦੀਆਂ ਕੁਰਬਾਨੀਆਂ ਦਾ ਮੁੱਲ ਨਸੇੜੀ ਪੁੱਤ ਉਸ ਨੂੰ ਘਰੋਂ ਕੱਢ ਕੇ ਪਾਉਂਦੇ ਹਨ। ਨਸ਼ਿ ?ਆਂ ਦੇ ਹੜ੍ਹ ਵਗ ਰਹੇ ਤੇ ਪੈਰ ਪੈਰ ਤੇ ਠੇਕੇ ਖੁੱਲ੍ਹ ਗਏ। ਮੇਰੇ ਦੇਸ ਦੀਏ ਧੀਓ ਭੈਣੋਂ। ਸਮੁੱਚੀ ਔਰਤ ਵਰਗ ਨੂੰ ਹੁਣ ਅੱਗੇ ਆਉਣ ਦੀ ਲੋੜ ਹੈ। ਪਾਊਡਰ, ਕਰੀਮਾਂ, ਸੈਂਡਲਾਂ, ਸਾੜੀਆਂ ਤੇ ਨਕਲੀ ਗਹਿਣਿਆਂ ਤੋਂ ਉੱਚਾ ਉੱਠੋ। ਟੀ ਵੀ ਸੀਰੀਅਲ ਦੇਖ ਕੇ ਜ਼ਿ ?ਦਗੀ ਬਦਲਣ ਵਾਲੀ ਨਹੀਂ ਹੈ। ਕੁਝ ਰੱਜੇ ਪੁੱਜੇ ਘਰਾਂ ਦੀਆਂ ਔਰਤਾਂ ਨੂੰ ਛੱਡ ਕੇ ਆਮ ਔਰਤ ਦੀ ਸਥਿਤੀ ਤਾਂ ਦੇਖੋ। ਕਿਵੇਂ ਔਰਤਾਂ ਸਰਾਬੀ ਪਤੀਆਂ ਤੇ ਪੁੱਤਾਂ ਹੱਥੋਂ ਹਰ ਰੋਜ ਤਾਰ ਤਾਰ ਹੁੰਦੀਆਂ ਹਨ। ਦਹੇਜ ਦੀ ਲਾਹਨਤ ਕਰਕੇ ਕਈ ਲੋਕਾਂ ਦੀਆਂ ਧੀਆਂ ਮਾਪਿਆਂ ਦੇ ਘਰ ਬੈਠੀਆਂ ਹਨ। ਰੋਜ ਦੀ ਵਧਦੀ ਮਹਿੰਗਾਈ ਨੇ ਔਰਤਾਂ ਦੇ ਵਾਲ ਚਿੱਟੇ ਕਰ ਦਿੱਤੇ ਹਨ। ਮਾਨਸਿਕ ਪ੍ਰੇਸਾਨੀ ਚ ਫਸੀਆਂ ਔਰਤਾਂ ਬਾਬਿਆਂ ਦੇ ਚੱਕਰਾਂ ਵਿਚ ਫਸਦੀਆਂ ਹਨ। ਇਕ ਆਮ ਘਰੇਲੂ ਔਰਤ ਇਕ ਦਿਨ ਕੰਮ ਕਰਨਾ ਛੱਡ ਦੇਵੇ ਤਾਂ ਸੋਚੋ ਕੀ ਹਾਲਤ ਹੋਵੇਗੀ।ਇਕ ਦਿਨ ਵਿਚ ਇਕ ਘਰ ਵਿਚ ਤਿੰਨ ਵਾਰ ਖਾਣਾ ਬਣਦਾ ਹੈ। ਔਰਤ ਤੋਂ ਬਿਨਾਂ ਕਲਪਨਾ ਕਰੋ ਕਿ ਦੁਨੀਆਂ ਕਿਹੋ ਜਿਹੀ ਹੋਵੇਗੀ। ਸੋ ਅਜੇ ਵੀ ਵੇਲਾ ਹੈ ਸੰਭਲ ਜਾਓ ਔਰਤ ਦੇ ਹੱਕ ਵਿੱਚ ਆਵਾਜ ਉਠਾਓ। ਔਰਤ ਨੂੰ ਮਾਂ,ਭੈਣ, ਪਤਨੀ ਤੇ ਦੀ ਦੇ ਰੂਪ ਵਿੱਚ ਇੱਜਤ ਦਿਵਾਓ। ਉਸ ਲਈ ਸੁਰੱਖਿਆ ਪ੍ਰਦਾਨ ਕਰੋ। ਸੁਰੱਖਿਆ ਔਰਤ ਦਾ ਹੱਕ ਹੈ,ਭੀਖ ਨਹੀਂ। ਇੱਕ ਔਰਤ ਹੀ ਬਚਪਨ ਤੋਂ ਬੁਢਾਪੇ ਤੱਕ ਹਰ ਮਨੁੱਖ ਨੂੰ ਸੰਭਾਲਦੀ ਹੈ। ਉਹ ਔਰਤ ਚਾਹੇ ਮਾਂ ਹੋਵੇ, ਪਤਨੀ ਹੋਵੇ,ਭੈਣ ਹੋਵੇ,ਧੀ ਹੋਵੇ।ਜੇ ਔਰਤ ਵੱਡੇ ਵੱਡੇ ਟੱਬਰ ਇਕੱਲਿਆਂ ਸੰਭਾਲਦੀ ਹੈ ਤੇ ਆਖਿਰ ਵੱਡਾ ਟੱਬਰ ਇਕ ਇਕੱਲੀ ਸਿਆਣੀ ਔਰਤ ਨੂੰ ਨਹੀਂ ਸੰਭਾਲ ਸਕਦਾ।ਔਰਤਾਂ ਪਰਿਵਾਰ ਲਈ ਸਾਰਾ ਦਿਨ ਕੰਮ ਕਰਦੀਆਂ ਹਨ ਫਿਰ ਵੀ ਉਨ੍ਹਾਂ ਨੂੰ ਵਿਹਲੀਆਂ ਸਮਝਿਆ ਜਾਂਦਾ ਹੈ। ਮਜਦੂਰ ਔਰਤਾਂ ਨੂੰ ਬੰਦਿਆਂ ਦੇ ਬਰਾਬਰ ਦਿਹਾੜੀ ਤੱਕ ਨਹੀਂ ਦਿੱਤੀ ਜਾਂਦੀ। ਇੱਥੋਂ ਤੱਕ ਕਿ ਕਈ ਔਰਤਾਂ ਦੀ ਮਜਦੂਰੀ ਵੀ ਨਸੇੜੀ ਪੁੱਤ ਜਾਂ ਨਸੇੜੀ ਪਤੀ ਖੋਹ ਲੈਂਦੇ ਹਨ।ਇੰਨੀ ਬੇਇਨਸਾਫੀ ਔਰਤਾਂ ਨਾਲ ਕਿਉਂ ? ਕਿਉਂ ਨੇ ਬੇਵੱਸ ਤੇ ਮਜਬੂਰ ਔਰਤਾਂ ? ਕਿਉਂ ਹਰ ਗਲੀ ਤੇ ਸਹਿਰ ਵਿਚ ਔਰਤ ਦੀ ਇੱਜਤ ਨੂੰ ਖਤਰਾ ਹੈ ? ਆਖ਼ਿ ?ਰ ਕਿਉਂ ਔਰਤ ਨੂੰ ਜਨਮ ਲੈ ਕੇ ਲੱਗਦੈ ਕਿ ਉਹ ਔਰਤ ਨਾ ਹੁੰਦੀ! ਕੀ ਸੱਚੀਉਂ ਔਰਤਾਂ ਸੁਰੱਖਿਅਤ ਹਨ ???

**ਰਾਜਿੰਦਰ ਰਾਣੀ**
**ਪਿੰਡ ਗੰਢੂਆਂ ਸੰਗਰੂਰ**

# ਪਾਨੇ ਨੇ ਖ਼ੂਨ ਨਾਲ ਇਸ਼ਨਾਨ ਕਰ ਕੇ ਰੱਬ ਨੂੰ ਮੱਥਾ ਟੇਕਿਆ ਕਿ ਦੂਤ ਵੀ ਇਸ ਪੂਜਾ ਨੂੰ ਦੇਖ ਕੇ ਹੈਰਾਨ ਰਹਿ ਗਏ

## ਹਜ਼ਰਤ ਇਮਾਮ ਹੁਸੈਨ (ਅ.) ਜਿਨ੍ਹਾਂ ਨੇ ਜ਼ਹਿਰ ਦੀ ਨਦੀ ਵਿੱਚੋਂ ਜੀਵਨ ਦੇਣ ਵਾਲਾ ਪਾਣੀ ਪੀਤਾ ਸੀ

ਜ਼ਫ਼ਰ ਇਕਬਾਲ
ਜ਼ਫ਼ਰ ਲਾਹੌਰ ਪਾਕਿਸਤਾਨ

ਸਯਿਦੁਨਾ ਹੁਸੈਨ ਰ.ਏ. ਦਾ ਪੁੱਤਰ, ਬਨੂ ਹਾਸ਼ਿਮ ਦਾ ਪੁੱਤਰ ਅਤੇ ਸਯਿਦਨਾ ਅਲੀ ਮੁਰਤਜ਼ਾ ਆਰ.ਏ. ਦਾਧਯਾਲ ਦੁਆਰਾ, ਅਤੇ ਨਨਿਯਾਲ ਦੁਆਰਾ, ਨਜੀਬ ਤਰਫੀਨ ਹਾਸ਼ਮੀ ਸੱਯਦਾ ਨਾਸਾ ਅਲ-ਅਲਾਮੀਨ ਫਾਤਿਮਾ ਜ਼ਾਹਰਾ (ਰਾ) ਅਤੇ ਪੈਗੰਬਰ ਦੇ ਘਰ ਦਾ ਚਮਕਦਾਰ ਰੋਸ਼ਨੀ ਹੈ ਹੁਸੈਨ, ਜਿਸਦਾ ਜਨਮ 5 ਸ਼ਬਾਨ 4 ਏ.ਐਚ. ਵਿੱਚ ਹੋਇਆ ਸੀ, ਆਪਣੇ ਯੁੱਗ ਵਿੱਚ ਸਨਮਾਨ, ਉਚਾਈ ਅਤੇ ਮਹਾਨਤਾ ਦੇ ਰੂਪ ਵਿੱਚ ਅਰਬਾਂ ਦੇ ਪਰਿਵਾਰ ਵਿੱਚ ਇੱਕ ਪ੍ਰਮੁੱਖ ਨਾਮ ਹੈ।

ਹਜ਼ਰਤ ਹੁਸੈਨ ਦੀ ਸ਼ਹਾਦਤ ਨੂੰ ਉਦੋਂ ਹੀ ਸਮਝ ਆਉਂਦਾ ਹੈ ਜਦੋਂ ਉਨ੍ਹਾਂ ਦੀ ਸ਼ਹਾਦਤ ਦਾ ਗਮ ਆਪਣੀ ਥਾਂ ਰੱਖਦਾ ਹੈ, ਪਰ ਹੁਸੈਨ ਦਾ ਜੀਵਨ ਅਸਲ ਵਿੱਚ ਅੱਲ੍ਹਾ ਦੇ ਦੂਤ ਦਾ ਸੰਪੂਰਨ ਪ੍ਰਤੀਬਿੰਬ ਹੈ ਆਰ.ਏ., ਧਾਰਮਿਕ ਵਿਗਿਆਨ ਅਤੇ ਸੰਪੂਰਨਤਾ ਤੋਂ ਇਲਾਵਾ, ਅਰਬ ਯੁੱਗ ਦੇ ਪ੍ਰਸਿੱਧ ਵਿਗਿਆਨ ਅਤੇ ਕਲਾਵਾਂ ਵਿੱਚ ਵੀ ਨਿਪੁੰਨ ਸਨ, ਉਸਨੇ ਕਿਹਾ: ਉਹ ਵਚਨਬੱਧਤਾ ਅਤੇ ਵਾਕਫੀਅਤ ਦਾ ਸਭ ਤੋਂ ਵਧੀਆ ਮਾਸਟਰ ਹੈ, ਇਸੇ ਤਰ੍ਹਾਂ, ਉਸ ਦੇ ਦਇਆ ਅਤੇ ਬੁੱਧੀਮਾਨ ਕਹਾਵਤਾਂ ਨੈਤਿਕਤਾ ਵਿੱਚ ਇੱਕ ਮਹਾਨ ਸਬਕ ਹਨ ਅਤੇ ਉਹ ਬਹੁਤ ਹੀ ਪਵਿੱਤਰ ਅਤੇ ਤਪੱਸਵੀ ਸਨ, ਜੋ ਕਿ ਅੱਲ੍ਹਾ ਦੇ ਹੁਕਮਾਂ, ਨਮਾਜ਼, ਜ਼ਕਾਤ, ਹੱਜ ਅਤੇ ਸੇਵਕਾਂ ਦੇ ਅਧਿਕਾਰਾਂ ਦੀ ਪਾਲਣਾ ਕਰ ਰਹੇ ਸਨ ਜਦੋਂ ਉਨ੍ਹਾਂ ਨੇ ਤੁਹਾਨੂੰ ਵੇਖਿਆ ਤਾਂ ਉਨ੍ਹਾਂ ਨੇ ਕਿਹਾ, ÷ਹੇ ਦੂਤ ਦੇ ਪੁੱਤਰ, ਕਿਰਪਾ ਕਰਕੇ ਉਨ੍ਹਾਂ ਦੇ ਕਹਿਣ @ਤੇ, ਤੁਸੀਂ ਭੋਜਨ ਵਿੱਚ ਸ਼ਾਮਲ ਹੋ ਗਏ।÷ ਅੱਲ੍ਹਾ ਨੂੰ ਪਸੰਦ ਨਹੀਂ ਹੈ ਕਿ ਮੈਂ ਤੁਹਾਡਾ ਸੱਦਾ ਕਬੂਲ ਕਰ ਲਿਆ ਅਤੇ ਮੈਂ ਉਨ੍ਹਾਂ ਨੂੰ ਆਪਣੇ ਆਪ ਨੂੰ ਖੁਆਇਆ ਅਤੇ ਤੁਹਾਡੇ ਨੈਤਿਕਤਾ ਦੀ ਕਿਤਾਬ ਦਾ ਸਿਰਲੇਖ ਸੀ ਤੁਸੀਂ ਅੱਲ੍ਹਾ ਦੇ ਰਾਹ @ਤੇ ਜਹਾਦ ਕੀਤਾ ਸੀ।@@ ਇਹ ਇਸਲਾਮ ਦੇ ਇਤਿਹਾਸ ਦੀਆਂ ਰੌਸ਼ਨ ਪ੍ਰਾਪਤੀਆਂ ਹਨ ਅਤੇ ਉਨ੍ਹਾਂ ਦੀ ਬਦੌਲਤ ਸਹੀ ਧਰਮ ਦਾ ਬਾਗ਼ ਹਰਿਆ-ਭਰਿਆ ਹੋਇਆ ਸੀ। ਇਸ ਵਿਚ ਬਹਾਦਰੀ ਅਤੇ ਬਹਾਦਰੀ ਦਾ ਇਤਿਹਾਸ ਰਚਿਆ, ਉਸ ਨੇ ਗਲੀਆਂ ਵਿਚ ਤੁਰਦਾ ਹੋਇਆ, ਦਰਵਾਜ਼ਾ ਖੜਕਾਇਆ ਅਤੇ ਆਪਣੀਆਂ ਲੋੜਾਂ ਨੂੰ ਕਵਿਤਾਵਾਂ ਦੇ ਰੂਪ ਵਿਚ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਗੁਲਾਮ ਕੰਬਰ ਅਤੇ ਉਹ ਮੌਜੂਦ ਸਨ ਅਤੇ ਉਸ ਨੇ ਕਿਹਾ, ÷ਤੁਹਾਡੇ ਕੋਲ ਸਾਡੇ ਭੱਤੇ ਵਿੱਚੋਂ ਕੀ ਬਚਿਆ ਹੈ ?÷ ਉਸਨੇ ਕਿਹਾ, ÷ਉਹ ਦਿਰਹਮ ਲਿਆਓ, ਸਾਡੇ ਪਰਿਵਾਰ ਨਾਲੋਂ ਵੱਧ ਹੱਕਦਾਰ ਵਿਅਕਤੀ ਆਇਆ ਹੈ, ਫਿਰ ਉਸਨੇ ਉਹ ਦਿਰਹਮ ਭਿਖਾਰੀ ਨੂੰ ਸੌਂਪ ਦਿੱਤੇ।÷ ਭਿਖਾਰੀ ਨੂੰ ਨੰਗਾ ਨਹੀਂ ਕਰਦਾ ਸੀ, ਉਹ ਯਾਤਰੂਆਂ ਨੂੰ ਪਾਣੀ ਪਿਲਾਉਂਦਾ ਸੀ ਕਿ ਸੱਯਦਨਾ ਹਸਨ ਰ ਫਿਰਦੌਸ ਦੇ ਨੌਜਵਾਨਾਂ ਦੇ ਆਗੂ। ਮੇਰੇ ਲਈ ਦੁਨੀਆਂ ਵਿੱਚ ਖੁਸ਼ਬੂਆਂ ਹਨ। ਜਿਸਨੇ ਉਹਨਾਂ ਨੂੰ ਪਿਆਰ ਕੀਤਾ ਉਸਨੇ ਮੈਨੂੰ ਪਿਆਰ ਕੀਤਾ। ਜਿਸ ਨੇ ਵੀ ਉਨ੍ਹਾਂ ਦੇ ਵਿਰੁੱਧ ਨਫ਼ਰਤ ਰੱਖੀ, ਉਹ ਮੇਰੇ ਤੋਂ ਹੈ ਅਤੇ ਮੈਂ ਹੁਸੈਨ ਤੋਂ ਹਾਂ, ਅਤੇ ਪੈਗੰਬਰ ਨੇ ਕਿਹਾ: ਹਸਨ ਲਈ ਮੇਰੀ ਸ਼ਾਨ, ਮੇਰੀ ਅਗਵਾਈ, ਹਿੰਮਤ, ਉਦਾਰਤਾ ਅਮੀਰ ਮੁਆਵਿਆ ਦੇ ਜੀਵਨ ਕਾਲ ਵਿੱਚ ਹੈ , ਇਹ ਮਾਮਲਾ ਉਦੋਂ ਤੱਕ ਰਿਹਾ ਜਦੋਂ ਤੱਕ ਸੀਰੀਆ ਅਤੇ ਇਰਾਕ ਦੇ ਆਮ ਲੋਕਾਂ ਨੇ ਯਜ਼ੀਦ ਦੀ ਵਫ਼ਾਦਾਰੀ ਸਵੀਕਾਰ ਨਹੀਂ ਕਰ ਲਈ ਅਤੇ ਜਦੋਂ ਹੋਰ ਸੱਜਣਾਂ ਨੇ ਦੇਖਿਆ ਕਿ ਮੁਸਲਮਾਨ ਵੱਡੀ ਗਿਣਤੀ ਵਿੱਚ ਯਜ਼ੀਦ ਲਈ ਇਕੱਠੇ ਹੋ ਗਏ ਹਨ, ਪਰ ਮਦੀਨੇ ਦੇ ਲੋਕਾਂ ਅਤੇ ਖਾਸ ਕਰਕੇ ਸੱਯਦਨਾ ਹੁਸੈਨ (ਰ.) ਸੱਯਦਨਾ ਅਬਦੁੱਲਾ ਬਿਨ ਉਮਰ (ਰ.). ਸੱਯਦਨਾ ਅਬਦੁੱਲਾ ਬਿਨ ਜ਼ੁਬੈਰ (ਰ.) ਯਜ਼ੀਦ ਦੀ ਵਫ਼ਾਦਾਰੀ ਤੋਂ ਇਨਕਾਰ ਕਰਨ @ਤੇ ਅਡੋਲ ਰਹੇ ਅਤੇ ਕਿਸੇ ਦੀ ਪਰਵਾਹ ਕੀਤੇ ਬਿਨਾਂ ਇਹ ਸੱਚ ਬਿਆਨ ਕਰਦੇ ਰਹੇ ਕਿ ਯਜ਼ੀਦ ਕਦੇ ਵੀ ਮੁਸਲਮਾਨਾਂ ਦਾ ਖ਼ਲੀਫ਼ਾ ਬਣਨ ਦੇ ਲਾਇਕ ਨਹੀਂ ਸੀ ਕਿ ਅਮੀਰ ਮੁਆਵੀਆ ਮਰ ਗਿਆ ਅਤੇ ਯਜ਼ੀਦ ਬਿਨ ਮੁਆਵੀਆ ਉਸ ਦੀ ਜਗ੍ਹਾ ਲੈ ਲਈ, ਇਸ ਨੂੰ ਖ਼ਤਰਿਆਂ ਦਾ ਸਾਹਮਣਾ ਕਰਨ ਲਈ ਮਜਬੂਰ ਕੀਤਾ ਗਿਆ ਅਤੇ 3 ਤੋਂ 8 ਜ਼ੂ-ਅਲ-ਹਿੱਜਾ 06 ਏ. ਨੂੰ, ਉਸ ਸਮੇਂ ਅਮਰ ਬਿਨ ਸਾਦ ਅਲ-ਅਸ ਨੂੰ ਨਿਯੁਕਤ ਕੀਤਾ ਗਿਆ ਸੀ ਯਜ਼ੀਦ ਦੁਆਰਾ ਮੱਕਾ ਦੇ ਸ਼ਾਸਕ ਦੇ ਰੂਪ ਵਿੱਚ, ਉਸਨੇ ਕੁਝ ਆਦਮੀਆਂ ਨੂੰ ਰਸਤੇ ਵਿੱਚ ਰੋਕਣ ਲਈ ਭੇਜਿਆ ਅਤੇ ਇਰਾਕ ਅਤੇ ਕੂਫਾ ਦੇ ਮੁਸਲਮਾਨ ਆਪਣੇ ਵਿਸ਼ਵਾਸ ਅਤੇ ਜ਼ਿੰਮੇਵਾਰੀ ਲਈ ਉਤਸੁਕ ਸਨ ਉਨ੍ਹਾਂ ਨੂੰ ਝੂਠ ਦੀ ਗੁਲਾਮੀ ਤੋਂ ਮੁਕਤ ਕਰਾਉਣ ਅਤੇ ਉਨ੍ਹਾਂ ਨੂੰ ਸੱਚਾਈ ਦਾ ਮਾਹੌਲ ਪ੍ਰਦਾਨ ਕਰਨ ਲਈ 10 ਮੁਹੱਰਮ ਦੀ ਤਰੀਕ ਤੋਂ ਪਹਿਲਾਂ ਯਜ਼ੀਦ ਦੇ ਸਾਰੇ ਦੁੱਖਾਂ, ਮੁਸ਼ਕਲਾਂ ਅਤੇ ਸਾਜ਼ਿਸ਼ਾਂ ਦਾ ਸਾਮ੍ਹਣਾ ਕੀਤਾ ਗਿਆ ਇਹ ਭਾਸ਼ਣ ਉਸਤਤ ਅਤੇ ਧੰਨਵਾਦ ਤੋਂ ਬਾਅਦ ਕੀਤਾ ਗਿਆ ਸੀ, ÷ਮੈਨੂੰ ਯਕੀਨ ਹੈ ਕਿ ਕੱਲ੍ਹ ਜੰਗ ਹੋਵੇਗੀ, ਇਸ ਲਈ ਮੈਂ ਤੁਹਾਨੂੰ ਖੁਸ਼ੀ ਨਾਲ ਵਾਪਸ ਜਾਣ ਦੀ ਇਜਾਜ਼ਤ ਦਿੰਦਾ ਹਾਂ। ਤੁਸੀਂ ਲੋਕ ਆਪਣੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਜਾਓ। ਰਾਤ ਹੋ ਗਈ ਹੈ। ਇੱਕ ਊਠ ਲੈ ਜਾਓ। ਮੈਂ ਇਹ ਇਸ ਲਈ ਕਹਿ ਰਿਹਾ ਹਾਂ ਤਾਂ ਜੋ ਯਜ਼ੀਦ ਦੇ ਲੋਕ ਮੈਨੂੰ ਲੱਭ ਸਕਣ।÷ ਮੇਰੇ ਬਾਅਦ ਕੋਈ ਨਹੀਂ ਲੱਭੇਗਾ। ਦੁਸ਼ਮਣ ਮੈਨੂੰ ਮਾਰਨਾ ਚਾਹੁੰਦਾ ਹੈ। ਪਰ ਜੋ ਭਾਵਨਾਵਾਂ ਪ੍ਰਗਟ ਕੀਤੀਆਂ ਗਈਆਂ ਸਨ ਉਹ ਸਨ। ਤੁਸੀਂ ਇਕੱਲੇ ਲੜੋ ਅਤੇ ਆਪਣੀ ਜਾਨ ਦੇ ਦਿਓ। ਅੱਲ੍ਹਾ ਦੇ ਰਾਹ ਤੇ ਅਸੀਂ ਆਪਣੀ ਜਾਨ ਤੋਂ ਡਰਦੇ ਰਹਿੰਦੇ ਹਾਂ, ਇਹ ਸਾਨੂੰ ਕੀ ਮੂੰਹ ਦਿਖਾਉਣਾ ਚਾਹੀਦਾ ਹੈ, ਅਸੀਂ ਕੀ ਜਵਾਬ ਦੇਵਾਂਗੇ ? ਸਾਡੇ ਮਾਲਕ ਅਤੇ ਆਪਣੇ ਨੇਤਾ ਨੂੰ ਛੱਡ ਦਿੱਤਾ, ਅਤੇ ਅਸੀਂ ਕਿਸ ਮੂੰਹ ਨਾਲ ਕਹਾਂਗੇ ਕਿ ਅਸੀਂ ਉਸ ਲਈ ਤੀਰ ਜਾਂ ਤਲਵਾਰ ਨਹੀਂ ਚਲਾਈ, ਅਸੀਂ ਤੁਹਾਡੇ ਤੋਂ ਵੱਖ ਨਹੀਂ ਹੋਵਾਂਗੇ ? ਹਜ਼ਰਤ ਹਸਨ ਬਸਰੀ ਤੋਂ ਬਿਆਨ ਕੀਤਾ ਗਿਆ ਹੈ ਕਿ ਕਰਬਲਾ ਦੇ ਮੈਦਾਨ ਵਿਚ ਜੋ ਕੁਝ ਵਾਪਰਿਆ, ਉਸ ਬਾਰੇ ਲਿਖਣ ਦੀ ਹਿੰਮਤ ਹੈ ਕਿ ਉਹ ਦੁਨੀਆਂ ਦੀ ਮੁਹੱਬਤ ਸੀ ਵਾਸਨਾ ਦੀ ਸੰਗਲੀ ਨਾਲ ਬੰਨ੍ਹਿਆ ਹੋਇਆ ਸੀ, ਇਸ ਲਈ ਉਹ ਪ੍ਰਸਿੱਧੀ ਅਤੇ ਸ਼ਕਤੀ ਦੁਆਰਾ ਅੰਨ੍ਹਾ ਹੋ ਗਿਆ ਸੀ। ਅੰਤ ਤੋਂ ਅਣਜਾਣ, ਰੱਬ ਦੇ ਦੂਤ ਨੂੰ ਧੋਖਾ ਦੇਣ ਦੇ ਬਦਲੇ, ਯਜ਼ੀਦ ਦਾ ਅਪਵਿੱਤਰ ਰਾਜ ਤਿੰਨ ਸਾਲ ਅਤੇ ਛੇ ਮਹੀਨੇ ਤੱਕ ਚੱਲਿਆ, ਉਸ ਦੀ ਮੌਤ ਰਬੀ-ਨੂਰ-22 ਹਿਜਰੀ ਨੂੰ ਹਵਾਰੀਨ, ਹਮਾਸ, ਸੀਰੀਆ ਵਿੱਚ ਹੋਈ। ਉਹ ਤਖਤ ਕਿਹੜੀ ਕਬਰ ਵਿੱਚ ਹੈ, ਉਹ ਤਾਜ ਕਿੱਥੇ ਹੈ, ਹੇ ਧੂੜ, ਦੱਸ ਅੱਜ ਯਜ਼ੀਦ ਕਿੱਥੇ ਹੈ ?

ਕੁਝ ਸਾਲਾਂ ਦੇ ਯਜ਼ੀਦ ਦੇ ਰਾਜ ਦਾ ਅੰਤ, ਜੋ ਕਿ ਇਸ ਦੁਨੀਆਂ ਅਤੇ ਪਰਲੋਕ ਵਿੱਚ ਇੱਕ ਸਬਕ ਸੀ, ਪਰ ਹੁਸੈਨ ਅਜੇ ਵੀ ਸਾਰੀ ਮਨੁੱਖਤਾ ਦੇ ਦਿਲਾਂ @ਤੇ ਰਾਜ ਕਰ ਰਿਹਾ ਹੈ

ਸਯਿਦੁਨਾ ਹੁਸੈਨ ਦੀ ਸ਼ਹਾਦਤ ਸਾਨੂੰ ਸਿਖਾਉਂਦੀ ਹੈ ਕਿ ਜਿਸ ਨੂੰ ਉਹ ਝੂਠਾ ਸਮਝਦਾ ਸੀ, ਉਹ ਅਡੋਲਤਾ ਦਾ ਪਹਾੜ ਬਣ ਗਿਆ ਸੀ, ਕੁਸਮਪਰੀ ਦੀ ਦੁਨੀਆਂ ਵਿੱਚ, ਤੁਸੀਂ ਕੁਰਬਾਨੀ ਨੂੰ ਮੁੱਢੋਂ ਹੀ ਦੱਸਿਆ ਹੈ ਸੱਚਮੁੱਚ ਹੀ ਹੁਸੈਨ ਰ ਉਸ ਨੇ ਹਜ਼ਰਤ ਇਮਾਮ ਹੁਸੈਨ (ਅ.) ਉੱਤੇ ਜੋ ਬੋਝ ਪਾਇਆ ਉਹ ਉਸ ਦੀ ਰੂਹਾਨੀ ਤਾਕਤ ਦੇ ਕਾਰਨ ਸੀ ਕਿ ਤੁਹਾਡਾ ਸਿਰ ਕੱਟਣਾ ਅਤੇ ਕਿਆਮਤ ਦੇ ਦਿਨ ਵਿੱਚ ਸੱਚਾਈ ਦਾ ਸਿਰ ਉੱਚਾ ਕਰਨਾ ਸਾਨੂੰ ਇਹ ਸਬਕ ਦਿੰਦਾ ਹੈ ਕਿ ਹਰ ਯੁੱਗ ਦੇ ਯਜ਼ੀਦ ਅੱਗੇ ਝੁਕਣ ਦੀ ਬਜਾਏ ਇਹ ਫਰਜ਼ ਹੈ। ਸ਼ਹਾਦਤ ਦੇ ਰਾਹ @ਤੇ ਕਾਇਰਤਾ ਦੇ ਦਰਵਾਜ਼ੇ ਲਗਾ ਕੇ ਸੱਚ ਦੇ ਬਚਨ ਨਾਲ ਖੜੇ ਹੋਣਾ ਵਿਸ਼ਵਾਸੀ ਦਾ ਜੀਵਨ ਨਹੀਂ ਹੈ

# ਇੱਕ ਚੰਗੀ ਛੋਹ ਅਤੇ ਇੱਕ ਬੁਰੀ ਛੋਹ ਵਿੱਚ ਕੀ ਫਰਕ ਹੈ ?

ਸੁਰਜੀਤ ਸਿੰਘ ਫਲੋਰਾ
647-829-9397

ਬੱਚੇ ਦੇ ਆਪਣੇ ਸਰੀਰ @ਤੇ ਨਿਯੰਤਰਣ ਰੱਖਣ ਦੇ ਅਧਿਕਾਰ ਦਾ ਸਨਮਾਨ ਕਰਨਾ ਮਹੱਤਵਪੂਰਨ ਹੈ, ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਉਹ ਕਿਸ ਨੂੰ ਜੱਫੀ ਪਾਉਣ ਜਾਂ ਛੂਹਣ ਦੀ ਚੋਣ ਕਰਦੇ ਹਨ। ਬੱਚਿਆਂ ਦੀਆਂ ਸੀਮਾਵਾਂ ਅਤੇ ਸਰੀਰਕ ਸੰਪਰਕ ਤੋਂ ਇਨਕਾਰ ਕਰਨ ਦੇ ਉਨ੍ਹਾਂ ਦੇ ਅਧਿਕਾਰ ਦਾ ਆਦਰ ਕਰਨਾ ਮਹੱਤਵਪੂਰਨ ਹੈ। ਕਿਸੇ ਵੀ ਬਾਲਗ ਨੂੰ ਕਦੇ ਵੀ ਬੱਚੇ ਨੂੰ ਜੱਫੀ ਪਾਉਣ ਲਈ ਮਜਬੂਰ ਨਹੀਂ ਕਰਨਾ ਚਾਹੀਦਾ ਜਾਂ ਉਸਦੀ ਇੱਛਾ ਦੇ ਵਿਰੁੱਧ ਕਿਸੇ ਵੀ ਰੂਪ ਨੂੰ ਛੂਹਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ, ਭਾਵੇਂ ਇਹ ਉਸਦੇ ਸਿਰ, ਮੋਢੇ, ਜਾਂ ਸਰੀਰ ਦੇ ਕਿਸੇ ਹੋਰ ਹਿੱਸੇ @ਤੇ ਛੂਹ ਹੋਵੇ।

ਇੱਕ ਕੋਮਲ ਛੋਹ ਦੀ ਭਾਵਨਾ ਨਿੱਘ ਅਤੇ ਪਿਆਰ ਦੀ ਭਾਵਨਾ ਪੈਦਾ ਕਰ ਸਕਦੀ ਹੈ, ਇੱਕ ਦਿਲਾਸਾ ਦੇਣ ਵਾਲੇ ਸ਼ੁਭਚਿੰਤਕ ਦੀ ਯਾਦ ਦਿਵਾਉਂਦੀ ਹੈ। ਦੂਜੇ ਪਾਸੇ, ਇੱਕ ਅਣਉਚਿਤ ਛੋਹ ਸਰੀਰਕ ਜਾਂ ਭਾਵਨਾਤਮਕ ਨੁਕਸਾਨ ਦਾ ਕਾਰਨ ਬਣ ਸਕਦੀ ਹੈ, ਜਿਵੇਂ ਕਿ ਚੂੰਡੀ ਵੱਢਣਾ, ਮਾਰਨਾ, ਜਾਂ ਸੰਵੇਦਨਸ਼ੀਲ ਖੇਤਰਾਂ ਨੂੰ ਛੂਹਣਾ। ਬੱਚਿਆਂ ਨੂੰ ਇਹ ਸਿਖਾਉਣਾ ਮਹੱਤਵਪੂਰਨ ਹੈ ਕਿ ਉਹਨਾਂ ਨੂੰ ਕਿਸੇ ਵੀ ਕਿਸਮ ਦੇ ਸਰੀਰਕ ਸੰਪਰਕ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ, ਭਾਵੇਂ ਇਹ ਕਿਸੇ ਅਜਿਹੇ ਵਿਅਕਤੀ ਤੋਂ ਹੋਵੇ ਜਿਸਨੂੰ ਉਹ ਜਾਣਦੇ ਹਨ ਅਤੇ ਭਰੋਸਾ ਕਰਦੇ ਹਨ।

ਨੌਜਵਾਨਾਂ ਨੂੰ ਨਿੱਜੀ ਸੁਰੱਖਿਆ ਦੀ ਲੋੜ ਬਾਰੇ ਸਿੱਖਿਅਤ ਕਰਨਾ ਅਜੋਕੇ ਸੱਭਿਆਚਾਰ ਵਿੱਚ ਵਧੇਰੇ ਮਹੱਤਵਪੂਰਨ ਹੁੰਦਾ ਜਾ ਰਿਹਾ ਹੈ, ਜਿਸ ਵਿੱਚ ਰਵਾਇਤੀ ਕਦਰਾਂ-ਕੀਮਤਾਂ ਵਿੱਚ ਤੇਜ਼ੀ ਨਾਲ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਅਫ਼ਸੋਸ ਦੀ ਗੱਲ ਹੈ ਕਿ, ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਿੱਚ ਵਾਧਾ ਨਾ ਸਿਰਫ਼ ਉਨ੍ਹਾਂ ਲੋਕਾਂ @ਤੇ ਪ੍ਰਭਾਵ ਪਾਉਂਦਾ ਹੈ ਜਿਨ੍ਹਾਂ @ਤੇ ਉਹ ਭਰੋਸਾ ਕਰਦੇ ਹਨ, ਜਿਵੇਂ ਕਿ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਜਾਂ ਨਜ਼ਦੀਕੀ ਦੋਸਤ, ਸਗੋਂ ਹੋਰ ਜਿਨ੍ਹਾਂ ਨੂੰ ਉਹ ਨਹੀਂ ਜਾਣਦੇ ਤੱਕ ਵੀ ਨਹੀਂ।

ਇਸਦਾ ਮਤਲਬ ਇਹ ਹੈ ਕਿ ਨੌਜਵਾਨਾਂ ਨੂੰ ਸੁਰੱਖਿਅਤ ਸੰਪਰਕ ਅਤੇ ਹਾਨੀਕਾਰਕ ਛੋਹ ਦੇ ਵਿਚਕਾਰ ਫਰਕ ਬਾਰੇ ਸਿਖਾਉਣਾ ਜ਼ਰੂਰੀ ਹੈ, ਚਾਹੇ ਉਹ ਛੂਹਣ ਵਾਲਾ ਵਿਅਕਤੀ ਕੋਈ ਵੀ ਹੋਵੇ। ਇੱਕ ਨੌਜਵਾਨ ਨੂੰ ਇੱਕ ਸੁਰੱਖਿਅਤ ਛੋਹ ਪ੍ਰਦਾਨ ਕਰਨਾ ਉਹਨਾਂ ਨੂੰ ਆਰਾਮ, ਸੁਰੱਖਿਅਤ ਅਤੇ ਦੇਖਭਾਲ ਵਿੱਚ ਵਧੇਰੇ ਮਹਿਸੂਸ ਕਰਨ ਵਿੱਚ ਮਦਦ ਕਰ ਸਕਦਾ ਹੈ। ਉਹ ਮਾਤਾ-ਪਿਤਾ ਅਤੇ ਨਜ਼ਦੀਕੀ ਪਰਿਵਾਰ ਦੇ ਹੋਰ ਮੈਂਬਰਾਂ ਤੋਂ ਗਲੇ ਮਿਲਣ, ਹੌਸਲਾ-ਅਫ਼ਜ਼ਾਈ ਜਾਂ ਸਹਾਇਤਾ ਦੇ ਇਸ਼ਾਰੇ ਵਜੋਂ ਪਿੱਠ @ਤੇ ਥਾਪੜਨਾ, ਜਾਂ ਕਿਸੇ ਭਰੋਸੇਮੰਦ ਸਰਪ੍ਰਸਤ ਨਾਲ ਟਹਿਲਣ ਵੇਲੇ ਹੱਥ ਫੜਨ ਦਾ ਰੂਪ ਲੈ ਸਕਦੇ ਹਨ।




ਦੂਜੇ ਪਾਸੇ, ਅਸੁਰੱਖਿਅਤ ਸੰਪਰਕ, ਬੱਚੇ ਨੂੰ ਬੇਚੈਨੀ, ਡਰ, ਜਾਂ ਉਲਝਣ ਦੀਆਂ ਭਾਵਨਾਵਾਂ ਦਾ ਅਨੁਭਵ ਕਰ ਸਕਦਾ ਹੈ। ਕਿਉਂਕਿ ਬੱਚੇ ਦਾ ਸਰੀਰ ਉਹਨਾਂ ਦਾ ਆਪਣਾ ਹੁੰਦਾ ਹੈ, ਅਤੇ ਉਹਨਾਂ ਨੂੰ ਇਸਦਾ ਬਚਾਅ ਕਰਨ ਦਾ ਅਧਿਕਾਰ ਹੁੰਦਾ ਹੈ, ਚਾਹੇ ਉਹਨਾਂ ਕੋਲ ਕੋਈ ਵੀ ਹੋਵੇ, ਬੱਚਿਆਂ ਲਈ ਇਸ ਤੱਥ ਤੋਂ ਜਾਣੂ ਹੋਣਾ ਜ਼ਰੂਰੀ ਹੈ। ਬੱਚਿਆਂ ਨੂੰ ਉਹਨਾਂ ਦੇ ਨਿੱਜੀ ਖੇਤਰਾਂ ਦੀ ਰੱਖਿਆ ਕਰਨ ਦੀ ਲੋੜ ਬਾਰੇ ਸਿਖਿਅਤ ਕਰੋ, ਅਤੇ ਇਹ ਯਕੀਨੀ ਬਣਾਓ ਕਿ ਪਿਆਰ ਦੇ ਕੋਈ ਵੀ ਸਰੀਰਕ ਰੂਪ ਕੁਝ ਖਾਸ ਵਿਅਕਤੀਆਂ ਲਈ ਰਾਖਵੇਂ ਹਨ ਅਤੇ ਸਿਰਫ਼ ਬੱਚੇ ਦੀ ਇਜਾਜ਼ਤ ਨਾਲ ਹੀ ਉਹਨਾਂ ਨੂੰ ਛੂਹਿਆਂ ਜਾ ਸਕਦਾ ਹੈ। ਇਹ ਲਾਜ਼ਮੀ ਹੈ ਕਿ ਹਰੇਕ ਛੂਹ ਜੋ ਜਾਂ ਤਾਂ ਗੁਪਤ ਵਿੱਚ ਕੀਤਾ ਜਾਂਦਾ ਹੈ ਜਾਂ ਸੱਟ ਪਹੁੰਚਾਉਣ ਦੇ ਇਰਾਦੇ ਨਾਲ ਕੀਤਾ ਜਾਂਦਾ ਹੈ, ਨੂੰ ਤੁਰੰਤ ਰੋਕਿਆ ਜਾਵੇ।

ਖ਼ਤਰਨਾਕ ਸੰਪਰਕ ਨੂੰ ਰੋਕਣ ਦਾ ਸਭ ਤੋਂ ਪ੍ਰਭਾਵੀ ਤਰੀਕਾ ਬਚਪਨ ਵਿੱਚ ਸਿੱਖਿਆ ਦੇ ਜ਼ਰੀਏ ਹੈ। ਬੱਚਿਆਂ ਕੋਲ ਬਹੁਤ ਸਾਰੀ ਜਾਣਕਾਰੀ ਤੱਕ ਪਹੁੰਚ ਹੁੰਦੀ ਹੈ, ਜਿਨ੍ਹਾਂ ਵਿੱਚੋਂ ਕੁਝ ਧੋਖੇਬਾਜ਼ ਹੋ ਸਕਦੀਆਂ ਹਨ। ਅੱਜ ਦੇ ਯੋਗ ਵਿਚ ਬੱਚੇ ਫਿਰ ਵੀ ਬਹੁਤ ਕੁਝ ਪਹਿਲਾਂ ਤੋਂ ਹੀ ਸ਼ੋਸ਼ਲ ਮੀਡੀਏ ਤੇ ਇੰਟਰਨੈੱਟ ਤੋ ਸਿੱਖ ਰਹੇ ਹਨ, ਪਰ ਕਈ ਬੱਚੇ ਲੋਕਾ ਦੀ ਗਲਤ ਧਾਰਨਾਵਾਂ ਵਿਚ ਆ ਕੇ ਗਲਤ ਕਦਮ ਚੁਕ ਲੈਂਦੇ ਹਨ ਜਾਂ ਹਿ ਕਹਿ ਲਓ ਕਿ ਉਹਨਾਂ ਦੇ ਜਾਲ ਵਿਚ ਫਸ ਜਾਂਦੇ ਹਨ। ਜਦੋਂ ਇਸ ਨੂੰ ਸਿਖਾਉਣ ਦੀ ਗੱਲ ਆਉਂਦੀ ਹੈ, ਤਾਂ ਅਜਿਹਾ ਕਰਨ ਵਾਲਾ ਸਭ ਤੋਂ ਵਧੀਆ ਵਿਅਕਤੀ ਮਾਪੇ ਜਾਂ ਸਰਪ੍ਰਸਤ ਹੁੰਦਾ ਹੈ ਜਿਸ ਦੇ ਮਨ ਵਿਚ ਬੱਚੇ ਦੀ ਖੁਸ਼ੀ ਹੁੰਦੀ ਹੈ। ਸ਼ੁਰੂ ਕਰਨ ਲਈ, ਬੱਚਿਆਂ ਨੂੰ ਨਿੱਜੀ ਸੁਰੱਖਿਅਤ ਥਾਂਵਾਂ, ਨਿੱਜੀ ਸੀਮਾਵਾਂ, ਇਜਾਜ਼ਤ ਦੀ ਮਹੱਤਤਾ, ਅਤੇ ਕਿਸੇ ਅਣਕਿਆਸੀ ਘਟਨਾ ਦੀ ਸਥਿਤੀ ਵਿੱਚ ਉਨ੍ਹਾਂ ਨੂੰ ਕਿਸ ਨੂੰ ਰਿਪੋਰਟ ਕਰਨੀ ਚਾਹੀਦੀ ਹੈ ਬਾਰੇ ਸਿਖਿਅਤ ਕਰਨਾ ਮਹੱਤਵਪੂਰਨ ਹੈ।

ਇਹ ਸਮਝਾਉਣਾ ਕਿ ਉਹਨਾਂ ਦੇ ਸਰੀਰ ਦੇ ਕੁਝ ਹਿੱਸੇ ਨਿੱਜੀ ਹਨ ਅਤੇ ਉਹਨਾਂ ਨੂੰ ਦੂਜੇ ਲੋਕਾਂ ਦੁਆਰਾ ਛੂਹਿਆ ਨਹੀਂ ਜਾਣਾ ਚਾਹੀਦਾ ਹੈ, ਉਹਨਾਂ ਦੀ ਉਮਰ ਅਤੇ ਉਹਨਾਂ ਦੀ ਸਮਝ ਦੀ ਡਿਗਰੀ ਨੂੰ ਧਿਆਨ ਵਿੱਚ ਰੱਖਦੇ ਹੋਏ, ਉਹਨਾਂ ਦੀ ਸਮਝ ਵਿੱਚ ਆਸਾਨ ਭਾਸ਼ਾ ਵਿੱਚ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਸਰੀਰਾਂ ਦੀ ਉਲੰਘਣਾ ਕਰਨ ਦੇ ਮਾਮਲੇ ਵਿੱਚ ਹੋਣ ਵਾਲੇ ਪ੍ਰਭਾਵਾਂ ਦੀ ਗੱਲ ਕਰਨੀ ਚਾਹਿੰਦੀ ਹੈ। ਉਹਨਾਂ ਨੂੰ ਇਹ ਸਪੱਸ਼ਟ ਕਰੋ ਕਿ ਸਹਾਇਤਾ ਪ੍ਰਾਪਤ ਕਰਨ ਲਈ ਉਹਨਾਂ ਦਾ ਤੁਰੰਤ ਜਵਾਬ ਕੀ ਹੋਣਾ ਚਾਹੀਦਾ ਹੈ। ਇਕਸਾਰ ਤਾਲ ਸਥਾਪਤ ਕਰਨ ਲਈ ਵਿਦਿਅਕ ਸੰਸਥਾਵਾਂ ਲਈ ਇਸ ਵਿਸ਼ੇ @ਤੇ ਗੱਲਬਾਤ ਕਰਨਾ ਵੀ ਜ਼ਰੂਰੀ ਹੈ। ਪਰਿਵਾਰਾਂ ਅਤੇ ਸਕੂਲਾਂ ਲਈ ਸੁਰੱਖਿਅਤ ਅਤੇ ਖ਼ਤਰਨਾਕ ਸੰਪਰਕ ਬਾਰੇ ਗੱਲਬਾਤ ਕਰਨ ਨੂੰ ਨਿਯਮਤ ਅਭਿਆਸ ਬਣਾਉਣਾ ਮਹੱਤਵਪੂਰਨ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨੌਜਵਾਨ ਵਿਸ਼ੇ ਦੀ ਮਹੱਤਤਾ ਨੂੰ ਸਮਝ ਸਕਣ। ਬੱਚਿਆਂ ਲਈ ਜੋ ਸਮਝਣਾ ਮਹੱਤਵਪੂਰਨ ਹੈ ਉਹ ਇਹ ਹੈ ਕਿ ਉਹਨਾਂ ਲਈ ਕਿਸੇ ਵੀ ਸੰਪਰਕ ਤੋਂ ਇਨਕਾਰ ਕਰਨਾ ਠੀਕ ਹੈ ਜੋ ਉਹਨਾਂ ਨੂੰ ਚੰਗਾ ਨਹੀਂ ਲਗਦਾ ਅਤੇ ਦੁਖ ਦਰਦ ਦਾ ਕਾਰਨ ਬਣਦਾ ਹੈ, ਭਾਵੇਂ ਇਹ ਉਹਨਾਂ ਦੇ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਜਾਂ ਨਜ਼ਦੀਕੀ ਦੋਸਤ ਤੋਂ ਹੀ ਕਿਉਂ ਨਾ ਹੋਵੇ। ਤੁਹਾਨੂੰ ਉਨ੍ਹਾਂ ਨੂੰ ਭਰੋਸਾ ਦਿਵਾਉਣਾ ਚਾਹੀਦਾ ਹੈ ਕਿ ਜੇਕਰ ਉਹ ਨਾਂਹ ਕਹਿੰਦੇ ਹਨ ਤਾਂ ਕੋਈ ਮਾੜਾ ਪ੍ਰਭਾਵ ਨਹੀਂ ਹੋਵੇਗਾ, ਅਤੇ ਇਸਦਾ ਮਤਲਬ ਇਹ ਨਹੀਂ ਹੈ ਕਿ ਉਹ ਉਸ ਤੋਂ ਦੂਰ ਹੋ ਜਾਣਗੇ।

ਇਹ ਲਾਜ਼ਮੀ ਹੈ ਕਿ ਉਹ ਇੱਕ ਖਤਰਨਾਕ ਸੰਪਰਕ ਹੋਣ ਦੀ ਸਥਿਤੀ ਵਿੱਚ ਤੇਜ਼ੀ ਨਾਲ ਕਾਰਵਾਈ ਕਰਨ। ਉਹਨਾਂ ਨੂੰ ਉੱਚੀ ਆਵਾਜ਼ ਵਿੱਚ ÷ਨਹੀਂ÷ ਬਿਆਨ ਦੇਣ, ਵਿਅਕਤੀ ਤੋਂ ਦੂਰ ਜਾਣ ਲਈ, ਅਤੇ ਇੱਕ ਭਰੋਸੇਮੰਦ ਬਾਲਗ ਜਿਵੇਂ ਕਿ ਇੱਕ ਅਧਿਆਪਕ ਜਾਂ ਮਾਤਾ-ਪਿਤਾ ਤੋਂ ਸਹਾਇਤਾ ਲੈਣ ਲਈ ਤਾਕੀਦ ਕਰਨਾ ਮਹੱਤਵਪੂਰਨ ਹੈ। ਇਹ ਲਾਜ਼ਮੀ ਹੈ ਕਿ ਉਹ ਸੁਰੱਖਿਆ ਨੂੰ ਤਰਜੀਹ ਦੇਣ ਅਤੇ ਭਿਆਨਕ ਘਟਨਾ ਬਾਰੇ ਸਾਰੀ ਜਾਣਕਾਰੀ ਪ੍ਰਗਟ ਕਰਨ।

ਜਦੋਂ ਕੋਈ ਆਪਣੀਆਂ ਸੀਮਾਵਾਂ ਦੀ ਉਲੰਘਣਾ ਕਰਦਾ ਹੈ ਤਾਂ ਹਾਲਾਤਾਂ ਵਿੱਚ ਕਿਵੇਂ ਪ੍ਰਤੀਕਿਰਿਆ ਕਰਨੀ ਹੈ, ਇਹ ਸਿੱਖਣ ਲਈ ਭੂਮਿਕਾ ਨਿਭਾਉਣ ਵਾਲੇ ਦ੍ਰਿਸ਼ਾਂ ਦੀ ਵਰਤੋਂ ਨੌਜਵਾਨਾਂ ਨੂੰ ਪ੍ਰਕਿਰਿਆ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਮਦਦ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ। ਇਹ ਸੰਭਵ ਹੈ ਕਿ ਇਹ ਉਹਨਾਂ ਨੂੰ ਆਪਣੇ ਆਪ ਨੂੰ ਦਾਅਵਾ ਕਰਨ ਦੀ ਸਮਰੱਥਾ ਵਿੱਚ ਵਧੇਰੇ ਸੁਰੱਖਿਅਤ ਮਹਿਸੂਸ ਕਰੇਗਾ।

ਤੁਹਾਨੂੰ ਉਸ ਬੱਚੇ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਜੋ ਤੁਹਾਡੇ ਕੋਲ ਗਲਤ ਸੰਪਰਕ ਬਾਰੇ ਚਿੰਤਾਵਾਂ ਲੈ ਕੇ ਆਉਂਦਾ ਹੈ, ਅਤੇ ਤੁਹਾਨੂੰ ਉਨ੍ਹਾਂ ਨੂੰ ਭਰੋਸਾ ਦਿਵਾਉਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਤੁਹਾਨੂੰ ਆਪਣੀਆਂ ਚਿੰਤਾਵਾਂ ਬਾਰੇ ਦੱਸ ਕੇ ਸਹੀ ਕੰਮ ਕੀਤਾ ਹੈ। ਕਿਸੇ ਕਿਸਮ ਦੇ ਨਿਰਣੇ ਦੀ ਅਣਹੋਂਦ ਵਿੱਚ, ਉਹਨਾਂ ਦੀਆਂ ਭਾਵਨਾਵਾਂ ਨੂੰ ਪ੍ਰਮਾਣਿਤ ਕਰੋ ਅਤੇ ਉਹਨਾਂ ਨੂੰ ਦਿਲਾਸਾ ਪ੍ਰਦਾਨ ਕਰੋ।

ਉਹਨਾਂ ਨੂੰ ਉਸ ਕਾਰਵਾਈ ਬਾਰੇ ਜਾਣਕਾਰੀ ਪ੍ਰਦਾਨ ਕਰੋ ਜੋ ਤੁਸੀਂ ਕਰਨਾ ਚਾਹੁੰਦੇ ਹੋ ਅਤੇ ਉਹਨਾਂ ਉਪਾਵਾਂ ਦਾ ਵਰਣਨ ਕਰੋ ਜੋ ਤੁਸੀਂ ਉਹਨਾਂ ਦੀ ਸੁਰੱਖਿਆ ਦੀ ਰੱਖਿਆ ਲਈ ਕਰੋਗੇ। ਉਚਿਤ ਅਥਾਰਟੀਆਂ ਨਾਲ ਸੰਪਰਕ ਕਰੋ ਅਤੇ ਕਿਸੇ ਮਾਹਰ ਤੋਂ ਸਹਾਇਤਾ ਦੀ ਭਾਲ ਕਰੋ। ਇਹ ਪੁਸ਼ਟੀ ਕਰਦਾ ਹੈ ਕਿ ਉਹਨਾਂ ਦੀ ਸੁਰੱਖਿਆ ਦੀ ਸੰਭਾਲ ਤੁਹਾਡੀ ਪਹਿਲੀ ਚਿੰਤਾ ਹੈ।




# ਤੇਲ ਸੰਕਟ ! ਔਖੀ ਘੜੀ 'ਚ ਹਾਕਮ ਦੇ ਹੱਥ ਖੜ੍ਹੇ !

ਜਿਹੜੇ ਲੋਕ ਸਾਲ 2012-13 ਦੌਰਾਨ ਮਹਿੰਗਾਈ ਖ਼ਿਲਾਫ਼ ਢੰਡੋਰਾ ਪਿੱਟਦੇ ਹੋਏ ਵਿਖਾਈ ਦੇ ਰਹੇ ਸਨ, ਉਹ ਅੱਜ ਕੱਲ੍ਹ ਵਿਖਾਈ ਨਹੀਂ ਦੇ ਰਹੇ। ਇੱਕ ਆਪਣੇ ਆਪ ਨੂੰ 'ਬਾਬਾ' ਅਖਵਾਉਣ ਵਾਲਾ ਬੰਦਾ, ਕਹਿੰਦਾ ਹੁੰਦਾ ਸੀ ਕਿ ਜੇਕਰ 2014 ਵਿੱਚ ਭਾਜਪਾ ਦੀ ਸਰਕਾਰ ਕੇਂਦਰ ਵਿੱਚ ਆਈ ਤਾਂ ਪੈਟਰੋਲ 30-35 ਰੁਪਏ ਮਿਲਣਾ ਸ਼ੁਰੂ ਹੋ ਜਾਵੇਗਾ। ਪਤਾ ਨਹੀਂ ਉਹ 'ਬਾਬਾ' ਕਿੰਨਾ ਵੱਡਾ ਗੁਣੀ ਗਿਆਨੀ ਸੀ ਅਤੇ ਕਿੰਨਾ ਵੱਡਾ ਸ਼ਕਤੀ ਵਾਲਾ, ਇਹ ਤਾਂ ਉਹ ਕੁਦਰਤ ਹੀ ਜਾਣਦੀ ਹੈ, ਪਰ ਇੰਨਾ ਨਹੀਂ ਸੀ ਪਤਾ ਕਿ ਉਹ 'ਬਾਬਾ' ਪੈਟਰੋਲ-ਡੀਜ਼ਲ ਦੀਆਂ ਦੂਰੀਆਂ-ਤੀਰੀਆਂ ਕੀਮਤਾਂ ਆਪਣੇ ਬਿਆਨਾਂ ਵਿੱਚ ਦੱਸ ਰਿਹਾ ਹੈ। ਖ਼ੈਰ, ਕੇਂਦਰ ਦੇ ਵਿੱਚ ਭਾਜਪਾ ਸਰਕਾਰ ਆਈ ਨੂੰ ਕਰੀਬ 12 ਸਾਲ ਹੋ ਚੱਲੇ ਨੇ, ਇਹਨਾਂ 12 ਸਾਲਾਂ ਦੇ ਦੌਰਾਨ ਪੈਟਰੋਲ ਦੀਆਂ ਕੀਮਤਾਂ ਵਿੱਚ ਕਰੀਬ 28 ਰੁਪਏ ਤੱਕ ਦਾ ਵਾਧਾ ਹੋ ਚੁੱਕਿਆ ਹੈ। ਭਾਵੇਂ ਕਿ ਸਰਕਾਰ ਦਾ ਦਾਅਵਾ ਹੈ ਕਿ ਇਨ੍ਹਾਂ 12 ਸਾਲਾਂ ਦੇ ਦੌਰਾਨ ਭਾਰਤੀਆਂ ਦੀ ਆਮਦਨ ਵੀ ਵਧੀ ਹੈ, ਪਰ ਅਸਲੀਅਤ ਇਹ ਹੈ ਕਿ ਜਿੰਨੀ ਆਮਦਨ ਵਧੀ ਹੈ, ਉਸ ਤੋਂ ਕਿਤੇ ਜ਼ਿਆਦਾ ਮਹਿੰਗਾਈ ਨੇ ਲੱਕ ਤੋੜ ਰੱਖਿਆ ਹੈ।

ਇੱਕ ਮੀਡੀਆ ਰਿਪੋਰਟ ਦੇ ਮੁਤਾਬਿਕ, 1947 ਵਿੱਚ ਪੈਟਰੋਲ ਦੀ ਕੀਮਤ 27 ਪੈਸੇ ਹੁੰਦੀ ਸੀ, ਜਦੋਂ ਕਿ 1970 ਵਿੱਚ ਇਹੋ ਪੈਟਰੋਲ 90 ਪੈਸੇ ਪ੍ਰਤੀ ਲੀਟਰ ਹੋ ਗਿਆ। 1990 ਵਿੱਚ ਪੈਟਰੋਲ ਦੀ ਕੀਮਤ 4.20 ਰੁਪਏ ਹੋ ਗਈ, ਜਦੋਂ ਕਿ 2004 ਵਿੱਚ ਪੈਟਰੋਲ ਦੀ ਕੀਮਤ 33.71 ਰੁਪਏ ਹੋ ਗਈ। ਇਸੇ ਤਰ੍ਹਾਂ ਹੀ 2008 ਵਿੱਚ ਪੈਟਰੋਲ 51 ਰੁਪਏ ਪ੍ਰਤੀ ਲੀਟਰ ਸੀ, ਜਦੋਂ ਕਿ ਕਾਂਗਰਸ ਦੇ ਕੇਂਦਰ ਵਿਚਲੇ ਆਖ਼ਰੀ ਸਾਲ ਯਾਨੀ ਕਿ 2014 ਵਿੱਚ ਪੈਟਰੋਲ ਦੀ ਕੀਮਤ 72.43 ਪੈਸੇ ਸੀ। ਹੁਣ ਜੇਕਰ ਤਾਜ਼ਾ ਹਾਲਾਤਾਂ ਦੀ ਗੱਲ ਕਰੀਏ ਤਾਂ ਮਈ 2026 ਦੇ ਵਿਚਕਾਰ ਹੀ ਪੈਟਰੋਲ ਦੀਆਂ ਕੀਮਤਾਂ 25 ਤਰੀਕ ਤੱਕ ਚਾਰ ਵਾਰ ਵੱਧ ਚੁੱਕੀਆਂ ਹਨ। ਅੱਜ ਕੱਲ੍ਹ (2026 ਵਿੱਚ) ਪੈਟਰੋਲ ਦੀਆਂ ਕੀਮਤਾਂ 102 ਰੁਪਏ ਪ੍ਰਤੀ ਲੀਟਰ ਹਨ। ਦੱਸਿਆ ਜਾਂਦਾ ਹੈ ਕਿ ਭਾਰਤ ਵਿੱਚ ਪਹਿਲਾ ਪੈਟਰੋਲ ਪੰਪ 1928 ਵਿੱਚ ਮੁੰਬਈ ਦੇ ਅੰਦਰ ਖੋਲ੍ਹਿਆ ਸੀ। ਪੈਟਰੋਲ ਦੀ ਕੀਮਤ ਉਦੋਂ ਮਹਿਜ਼ 6 ਪੈਸੇ ਪ੍ਰਤੀ ਲੀਟਰ ਹੁੰਦੀ ਸੀ, ਪਰ ਜਿਵੇਂ ਜਿਵੇਂ ਸੱਤਾ ਬਦਲਦੀ ਗਈ, ਉਵੇਂ ਉਵੇਂ ਪੈਟਰੋਲ-ਡੀਜ਼ਲ ਦੇ ਰੇਟ ਵੀ ਵਧਦੇ ਘਟਦੇ ਗਏ। ਤਾਜ਼ਾ ਹਾਲਾਤਾਂ 'ਤੇ ਨਿਗਾਹ ਮਾਰੀਏ ਤਾਂ, ਇਸ ਵੇਲੇ ਮਹਿੰਗਾਈ ਦੀ ਮਾਰ ਝੱਲ ਰਹੀ ਭਾਰਤ ਦੀ ਜਨਤਾ ਨੂੰ ਲਗਾਤਾਰ ਮਹਿੰਗਾਈ ਦੇ ਝਟਕੇ ਲੱਗ ਰਹੇ ਨੇ। ਪੈਟਰੋਲ-ਡੀਜ਼ਲ ਦੀਆਂ ਪਿਛਲੇ ਕਰੀਬ ਦੋ ਹਫ਼ਤਿਆਂ ਦੇ ਦੌਰਾਨ ਹੀ ਚਾਰ ਵਾਰ ਕੀਮਤਾਂ ਵੱਧ ਚੁੱਕੀਆਂ ਹਨ, ਉੱਥੇ ਦੂਜੇ ਪਾਸੇ ਗੈਸ ਦੀਆਂ ਕੀਮਤਾਂ ਵਿੱਚ ਵੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਦੇਸ਼ ਦੀ ਸਰਕਾਰ ਬੇਸ਼ੱਕ ਇਸ ਨੂੰ ਈਰਾਨ, ਅਮਰੀਕਾ ਤੇ ਇਜ਼ਰਾਇਲ ਵਿਚਾਲੇ ਲੱਗੀ ਜੰਗ ਕਾਰਨ ਸੰਕਟ ਦੱਸ ਰਹੀ ਹੈ, ਉੱਥੇ ਹੀ ਦੂਜੇ ਪਾਸੇ ਵਿਰੋਧੀ ਧਿਰਾਂ ਇਸ ਨੂੰ ਸੱਤਾ ਧਿਰ ਸਰਕਾਰ ਦਾ ਫੇਲੀਅਰ ਦੱਸ ਰਹੇ ਨੇ।

ਉਨ੍ਹਾਂ ਕਿਹਾ ਕਿ ਜਦੋਂ ਤਾਂ ਬੰਗਾਲ ਅਤੇ ਹੋਰਨਾਂ ਪੰਜ ਸੂਬਿਆਂ ਦੇ ਵਿੱਚ ਚੋਣਾਂ ਹੋਣੀਆਂ ਸੀ ਤਾਂ ਉਦੋਂ ਤੱਕ ਤਾਂ ਇਸ ਸਰਕਾਰ ਨੇ ਪੈਟਰੋਲ ਦਾ ਇੱਕ ਰੁਪਇਆ ਵੀ ਨਹੀਂ ਵਧਾਇਆ ਤੇ ਲਗਾਤਾਰ ਪ੍ਰੈਸ ਨੋਟ ਜਾਰੀ ਕੀਤੇ ਜਾਂਦੇ ਰਹੇ ਕਿ ਤੇਲ ਦੀਆਂ ਕੀਮਤਾਂ ਵਿੱਚ ਫ਼ਿਲਹਾਲ ਵਾਧਾ ਨਹੀਂ ਕੀਤਾ ਜਾਵੇਗਾ। ਫ਼ਿਲਹਾਲ ਦਾ ਮਤਲਬ ਤਾਂ ਸਾਫ਼ ਸੀ ਕਿ ਅਗਲੇ ਦਿਨਾਂ ਦੇ ਵਿੱਚ ਜਦੋਂ ਚੋਣਾਂ ਖ਼ਤਮ ਹੋ ਗਈਆਂ ਤਾਂ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵੱਧ ਸਕਦੀਆਂ ਨੇ, ਪਰ ਜਿਵੇਂ ਹੀ ਚੋਣਾਂ ਖ਼ਤਮ ਹੋਈਆਂ ਤਾਂ ਸਰਕਾਰ ਨੇ ਕੁੱਝ ਦਿਨਾਂ ਦੇ ਵਿੱਚ-ਵਿੱਚ ਹੀ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਸੱਤ ਰੁਪਏ ਵਧਾ ਦਿੱਤੀਆਂ। ਇਸੇ ਤਰ੍ਹਾਂ ਡੀਜ਼ਲ ਦੀਆਂ ਕੀਮਤਾਂ ਵੀ ਛੇ ਤੋਂ ਸੱਤ ਰੁਪਏ ਵੱਧ ਗਈਆਂ ਹਨ।

ਇਸ ਤੋਂ ਸਿੱਧਾ ਹਿਸਾਬ ਇਹੋ ਲੱਗਦਾ ਹੈ ਕਿ ਸਰਕਾਰ ਲਗਾਤਾਰ ਫ਼ੇਲ੍ਹ ਜਾਪ ਰਹੀ ਹੈ। ਵਿਰੋਧੀ ਧਿਰਾਂ ਦਾ ਲਗਾਤਾਰ ਸਰਕਾਰ 'ਤੇ ਨਿਸ਼ਾਨਾ ਹੈ ਕਿ ਦੇਸ਼ ਦੀ ਅਰਥ ਵਿਵਸਥਾ ਨੂੰ ਭਾਜਪਾ ਦੇ ਵੱਲੋਂ ਤਹਿਸ ਨਹਿਸ ਕੀਤਾ ਜਾ ਰਿਹਾ ਹੈ। ਪੈਟਰੋਲ ਡੀਜ਼ਲ ਦਾ ਰੇਟ ਵਧਣਾ ਸਰਕਾਰ ਦੀ ਸਿੱਧੇ ਸਿੱਧੇ ਤੌਰ 'ਤੇ ਜਿਹੜਾ ਨਾਕਾਮੀ ਹੈ, ਖੇਤੀਬਾੜੀ ਸੈਕਟਰ ਦਾ ਇਸ 'ਤੇ ਵੱਧ ਅਸਰ ਪਏਗਾ। ਮਹਿੰਗਾਈ ਮੱਧ ਵਰਗ ਨੂੰ ਬਰਬਾਦ ਕਰ ਰਹੀ ਹੈ। ਜਾਣਕਾਰੀ ਦੇ ਅਨੁਸਾਰ ਪਿਛਲੇ 10-15 ਦਿਨਾਂ ਦੇ ਵਿੱਚ ਚਾਰ ਵਾਰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵੱਧ ਚੁੱਕੀਆਂ ਹਨ। ਭਾਵੇਂ ਕਿ ਇਸ ਨੂੰ ਲੈ ਕੇ ਸੱਤਾ ਧਿਰ ਅਤੇ ਵਿਰੋਧੀ ਧਿਰਾਂ ਰੌਲਾ ਪਾ ਰਹੀਆਂ ਨੇ, ਆਹ ਦੇਖੋ ਇੱਕ ਦੂਜੇ 'ਤੇ ਗੰਭੀਰ ਦੋਸ਼ ਲਗਾ ਰਹੀਆਂ ਨੇ, ਪਰ ਦੂਜੇ ਪਾਸੇ ਸਵਾਲ ਇਹ ਉੱਠਦਾ ਹੈ ਕਿ ਇਹਨਾਂ ਦੇ ਬਿਆਨਬਾਜ਼ੀ ਦੇ ਨਾਲ ਕੀ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਘਟਣਗੀਆਂ ਤੇ ਆਮ ਲੋਕਾਂ ਨੂੰ ਰਾਹਤ ਮਿਲੇਗੀ ?

ਸੱਤਾ ਵਿੱਚ ਚਾਹੇ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਜਦੋਂ ਉਹ ਸੱਤਾ ਦੇ ਵਿੱਚ ਹੁੰਦੀ ਹੈ ਤਾਂ ਆਪਣੀਆਂ ਚੰਮ ਦੀਆਂ ਚਲਾਉਂਦੀ ਹੈ। ਜਦੋਂ ਕੇਂਦਰ ਦੇ ਅੰਦਰ ਭਾਜਪਾ ਦੀ ਸਰਕਾਰ ਨਹੀਂ ਸੀ ਆਈ ਤਾਂ ਉਸ ਵੇਲੇ ਕਾਂਗਰਸ ਸਰਕਾਰ 'ਤੇ ਗੰਭੀਰ ਦੋਸ਼ ਲਗਾਏ ਜਾਂਦੇ ਸੀ। ਹੋਰ ਤੇ ਹੋਰ ਪੈਟਰੋਲ ਦੀਆਂ ਕੁੱਝ ਪੈਸੇ ਕੀਮਤਾਂ ਵਧਣ ਦੇ ਨਾਲ ਹੀ ਸਮੂਹ ਦੇਸ਼-ਵਾਸੀ ਸੜਕਾਂ 'ਤੇ ਆ ਜਾਂਦੇ ਸੀ ਅਤੇ ਸੱਤਾ ਧਿਰ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ ਦਾ ਵਿਰੋਧ ਕਰਦੇ ਸੀ, ਪਰ ਅੱਜ ਦੀ ਤਰੀਕ ਵਿੱਚ

ਗੁਰਪ੍ਰੀਤ
9569820314

ਅਜਿਹਾ ਨਹੀਂ ਹੋ ਰਿਹਾ, ਅੱਜ ਦੀ ਤਰੀਕ ਵਿੱਚ ਸਿਰਫ਼ ਸਿਆਸੀ ਪਾਰਟੀਆਂ ਹੀ ਬਿਆਨਬਾਜ਼ੀ ਕਰਦੀਆਂ ਨੇ ਅਤੇ ਟੀਵੀ 'ਤੇ ਸੁਰਖ਼ੀਆਂ ਬਟੋਰਦੀਆਂ ਨੇ।

ਹੁਣ ਹਾਲਾਤ ਅਜਿਹੇ ਬਣ ਚੁੱਕੇ ਨੇ ਕਿ ਲਗਾਤਾਰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਏਨੀਆਂ ਜ਼ਿਆਦਾ ਵੱਧ ਗਈਆਂ ਨੇ ਕਿ ਲੋਕ ਕੁੱਝ ਬੋਲਣ ਦੀ ਬਜਾਏ ਪੈਟਰੋਲ ਪੰਪਾਂ ਵਾਲਿਆਂ ਦੇ ਨਾਲ ਹੀ ਲੜਨ ਲੱਗ ਪਏ ਨੇ। ਪੈਟਰੋਲ ਅਤੇ ਡੀਜ਼ਲ ਦੀਆਂ ਵਧੀਆਂ ਕੀਮਤਾਂ ਨੇ, ਜਿੱਥੇ ਸਾਰਾ ਬਜਟ ਹਿਲਾ ਕੇ ਰੱਖ ਦਿੱਤਾ ਹੈ, ਉੱਥੇ ਹੀ ਨੌਕਰੀਪੇਸ਼ਾ ਅਤੇ ਹੋਰ ਕਾਰੋਬਾਰੀਆਂ ਨੂੰ ਵੀ ਰਗੜ ਕੇ ਰੱਖ ਦਿੱਤਾ।

ਜੇਕਰ ਪੈਟਰੋਲ-ਡੀਜ਼ਲ ਮਹਿੰਗਾ ਹੁੰਦਾ ਹੈ ਤਾਂ ਇਸ ਦਾ ਅਸਰ ਆਮ ਬੰਦੇ ਦੀ ਜੇਬ 'ਤੇ ਵੀ ਅਸਰ ਪੈਂਦਾ ਹੈ, ਕਿਉਂਕਿ ਜੇਕਰ ਇੱਕ ਜਗ ?ਹਾ ਤੋਂ ਦੂਜੀ ਜਗ ?ਹਾ 'ਤੇ ਕੋਈ ਸਮਾਨ ਲਿਜਾਣਾ ਜਾਂ ਫਿਰ ਲਿਆਉਣਾ ਹੈ ਤਾਂ ਇਸ ਦੇ ਲਈ ਵੀ ਗੱਡੀ ਦੇ ਵਿੱਚ ਤੇਲ ਹੀ ਲੱਗਦਾ, ਜਿਸ ਦਾ ਬੋਝ ਆਮ ਜਨਤਾ ਉੱਪਰ ਪੈਂਦਾ ਹੈ, ਪਰ ਸੱਤਾ ਦੇ ਵਿੱਚ ਬੈਠੀ ਸਰਕਾਰ ਨੂੰ ਤਾਂ ਭੋਰਾ ਵੀ ਆਮ ਜਨਤਾ ਦੀ ਫ਼ਿਕਰ ਨਹੀਂ।

ਕੇਂਦਰ ਦੇ ਲੀਡਰ ਸੂਬਿਆਂ ਦੀਆਂ ਸਰਕਾਰਾਂ ਨੂੰ ਇਹ ਕਹਿ ਰਹੇ ਨੇ ਕਿ ਉਹ ਆਪਣੇ ਪੱਧਰ 'ਤੇ ਟੈਕਸ ਘਟਾਉਣ, ਜਦੋਂ ਕਿ ਸਿੱਧੇ ਰੂਪ ਦੇ ਵਿੱਚ ਕੇਂਦਰ ਇੱਕ ਪੈਸਾ ਵੀ ਰੇਟ ਘਟਾਉਣ ਲਈ ਰਾਜ਼ੀ ਨਹੀਂ ਹੈ। ਮਿਡਲ ਈਸਟ ਵਿੱਚ ਜੰਗ ਲੱਗੀ ਨੂੰ ਭਾਵੇਂ ਹੀ ਕਰੀਬ ਤਿੰਨ ਮਹੀਨੇ ਹੋਣ ਵਾਲੇ ਨੇ, ਪਰ ਇਹਨਾਂ ਤਿੰਨ ਮਹੀਨਿਆਂ ਦੇ ਦੌਰਾਨ ਦੇਸ਼ ਦੇ ਅੰਦਰ ਮਹਿੰਗਾਈ ਤਾਂ ਨਹੀਂ ਵਧੀ, ਕਿਉਂਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਚੋਣਾਂ ਹੋਣੀਆਂ ਸਨ। ਜੇਕਰ ਕੇਂਦਰ ਦੀ ਮੋਦੀ ਸਰਕਾਰ ਉਦੋਂ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਵਧਾ ਦਿੰਦੀ, ਤਾਂ ਇਸ ਸਰਕਾਰ ਨੂੰ ਮੂੰਹ ਦੀ ਖਾਣੀ ਪੈਣੀ ਸੀ, ਪਰ ਅਜਿਹਾ ਨਹੀਂ ਕੀਤਾ ਗਿਆ।

ਵੋਟਾਂ ਬਟੋਰਨ ਵਾਸਤੇ ਪਹਿਲਾਂ ਤੇਲ ਦੀਆਂ ਕੀਮਤਾਂ ਨੂੰ ਕੰਟਰੋਲ ਵਿੱਚ ਰੱਖਿਆ ਅਤੇ ਚੋਣਾਂ ਜਿੱਤਦਿਆਂ ਹੀ ਪੈਟਰੋਲ ਡੀਜ਼ਲ ਦੀਆਂ ਕੀਮਤਾਂ ਇੰਨੀਆਂ ਵਧਾ ਦਿੱਤੀਆਂ ਕਿ ਕੋਈ ਕਹਿਣ ਦੀ ਹੱਦ ਨਹੀਂ। ਹੁਣ ਹਾਲਾਤ ਇੰਨੇ ਜ਼ਿਆਦਾ ਬਦ ਤੋਂ ਬਦਤਰ ਹੋ ਚੁੱਕੇ ਨੇ ਕਿ ਲੋਕ ਦੋ ਪਹੀਆ ਵਾਹਨ ਅਤੇ ਕਾਰਾਂ ਘਰਾਂ ਵਿੱਚ ਖੜ੍ਹੀਆਂ ਕਰਕੇ ਸਾਈਕਲ ਖ਼ਰੀਦਣ ਲਈ ਮਜਬੂਰ ਹਨ, ਪਰ ਸਾਈਕਲਾਂ ਦੀਆਂ ਕੀਮਤਾਂ ਵੀ ਦਿਨ ਪ੍ਰਤੀ ਦਿਨ ਵੱਧ ਰਹੀਆਂ ਨੇ। ਵੈਸੇ ਵੇਖਿਆ ਜਾਵੇ ਤਾਂ ਸਰਕਾਰ ਦੇ ਵੱਲੋਂ ਲਗਾਈ ਗਈ ਇਹ ਅਣਐਲਾਨੀ ਐਮਰਜੈਂਸੀ, ਆਮ ਜਨਤਾ ਦੀ ਜੇਬ 'ਤੇ ਭਾਰੀ ਪੈ ਰਹੀ ਹੈ।

ਦੂਜੇ ਪਾਸੇ ਪੈਟਰੋਲ ਡੀਜ਼ਲ ਦੀਆਂ ਵਧ ਰਹੀਆਂ ਕੀਮਤਾਂ 'ਤੇ ਊਰਜਾ ਵਿਸ਼ਲੇਸ਼ਕ ਅਤੇ ਆਰਥਿਕ ਮਾਹਿਰ ਮੰਨਦੇ ਹਨ ਕਿ, ਇਹ ਵਿਸ਼ਵ ਭੂ-ਰਾਜਨੀਤਿਕ ਸੰਕਟ ਅਤੇ ਘਰੇਲੂ ਵਿੱਤੀ ਦਬਾਅ ਦਾ ਸਿੱਧਾ ਨਤੀਜਾ ਹੈ। ਐਮਕੇ ਗਲੋਬਲ ਵਰਗੀਆਂ ਪ੍ਰਮੁੱਖ ਵਿੱਤੀ ਸੇਵਾ ਫ਼ਰਮਾਂ ਦੀਆਂ ਰਿਪੋਰਟਾਂ ਦੇ ਅਨੁਸਾਰ, ਸਰਕਾਰੀ ਮਾਲਕੀ ਵਾਲੀਆਂ ਤੇਲ ਮਾਰਕੀਟਿੰਗ ਕੰਪਨੀਆਂ ਨੂੰ ਪੈਟਰੋਲ ਅਤੇ ਡੀਜ਼ਲ 'ਤੇ ?17 ਤੋਂ ?18 ਪ੍ਰਤੀ ਲੀਟਰ ਤੱਕ ਭਾਰੀ ਨੁਕਸਾਨ ਹੋ ਰਿਹਾ ਸੀ, ਕਿਉਂਕਿ ਕੀਮਤਾਂ ਲੰਬੇ ਸਮੇਂ ਤੱਕ ਸਥਿਰ ਰਹੀਆਂ। ਊਰਜਾ ਮਾਹਿਰ ਨੋਟ ਕਰਦੇ ਹਨ ਕਿ, ਈਰਾਨ ਨਾਲ ਟਕਰਾਅ ਦੇ ਕਾਰਨ, ਹੋਰਮੁਜ਼ ਜਲਡਮਰੂ ਦੇ ਆਲੇ-ਦੁਆਲੇ ਸੁਰੱਖਿਆ ਜੋਖ਼ਮ ਕਾਫ਼ੀ ਵੱਧ ਗਏ ਹਨ, ਇੱਕ ਮਹੱਤਵਪੂਰਨ ਜਲ ਮਾਰਗ ਜਿਸ ਵਿੱਚੋਂ ਦੁਨੀਆ ਦਾ 20% ਕੱਚਾ ਤੇਲ ਲੰਘਦਾ ਹੈ। ਨਤੀਜੇ ਵਜੋਂ, ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਵਿਸ਼ਵ ਕੀਮਤਾਂ (ਖ਼ਾਸ ਕਰਕੇ ਬ੍ਰੈਂਟ ਕਰੂਡ) ਲਗਾਤਾਰ £100 ਤੋਂ £105 ਪ੍ਰਤੀ ਬੈਰਲ ਦੇ ਨਿਸ਼ਾਨ ਤੋਂ ਉੱਪਰ ਰਹੀਆਂ ਹਨ। ਇਸਦੇ ਉਲਟ, ਅਮਰੀਕੀ ਡਾਲਰ ਦੇ ਮੁਕਾਬਲੇ ਰੁਪਏ ਦੀ ਗਿਰਾਵਟ ਨੇ ਭਾਰਤੀ ਰਿਫਾਇਨਰੀਆਂ ਲਈ ਕੱਚੇ ਤੇਲ ਦੀ ਦਰਾਮਦ ਨੂੰ ਹੋਰ ਵੀ ਮਹਿੰਗਾ ਕਰ ਦਿੱਤਾ ਹੈ, ਜਿਸ ਨਾਲ ਕੰਪਨੀਆਂ ਕੋਲ ਇਸ ਵਿੱਤੀ ਬੋਝ ਨੂੰ ਖਪਤਕਾਰਾਂ 'ਤੇ ਪਾਉਣ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੈ। ਅਰਥਸ਼ਾਸਤਰੀਆਂ ਦੇ ਅਨੁਸਾਰ, ਡੀਜ਼ਲ ਦੀਆਂ ਕੀਮਤਾਂ ਵਿੱਚ ਹਾਲ ਹੀ ਵਿੱਚ 2.71 ਰੁਪਏ ਦਾ ਵਾਧਾ ਆਵਾਜਾਈ ਦੇ ਖ਼ਰਚਿਆ ਵਿੱਚ ਤੁਰੰਤ ਵਾਧਾ ਕਰੇਗਾ, ਜਿਸ ਨਾਲ ਫਲਾਂ, ਸਬਜ਼ੀਆਂ, ਡੇਅਰੀ ਉਤਪਾਦਾਂ ਅਤੇ ਘਰੇਲੂ ਕਰਿਆਨੇ ਦੀਆਂ ਕੀਮਤਾਂ ਸਿੱਧੇ ਤੌਰ 'ਤੇ ਵਧ ਜਾਣਗੀਆਂ। ਨਿੱਜੀ ਵਿੱਤ ਵਿਸ਼ਲੇਸ਼ਕਾਂ ਦਾ ਅੰਦਾਜ਼ਾ ਹੈ ਕਿ ਇਸ ਤਰ੍ਹਾਂ ਦੇ ਲਗਾਤਾਰ ਕੀਮਤਾਂ ਵਿੱਚ ਵਾਧੇ ਨਾਲ ਇੱਕ ਔਸਤ ਭਾਰਤੀ ਪਰਿਵਾਰ ਦਾ ਸਾਲਾਨਾ ਖ਼ਰਚ 2,400 ਰੁਪਏ ਤੋਂ ਵੱਧ ਵਧ ਸਕਦਾ ਹੈ। ਵੇਖਿਆ ਜਾਵੇ ਤਾਂ ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਸੱਤਾ ਦੇ ਵਿੱਚ ਆਈਆਂ ਨੇ, ਉਨ੍ਹਾਂ ਨੇ ਵਿਰੋਧੀ ਧਿਰ ਵਿੱਚ ਰਹਿੰਦਿਆਂ ਤਾਂ ਬਥੇਰੇ ਵਾਅਦੇ ਕੀਤੇ ਨੇ ਕਿ ਅਸੀਂ ਮਹਿੰਗਾਈ ਨੂੰ ਕੰਟਰੋਲ ਕਰਕੇ ਰੱਖਾਂਗੇ ਅਤੇ ਜਨਤਾ ਨੂੰ ਇਸ ਦਾ ਫ਼ਾਇਦਾ ਪਹੁੰਚਾਵਾਂਗੇ, ਪਰ ਅਸਲ ਦੇ ਵਿੱਚ ਸਚਾਈ ਤਾਂ ਇਹ ਹੈ ਕਿ ਜਦੋਂ ਕੋਈ ਪਾਰਟੀ ਵਿਰੋਧੀ ਧਿਰ ਵਿੱਚ ਹੁੰਦੀ ਹੈ ਤਾਂ ਉਹ ਲੰਬੇ ਚੌੜੇ ਵਾਅਦੇ ਕਰਦੀ ਹੈ, ਪਰ ਜਦੋਂ ਸੱਤਾ ਦੇ ਵਿੱਚ ਆ ਜਾਂਦੀ ਹੈ ਤਾਂ ਉਹ ਆਪਣੇ ਕੀਤੇ ਵਾਅਦਿਆਂ ਤੋਂ ਭੁੱਲ ਜਾਂਦੀ ਹੈ। ਅੱਜ ਰੁਪਇਆ ਡਾਲਰ ਦੇ ਮੁਕਾਬਲੇ 96 ਰੁਪਏ ਤੋਂ ਵੀ ਪਾਰ ਕਰ ਚੁੱਕਿਆ ਹੈ। ਜੇਕਰ ਇਸੇ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਆਉਣ ਵਾਲਾ ਸਮਾਂ ਇਸ ਤੋਂ ਵੀ ਭਿਆਨਕ ਹੋਵੇਗਾ, ਕਿਉਂਕਿ ਜਿਸ ਤਰੀਕੇ ਦੇ ਨਾਲ ਸਬਜ਼ੀਆਂ, ਖਾਦਾਂ, ਦਵਾਈਆਂ ਅਤੇ ਹੋਰਨਾਂ ਰੋਜ਼ ਵਰਤੋਂ ਵਿੱਚ ਆਉਣ ਵਾਲੀਆਂ ਵਸਤੂਆਂ ਦੇ ਭਾਅ ਵੱਧ ਰਹੇ ਨੇ, ਪਰ ਆਮ ਲੋਕਾਂ ਦੀ ਕਮਾਈ ਨਹੀਂ ਵੱਧ ਰਹੀ, ਤਾਂ ਕਿਧਰੇ ਉਹ ਕਹਾਵਤ ਸੱਚੀ ਨਾ ਹੋ ਜਾਵੇ ਕਿ, ਇੱਕ ਦਿਨ ਐਸਾ ਆਵੇਗਾ ਹੱਥ ਨੂੰ ਹੱਥ ਖਾਵੇਗਾ।

## ਸ਼ਹੀਦੀ ਦਿਹਾੜੇ ਨੂੰ ਸਮਰਪਿਤ

# ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ

ਗੁਰੂ ਅਰਜਨ ਦੇਵ ਜੀ (15 ਅਪ੍ਰੈਲ 1563- ਸ਼ਹੀਦ 30 ਮਈ, 1606) ਦਾ ਜਨਮ ਗੋਇੰਦਵਾਲ ਵਿਚ ਗੁਰੂ ਰਾਮਦਾਸ ਜੀ ਤੇ ਬੀਬੀ ਭਾਨੀ (ਗੁਰੂ ਅਮਰਦਾਸ ਦੀ ਪੁੱਤਰੀ) ਦੇ ਸਭ ਤੋਂ ਛੋਟੇ ਪੁੱਤਰ ਵਜੋਂ ਹੋਇਆ ਸੀ। ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ। ਉਹ ਅਜਿਹੇ ਪਹਿਲੇ ਸਿੱਖ ਗੁਰੂ ਸਨ ਜਿਨ੍ਹਾਂ ਨੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਆਪਣਾ ਜੀਵਨ ਬਲੀਦਾਨ ਦਿੱਤਾ। ਸਿੱਖ ਜਗਤ ਦੁਆਰਾ ਹਰ ਸਾਲ ਜੂਨ ਮਹੀਨੇ ਵਿਚ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਦੀ ਯਾਦ ਮਨਾਈ ਜਾਂਦੀ ਹੈ। ਸਿੱਖ ਧਰਮ ਦੇ ਸਥਾਪਨ ਤੇ ਵਿਕਾਸ ਵਿਚ ਆਪ ਦਾ ਯੋਗਦਾਨ ਅਹਿਮ ਰਿਹਾ ਹੈ। ਆਪ ਨੇ ਸਿੱਖਾਂ ਦੇ ਧਾਰਮਿਕ ਗ੍ਰੰਥ ਦੇ ਪਹਿਲੇ ਸਰੂਪ ਆਦਿ ਗ੍ਰੰਥ ਦਾ ਸੰਪਾਦਨ ਕੀਤਾ ਜੋ ਸਮੇਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਿੱਖਾਂ ਦੇ ਗਿਆਰਵੇਂ ਗੁਰੂ ਵਜੋਂ ਸਥਾਪਿਤ ਹੋਇਆ।ਆਪ ਜੀ ਨੇ ਰਾਮਦਾਸਪੁਰ (ਹੁਣ ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ। ਆਪ ਜੀ ਨੇ ਤਰਨਤਾਰਨ ਸਾਹਿਬ ਤੇ ਕਰਤਾਰਪੁਰ (ਜਲੰਧਰ) ਨਗਰਾਂ ਦੀ ਸਥਾਪਨਾ ਵਿਚ ਵੀ ਮੋਢੀ ਰੋਲ ਨਿਭਾਇਆ।

ਗੁਰੂ ਅਰਜਨ ਦੇਵ ਜੀ ਦਾ ਵਿਆਹ ਮਾਤਾ ਗੰਗਾ ਨਾਲ ਹੋਇਆ ਤੇ ਉਨ੍ਹਾਂ ਦੇ ਘਰ ਇੱਕ ਮਹਾਨ ਪੁੱਤਰ 'ਹਰਗੋਬਿੰਦ ਦਾ ਜਨਮ ਹੋਇਆ। ਉਨ੍ਹਾਂ ਨੇ ਗੁਰੂ ਅਮਰਦਾਸ ਜੀ ਤੋਂ ਦੇਵਨਾਗਰੀ, ਪੰਡਿਤ ਬੇਨੀ ਤੋਂ ਸੰਸਕ੍ਰਿਤ ਦੀ ਸਿੱਖਿਆ, ਆਪਣੇ ਚਾਚਾ ਮੋਹਰੀ ਤੋਂ ਗਣਿਤ ਤੇ ਆਪਣੇ ਚਾਚਾ ਮੋਹਨ ਜੀ ਤੋਂ ਧਿਆਨ ਵਿਧੀ ਦੀ ਗੁਰਮੁਖੀ ਸਿੱਖਿਆ ਪ੍ਰਾਪਤ ਕੀਤੀ। ਗੁਰੂ ਰਾਮ ਦਾਸ ਨੇ ਆਪਣੇ ਸਭ ਤੋਂ ਛੋਟੇ ਪੁੱਤਰ ਅਰਜਨ ਦੇਵ ਨੂੰ ਪੰਜਵੇਂ ਸਿੱਖ ਗੁਰੂ ਦੇ ਤੌਰ 'ਤੇ ਉਤਰਾਧਿਕਾਰੀ ਲਈ ਚੁਣਿਆ। ਵਿਚਕਾਰਲੇ ਭਰਾ ਮਹਾਦੇਵ ਨੇ ਸੰਨਿਆਸੀ ਜੀਵਨ ਦੀ ਅਗਵਾਈ ਕਰਨ ਦੀ ਚੋਣ ਕੀਤੀ।ਹਾਲਾਂਕਿ ਵੱਡੇ ਪੁੱਤਰ ਪ੍ਰਿਥੀ ਚੰਦ ਨੇ ਗੁਰੂ ਅਰਜਨ ਦੇਵ ਜੀ ਦਾ ਨਵੇਂ ਉੱਤਰਾਧਿਕਾਰੀ ਵਜੋਂ ਸਖ਼ਤ ਵਿਰੋਧ ਕੀਤਾ। ਗੁਰੂ ਅਰਜਨ ਦੇਵ ਜੀ 1 ਸਤੰਬਰ, 1581 ਨੂੰ ਅਠਾਰਾਂ ਸਾਲ ਦੀ ਛੋਟੀ ਉਮਰ ਵਿਚ ਪੰਜਵੇਂ ਗੁਰੂ ਬਣੇ। ਉਨ੍ਹਾਂ ਹਰਿਮੰਦਰ ਸਾਹਿਬ ਦੀ ਨੀਂਹ ਅੰਮ੍ਰਿਤਸਰ ਵਿਖੇ ਰੱਖੀ ।

ਪਵਿੱਤਰ ਗ੍ਰੰਥ ਆਦਿ ਗ੍ਰੰਥ ਦਾ ਗੁਰੂ ਅਰਜਨ ਦੇਵ ਜੀ ਦੁਆਰਾ1604 ਵਿਚ ਅੰਮ੍ਰਿਤਸਰ ਵਿਖੇ ਸੰਕਲਿਤ ਕੀਤਾ ਗਿਆ।ਇਸ ਵਿਚ ਉਨ੍ਹਾਂ ਦੀ ਆਪਣੀ ਬਾਣੀ ਤੋਂ ਬਿਨਾਂ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਉਨ੍ਹਾਂ ਦੇ ਪਿਤਾ (ਸ੍ਰੀ ਗੁਰੂ ਰਾਮਦਾਸ ਜੀ) ਅਤੇ ਹੋਰ ਭਗਤਾਂ ਸ਼ੇਖ ਫ਼ਰੀਦ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਧੰਨਾ ਜੀ, ਭਗਤ ਨਾਮਦੇਵ ਜੀ, ਰਾਮਾਨੰਦ, ਜੈ ਦੇਵ, ਤ੍ਰਿਲੋਚਨ, ਬੇਟੀ, ਪੀਪਾ ਜੀ ਤੇ ਸੂਰਦਾਸ ਜੀ ਦੀਆਂ ਰਚਨਾਵਾਂ ਵੀ 'ਆਦਿ ਗ੍ਰੰਥ 'ਚ ਸ਼ਾਮਿਲ ਕੀਤਾ। ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਵਿਚ ਕੁੱਲ 2218 ਬਾਣੀ ਦਾ ਯੋਗਦਾਨ ਪਾਇਆ ਜਿਸ ਨੂੰ ਬਾਅਦ ਵਿਚ ਦਸਵੀਂ ਗੁਰੂ ਸ੍ਰੀ ਗੋਬਿੰਦ ਸਿੰਘ ਜੀ ਵੱਲੋਂ ਸਾਰੇ ਗੁਰੂਆਂ ਤੇ ਭਗਤਾਂ ਦੀਆਂ ਬਾਣੀਆਂ ਦੇ ਸੰਕਲਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਰੂਪ ਦਿੱਤਾ ਗਿਆ ਅਤੇ ਗੁਰੂ ਮਾਨਿਓ ਗ੍ਰੰਥ ਦਾ ਬਚਨ ਕੀਤਾ। ਉਨ੍ਹਾਂ ਨੇ 'ਆਦਿ ਗ੍ਰੰਥ' ਵਿਚ ਕਈ ਭਗਤਾਂ, ਸੰਤਾਂ ਦੀ ਬਾਣੀ ਸ਼ਾਮਿਲ ਕੀਤੀ ਜੋ ਸਿੱਖ ਗੁਰੂਆਂ ਦੇ ਫਲਸਫ਼ੇ ਅਤੇ ਸਿੱਖ ਧਰਮ ਨਾਲ ਮੇਲ ਖਾਂਦੀ ਸੀ। ਉਨ੍ਹਾਂ ਨੇ ਸ੍ਰੀ'ਸੁਖਮਨੀ ਸਾਹਿਬ ਦੀ ਰਚਨਾ ਵੀ ਕੀਤੀ ਜੋ ਕਿ ਪ੍ਰਾਰਥਨਾ ਤੇ ਸ਼ਾਂਤੀ ਲਈ ਮੰਨੀ ਜਾਂਦੀ ਹੈ।

**ਗੁਰੂ ਜੀ ਨਾਲ ਵਿਸ਼ਵਾਸਘਾਤ**

ਗੁਰੂ ਅਰਜਨ ਦੇਵ ਜੀ ਦੇ ਦੁਸ਼ਮਣਾਂ 'ਚੋਂ ਇੱਕ ਉਨ੍ਹਾਂ ਦਾ ਆਪਣਾ ਵੱਡਾ ਭਰਾ ਪ੍ਰਿਥੀ ਚੰਦ ਸੀ, ਕਿਉਂਕਿ ਉਸਨੂੰ ਪੰਜਵੇਂ ਸਿੱਖ ਗੁਰੂ ਵਜੋਂ ਉਤਰਾਧਿਕਾਰੀ ਬਣਾਉਣ ਤੋਂ ਇਨਕਾਰ ਕੀਤਾ ਗਿਆ ਸੀ । ਪ੍ਰਿਥੀ ਚੰਦ ਤੇ ਉਨ੍ਹਾਂ ਦਾ ਪੁੱਤਰ ਮੇਹਰਬਾਨ ਆਪਣੇ ਆਪ ਨੂੰ ਅਸਲ ਗੁਰੂ ਮੰਨਦੇ ਸਨ। ਦੋਵਾਂ ਨੇ ਬਾਣੀ ਅਤੇ ਸ਼ਬਦ ਦੀ ਰਚਨਾ ਕੀਤੀ ਹੈ।ਇੱਕ ਹੋਰ ਦੁਸ਼ਮਣ ਸ਼ੇਖ ਅਹਿਮਦ ਸਰਹੰਦੀ ਸੀ ਜੋ ਵੱਡੀ ਗਿਣਤੀ 'ਚ ਮੁਸਲਮਾਨਾਂ ਦੇ ਸਿੱਖ ਪੰਥ 'ਚ ਸ਼ਾਮਿਲ ਹੋਣ ਤੋਂ ਪਰੇਸ਼ਾਨ ਸੀ ਅਤੇ ਇਸਨੂੰ ਇਸਲਾਮੀ ਸਰਵਉੱਚਤਾ ਲਈ ਖ਼ਤਰਾ ਸਮਝਦਾ ਸੀ।ਲਾਹੌਰ ਦੇ ਇੱਕ ਖੇਤਰੀ ਚੰਦੂ ਸ਼ਾਹ ਦੇ ਮੁਗ਼ਲ ਸਾਮਰਾਜ ਨਾਲ ਨੇੜਲੇ ਸਬੰਧ ਸਨ। ਉਹ ਆਪਣੀ ਧੀ ਲਈ ਲਾੜਾ ਲੱਭ ਰਿਹਾ ਸੀ। ਸੰਦੇਸ਼ ਵਾਹਕਾਂ ਨੇ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਹਰਗੋਬਿੰਦ ਸਾਹਿਬ ਨੂੰ ਸਭ ਤੋਂ ਯੋਗ ਲਾੜੇ ਵਜੋਂ ਸਿਫ਼ਾਰਿਸ਼ ਕੀਤੀ। ਚੰਦੂ ਸ਼ਾਹ ਖ਼ੁਦ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਇੱਕ ਲੱਖ ਰੁਪਏ ਦੀ ਭੇਟਾ ਲੈ ਕੇ ਗਿਆ ਪਰ ਗੁਰੂ ਅਰਜਨ ਦੇਵ ਜੀ ਦੇ ਪੈਰੋਕਾਰਾਂ ਨੇ ਗੁਰੂ ਜੀ ਨੂੰ ਚੰਦੂ ਸ਼ਾਹ ਦੇ ਮਨਸੂਬਿਆਂ ਤੋਂ ਸੁਚੇਤ ਕੀਤਾ ਸੀ। ਗੁਰੂ ਅਰਜਨ ਦੇਵ ਜੀ ਨੇ ਚੰਦੂ ਸ਼ਾਹ ਦੀ ਪੁੱਤਰੀ ਦਾ ਆਪਣੇ ਪੁੱਤਰ ਨਾਲ ਵਿਆਹ ਦਾ ਪ੍ਰਸਤਾਵ ਠੁਕਰਾ ਦਿੱਤਾ। ਉਥੋਂ ਹੀ ਗੁਰੂ ਅਰਜਨ ਦੇਵ ਜੀ ਲਈ ਚੰਦੂ ਸ਼ਾਹ ਦੀ ਕੌੜੀ ਦੁਸ਼ਮਣੀ ਅਤੇ ਨਫ਼ਰਤ ਦੀ ਸ਼ੁਰੂਆਤ ਹੋਈ ਸੀ।

**ਗੁਰੂ ਜੀ ਨੂੰ ਲਾਹੌਰ ਬੁਲਾਉਣਾ**

ਬਾਦਸ਼ਾਹ ਜਹਾਂਗੀਰ ਉਨ੍ਹਾਂ ਮੁਸਲਮਾਨਾਂ ਅਤੇ ਹਿੰਦੂਆਂ ਦੀ ਗਿਣਤੀ ਤੋਂ ਨਾਰਾਜ਼ ਸੀ ਜਿਨ੍ਹਾਂ ਸਿੱਖ ਧਰਮ ਨੂੰ ਅਪਣਾ ਲਿਆ ਸੀ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਬੁਲਾਇਆ ਤੇ ਖ਼ੁਸਰੋ ਦੀ ਮਦਦ ਬਾਰੇ ਕਈ ਸਵਾਲ ਕੀਤੇ। ਬਾਦਸ਼ਾਹ ਜਹਾਂਗੀਰ ਗੁਰੂ ਜੀ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਸੀ। ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਮਿਟਾਉਣ ਦਾ ਹੁਕਮ ਦਿੱਤਾ ਪਰ ਗੁਰੂ ਜੀ ਨੂੰ ਇਹ ਕਿਸੇ ਵੀ ਹਾਲਤ 'ਚ ਇਹ ਪ੍ਰਵਾਨ ਨਹੀਂ ਸੀ ਅਤੇ ਗੁਰੂ ਅਰਜਨ ਦੇਵ ਜੀ ਨੇ ਕੁਰਬਾਨੀ ਨੂੰ ਤਰਜੀਹ ਦਿੱਤੀ। ਬਾਦਸ਼ਾਹ ਜਹਾਂਗੀਰ ਨੇ ਹੁਕਮ ਦਿੱਤਾ ਕਿ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਵੇ ।

ਜਹਾਂਗੀਰ ਦੀ ਗੁਰੂ ਸਾਹਿਬ ਪ੍ਰਤੀ ਨਫ਼ਰਤ ਅਕਬਰ ਜੋ ਕਿ ਸਿੱਖਾਂ ਨਾਲ ਚੰਗੇ ਸਬੰਧ ਰੱਖਦਾ ਸੀ, 27 ਅਕਤੂਬਰ, 1605 ਨੂੰ ਚਲਾਣਾ ਕਰ ਗਿਆ ਤੇ ਜਹਾਂਗੀਰ ਨੇ ਮੁਗ਼ਲ ਸਾਮਰਾਜ ਦੀ ਵਾਗਡੋਰ ਸੰਭਾਲ ਲਈ। ਜਹਾਂਗੀਰ ਨੇ ਆਪਣੇ ਪੁੱਤਰ ਖ਼ੁਸਰੋ ਮਿਰਜ਼ਾ, ਜਿਸ ਨੇ 3000 ਯੋਧਿਆਂ ਦੀ ਵੱਡੀ ਸ਼ਕਤੀਸ਼ਾਲੀ ਫ਼ੌਜ ਇਕੱਠੀ ਕੀਤੀ ਸੀ, ਦੁਆਰਾ ਕੀਤੀ ਗਈ ਭਿਆਨਕ ਬਗ਼ਾਵਤ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਮੁਗ਼ਲ ਅਧਿਕਾਰੀਆਂ ਅਤੇ ਸਿੱਖ ਭਾਈਚਾਰੇ ਵਿਚ ਮੁਸੀਬਤ ਸ਼ੁਰੂ ਹੋਈ । ਖ਼ਸਰ ਗੁਰੂ ਅਰਜਨ ਦੇਵ ਜੀ ਦੀ ਸਹਾਇਤਾ ਲੈਣ ਲਈ ਲਾਹੌਰ ਦੇ ਰਸਤੇ ਗੋਇੰਦਵਾਲ ਵਿਖੇ ਰੁਕਿਆ ਸੀ। ਇਸ ਤੋਂ ਬਾਅਦ, ਖ਼ੁਸਰੋ ਨੇ ਮੁਗ਼ਲ ਸਾਮਰਾਜ ਨੂੰ ਆਪਣੇ ਕਬਜ਼ੇ ਵਿਚ ਲੈਣ ਲਈ ਲਾਹੌਰ ਸ਼ਹਿਰ ਨੂੰ ਘੇਰਾ ਪਾ ਲਿਆ, ਅਖ਼ੀਰ ਜੰਗ ਵਿਚ ਜਹਾਂਗੀਰ ਦੀਆਂ ਫ਼ੌਜਾਂ ਦੀ ਜਿੱਤ ਹੋਈ ਅਤੇ ਖ਼ੁਸਰੋ ਮਿਰਜ਼ਾ ਨੂੰ ਕੈਦੀ ਬਣਾ ਲਿਆ ਗਿਆ। ਉਸ ਨੂੰ 1 ਮਈ, 1606 ਨੂੰ ਬਾਦਸ਼ਾਹ ਜਹਾਂਗੀਰ ਦੇ ਸਾਹਮਣੇ ਲਿਜਾਇਆ ਗਿਆ ਅਤੇ ਜਹਾਂਗੀਰ ਵੱਲੋਂ ਉਸ ਨੂੰ ਅੱਖਾਂ ਤੋਂ ਅੰਨ੍ਹਾ ਕਰ ਦਿੱਤਾ ਗਿਆ ਤਾਂ ਜੋ ਉਹ ਮੁਗ਼ਲ ਗੱਦੀ 'ਤੇ ਮੁੜ ਦਾਅਵਾ ਨਾ ਕਰ ਸਕੇ। ਮੁਗ਼ਲ ਇਤਿਹਾਸ, ਗੱਦੀ ਅਤੇ ਰਾਜ ਦੀ ਖ਼ਾਤਿਰ ਆਪਣੇ ਹੀ ਰਿਸ਼ਤੇਦਾਰਾਂ ਦੇ ਬੇਰਹਿਮ ਕਤਲਾਂ ਨਾਲ ਭਰਿਆ ਪਿਆ ਹੈ।

**ਸ਼ਹੀਦ ਕਰਨ ਦਾ ਹੁਕਮ**



ਆਖ਼ ?ਰ ਜ਼ਾਲਿਮਾਂ ਵੱਲੋਂ ਪੰਜਵੇਂ ਪਾਤਸ਼ਾਹ ਨੂੰ ਤੱਤੀ ਤਵੀ 'ਤੇ ਬਿਠਾਇਆ ਗਿਆ ਅਤੇ ਉਨ੍ਹਾਂ ਦੇ ਸਰੀਰ 'ਤੇ ਗਰਮ ਬਲਦੀ ਰੇਤ ਪਾ ਕੇ 30 ਮਈ, ਸੰਨ 1606 ਨੂੰ ਸ਼ਹੀਦ ਕਰ ਦਿੱਤਾ ਗਿਆ।ਆਪ ਜੀ ਨੇ ਉਸ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨ ਲਿਆ। ਪ੍ਰਸਿੱਧ ਸਿੱਖ ਇਤਿਹਾਸਕਾਰ ਡਾ: ਹਰੀ ਰਾਮ ਗੁਪਤਾ ਨੇ ਲਿਖਿਆ, "ਪੰਜਵੇਂ ਗੁਰੂ ਦੀ ਸ਼ਹਾਦਤ ਸਿੱਖ ਇਤਿਹਾਸ 'ਚ ਵੱਡਾ ਮੋੜ ਸੀ। ਗੁਰੂ ਜੀ ਦੀ ਸ਼ਹਾਦਤ ਨੇ ਸਿੱਖ ਇਤਿਹਾਸ 'ਤੇ ਅਮਿੱਟ ਛਾਪ ਛੱਡੀ।' ਇਸ ਨੇ ਧਾਰਮਿਕ ਸਹਿਣਸ਼ੀਲਤਾ, ਨਿਆਂ ਵਰਗੇ ਸਿਧਾਂਤਾਂ ਪ੍ਰਤੀ ਸਿੱਖ ਭਾਈਚਾਰੇ ਦੀ ਵਚਨਬੱਧਤਾ ਨੂੰ ਮਜ਼ਬੂਤ ਕੀਤਾ। ਗੁਰੂ ਜੀ ਦੇ ਸ਼ਹੀਦੀ ਦਿਹਾੜੇ 'ਤੇ ਹਰ ਸਾਲ ਥਾਂ-ਥਾਂ 'ਤੇ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਲੱਗਦੀਆਂ ਹਨ।

**ਸੁਰਜੀਤ ਸਿੰਘ ਫਲੋਰਾ**
647-829-9397

# ਸਿਖਿਆ ਕ੍ਰਾਂਤੀ : ਸਿੱਖਿਆ ਸੰਸਥਾਵਾਂ ਵਿੱਚ ਅਧਿਆਪਕਾਂ ਦੀ ਰੜਕਦੀ ਘਾਟ ਪੂਰੀ ਹੋਵੇ

ਨਵੀਂ ਪੰਜਾਬ ਸਰਕਾਰ ਨੇ ਸਿੱਖਿਆ ਦੇ ਮੁੱਦੇ ਨੂੰ ਪਹਿਲ ਦੇ ਆਧਾਰ ਤੇ ਸੁਧਾਰ ਕਰਨ ਲਈ ਵਚਨ ਦਿੱਤਾ ਸੀ ।ਸਮਾਰਟ ਸਕੂਲ ਤਾਂ ਪਹਿਲੀ ਸਰਕਾਰ ਨੇ ਹੀ ਬਣਵਾਉਣੇ ਸ਼ੁਰੂ ਕਰ ਦਿੱਤੇ ਸੀ ।ਹੁਣ ਸਕੂਲਾਂ ਨੂੰ ਹੋਰ ਕਈ ਕਿਸਮ ਦੇ ਨਾਂ ਦੇ ਕੇ ਸਕੂਲਾਂ ਦਾ ਵਰਗੀਕਰਨ ਕੀਤਾ ਜਾ ਰਿਹਾ ਹੈ । ਪਰ ਅਜੇ ਤੱਕ ਸਿੱਖਿਆ ਦੇ ਸੁਧਾਰ ਲਈ ਕੋਈ ਨਵੀਂ ਠੋਸ ਨੀਤੀ ਸਾਹਮਣੇ ਨਹੀਂ ਆਈ । ਉਪਰਲੀ ਪੋਚਾ ਪੋਚੀ ਜ਼ਿਆਦਾ ਕੀਤੀ ਜਾ ਰਹੀ ।ਸਕੂਲਾਂ ਵਿੱਚ ਬਹੁਤ ਸਾਰੀਆਂ ਪੋਸਟਾਂ ਖਾਲੀ ਪਈਆਂ ਹਨ । ਕਈ ਸਕੂਲਾਂ ਨੂੰਸਕੂਲ ਮੁੱਖੀਆਂ ਦੀ ਬਦਲੀ ਜਾਂ ਸੇਵਾ ਮੁਕਤੀ ਕਾਰਨ ਸੀਨੀਅਰ ਅਧਿਆਪਕ ਹੀ ਸਕੂਲ਼ ਇੰਚਾਰਜ਼ ਦਾ ਕੰਮ ਚਲਾਉਣ ਲਈ ਮਜਬੂਰ ਹਨ । ਇਸ ਦੀ ਮਿਸਾਲ ਸਾਡੇ ਸਾਹਮਣੇ ਬਹੁਤ ਸਾਰੇ ਇਹੋ ਜਿਹੇ ਸਕੂਲਾਂ ਦੀ ਦੇਖਣ ਨੂੰ ਆਉਂਦੀ ਹੈ ।ਹੁਣ ਹੀ ਕਾਫੀ ਪ੍ਰਿੰਸੀਪਲਾਂ ਨੂੰ ਉਪ-ਜਿਲ੍ਹਾ ਸਿੱਖਿਆ ਅਫਸਰ ਲਾ ਦਿੱਤਾ ਹੈ ਜਿਸ ਨਾਲ ਇਨ੍ਹਾ ਦੇ ਸਕੂਲ ਵੀ ਮੁੱਖੀ ਤੋਂ ਸੱਖਣੇ ਹੋ ਗਏ ਹਨ ।। ਇੱਕ ਪ੍ਰਿੰਸੀਪਲ ਕੋਲ ਕਈ ਪਹਿਲਾਂ ਹੀ ਕਈ ਸਕੂਲਾਂ ਦੀਆਂ ਡੀ.ਡੀ.ਓ. ਪਾਵਰਜ਼ ਦਿੱਤੀਆਂ ਹੋਈਆਂ ਹਨ ਤਾਂ ਜੋ ਤਨਖਾਹਾਂ ਕਢਵਾਉਣ ਜਾਂ ਹੋਰ ਵਿੱਤੀ ਕੰਮ ਕਰਨ ਲਈ ਕੰਮ ਚਲਾਇਆ ਜਾ ਸਕੇ। ਹੁਣ ਇਨ੍ਹਾਂ ਦੀਆਂ ਡੀ.ਡੀ.ਓ. ਪਾਵਰਜ਼ ਪਹਿਲਾਂ ਹੀ ਕਈ ਸਕੂਲਾਂ ਨਾਲ ਅਟੈਚਡ ਪ੍ਰਿੰਸੀਪਲਾਂ ਦੇ ਗਲ ਪੈ ਜਾਣੀਆਂ ਹਨ ।ਇਹੋ ਜਿਹੇ ਸਕੂਲਾਂ ਦੀ ਹਾਲਤ ਬੜੀ ਤਰਸਯੋਗ ਬਣ ਜਾਂਦੀ ਹੈ ।ਇਸ ਸੈਸ਼ਨ 'ਚ ਨੇੜ ਦੇ ਸਮੇਂ ਅਜੇ ਕੋਈ ਅਧਿਆਪਕ, ਲੈਕਚਰਾਰ ਅਤੇ ਪਿੰ ?ਰਸੀਪਲ ਹੁਣ ਆਉਣ ਦੀ ਸੰਭਾਵਨਾ ਨਹੀਂ ।ਰਿਆਸਤੀ ਸ਼ਹਿਰ ਨਾਭਾ ਦੇ ਦੋ ਮਾਣਮੱਤੇ ਸੀਨੀਅਰ ਸੈਕੰਡਰੀ ਸਕੂਲਾਂ ਪ੍ਰਿੰਸੀਪਲ ਦੀਆਂ ਪੋਸਟਾਂ ਖਾਲੀ ਹਨ ।ਮੇਰੇ ਪਿੰਡ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੰਦਰਾਲਾ ਢੀਂਡਸਾ ਦੇ ਪ੍ਰਿੰਸੀਪਲ ਨੂੰ ਦੋ ਸਾਲ ਤੋਂ ਵੱਧ ਸਮਾਂ ਸੇਵਾ ਮੁਕਤ ਹੋਣ ਤੋਂ ਬਾਦ ਪ੍ਰਿੰਸੀਪਲ ਨਸੀਬ ਨਹੀਂ ਹੋਇਆ ।ਹੁਣ ਅਧਿਆਪਕਾਂ ਦੀਆਂ ਡਿਊਟੀਆਂ ਬੀ.ਐਲ.ਓ. , ਮਰਦਮਸੁਮਾਰੀ , ਵੋਟਾਂ ਵਿੱਚ , ਨਸ਼ੇ ਅਤੇ ਸਮਾਜਿਕ-ਆਰਥਿਕ ਸਰਵੇ ਵਿੱਚ ਲਾਉਣ ਤੋਂ ਇਲਾਵਾ ਸਮੇਂ ਸਮੇਂ ਹੋਰ ਵੀ ਡਿਊਟੀਆ 'ਚ ਅਧਿਆਪਕਾਂ ਦੀ ਸਮੂਲੀਅਤ ਕਰਵਾਈ ਜਾਂਦੀ ਹੈ , ਭਾਵੇਂ ਇਸ ਵਾਰ ਮਿਊਂਸਪਲ / ਨਗਰ ਕੌਂਸਲ ਚੋਣਾਂ ਵਿੱਚ ਇੱਕ ਐਸ.ਡੀ.ਐਮ. ਵਲੋਂ ਡਿਊਟੀ ਤੇ ਹਾਜ਼ਰ ਅਧਿਆਪਕਾਂ ਨੂੰ ਗੈਰ-ਹਾਜ਼ਰ ਕਰਾਰ ਕੇ ਐਫ.ਆਈ.ਆਰ. ਦਰਜ਼ ਕਰਾਉਣੀ ਅਤੇ ਲੇਡੀਜ਼ ਰਿਜ਼ਰਵ ਸਟਾਫ ਨਾਲ ਮਾੜਾ ਵਿਵਹਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਜੋ ਨਿੰਦਣਯੋਗ ਹੈ । ਪਰ ਅ◆ਆਪਕਾਂ ਨੇ ਫਿਰ ਵੀ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਈ ਜੋ ਉਨ੍ਹਾਂ ਦੇ ਕੱਦ ਨੂੰ ਉੱਚਾ ਕਰਦੀ ਹੈ ਕਿ ਇਨ੍ਹਾਂ ਤੋਂ ਬਿਨ੍ਹਾਂ ਕੋਈ ਕੰਮ ਪੂਰ ਚੜ੍ਹਾਉਣਾ ਸਰਕਾਰ ਦੇ ਵਸ ਦੀ ਗੱਲ ਨਹੀਂ , ਹਾਲਾਂ ਕਿ ਕਈ ਵਾਰੀ ਸਰਕਾਰਾਂ ਨੇ ਫਾਲਤੂ ਡਿਊਟੀਆਂ ਨਾ ਲਾਉਣ ਲਈ ਪੱਤਰ ਜਾਰੀ ਵੀ ਕੀਤੇ ਹਨ ।ਚਲੋ ਇਹ ਵੱਖਰਾ ਮਸਲਾ ਹੈ ।ਇਸ ਤਰ੍ਹਾਂਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋਣਾ ਸੁਭਾਵਕ ਹੈ ।ਸਿੱਖਿਆ ਸੁਧਾਰ ਦੀ ਗੱਲ ਕਰ ਰਹੀ ਸਰਕਾਰ ਵਲੋਂ ਖਾਲੀ ਪੋਸਟਾਂ ਲਈ ਨਵੇਂ ਅਧਿਆਪਕਾਂ ਦੀ ਭਰਤੀ ਕਿਉਂ ਨਹੀਂ ਕੀਤੀ ਜਾ ਰਹੀ , ਇਸ ਦਾ ਭੇਦ ਗੁੱਝਾ ਹੀ ਲੱਗਦਾ ਹੈ ।ਘੱਟੋ-ਘੱਟ ਲੈਕਚਰਾਰਾਂ ਨੂੰ ਤਰੱਕੀ ਦੇ ਕੇ ਪ੍ਰਿੰਸੀਪਲਾਂ ਦੀਆਂ ਖਾਲੀ ਪੋਸਟਾਂ ਤਾਂ ਭਰੀਆਂ ਜਾ ਸਕਦੀਆਂ ਹਨ ਤਾਂ ਕਿ ਸਕੂਲਾਂ ਦਾ ਪ੍ਰਬੰਧ ਤਾ ਘੱਟੋ-ਘੱਟ ਵਧੀਆ ਤਰੀਕੇ ਨਾਲ ਚਲਾਇਆ ਜਾ ਸਕੇ ।ਬਹੁਤੇ ਸਕੂਲਾਂ 'ਚ ਦਰਜਾ ਚਾਰ ਕਰਮਚਾਰੀ ਨਹੀਂ, ਹਰੇਕ ਸਾਲ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸਕੂਲ਼ ਖੁਲ੍ਹਣ ਨਾਲ ਹੀ, ਉਥੇ ਅਧਿਆਪਕਾਂ ਨੂੰ ਸਾਫ ਸਫਾਈ ਅਤੇ ਹੋਰ ਕੰਮ ਕਰਵਾਉਣੇ ਹੁੰਦੇ ਹਨ ਕਿਉਂ ਕਿ ਘਾਹ ਆਦਿ ਦਾ ਵੱਧ ਜਾਣਾ , ਆਲੇ ਦੁਆਲੇ ਦਰੱਖਤਾਂ ਦੇ ਪਤੇ ਆਦਿ , ਮੀਂਹਾਂ ,ਹਨੇਰ੍ਹੀਆਂ ਨਾਲ ਸਕੂਲ ਦੇ ਅਹਾਤੇ ਦਾ ਗੰਦਾ ਹੋ ਜਾਣਾ , ਇਹ ਸਾਰੇ ਕੰਮਾਂ ਦੇ ਨਿਪਟਾਰੇ ਕਿਸ ਤਰ੍ਹਾਂ ਹੋਣੇ ਹਨ ਇਹ ਜਰੂਰ ਅਧਿਆਪਕਾਂ ਲਈ ਸਿਰਦਰਦੀ ਦਾ ਕਾਰਨ ਬਣ ਸਕਦਾ ਹੈ ।ਇਨ੍ਹਾਂ ਦਰਜਾ ਚਾਰ ਦੀਆਂ ਖਾਲੀ ਪੋਸਟਾਂ ਤੇ ਕਈ ਦਹਾਕਿਆਂ ਤੋਂ ਕਦੇ ਨਵੀਂ ਨਿਯੁਕਤੀ ਨਹੀਂ ਕੀਤੀ ਗਈ ਸਿਰਫ ਦਰਜਾ ਚਾਰ ਕਰਮਚਾਰੀਆਂ ਦੀ ਸਰਵਿਸ ਦੌਰਾਨ ਮੌਤ ਹੋਣ ਤੇ ਪਰਿਵਾਰਕ ਮੈਂਬਰਾਂ ਦੀਆਂ ਤਰਸ ਦੇ ਆਧਾਰ ਤੇ ਹੀ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ ,ਜਿਨ੍ਹਾਂ 'ਚੋਂ ਕਈ ਵੱਧ ਯੋਗਤਾ ਕਾਰਨ ਹੋਰ ਆਸਾਮੀ ਤੇ ਨਿਯੁਕਤ ਹੋ ਜਾਂਦੇ ਹਨ ।ਇਸ ਤਰ੍ਹਾਂ ਇਨ੍ਹਾਂ ਕੇਸਾਂ 'ਚ ਵੀ ਆਸਾਮੀ ਬਰਕਰਾਰ ਰਹਿਣ ਦੀ ਸੰਭਾਵਨਾ ਘੱਟ ਹੁੰਦੀ ਹੈ ।ਜੇਕਰ ਦਰਜਾ ਚਾਰ ਕਰਮਚਾਰੀ ਸਕੂਲਾਂ ਅੰਦਰ ਹੋਣਗੇ ਤਾਂ ਸਮੇਂ ਸਮੇਂ ਸਿਰ ਉਨ੍ਹਾਂ ਤੋਂ ਸਕੂਲੀ ਇਮਾਰਤ ਦੀਆਂ ਛੱਤਾਂ ਦੀ ਸਫਾਈ ਕਰਵਾਈ ਜਾ ਸਕਦੀ ਜਿਸ ਨਾਲ ਇਮਾਰਤ ਸੁਰੱਖਿਅਤ ਰਹੇਗੀ ਅਤੇ ਜਿਥੇ ਕਿਤੇ ਕੋਈ ਮੁਰੰਮਤ ਦੀ ਲੋੜ ਹੋਵੇਗੀ ਉਹ ਵੀ ਲੱਗੇਗੀ ।ਸੋ ਸਾਰੇ ਸਕੂਲਾਂ ਦੀ ਸਾਂਭ ਸੰਭਾਲ ਅਤੇ ਠੀਕ ਢੰਗ ਨਾਲ ਸਕੂਲ ਚਲਾਉਣ ਲਈ ਚੌਥਾ-ਦਰਜਾ ਕਰਮਚਾਰੀਆਂ ਦੀਆਂ ਸਕੂਲ਼ਾਂ 'ਚ ਖਾਲੀ ਪਈਆਂ ਪੋਸਟਾਂ ਭਰਨ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਸੀ ਜੋ ਨਹੀਂ ਹੋਈ ਜਿਸ ਕਾਰਨ ਅਣਸੁਖਾਵੀਂਆਂ ਘਟਨਾਵਾਂ ਵਾਪਰਨ ਦਾ ਖਦਸ਼ਾ ਰਹਿੰਦਾ ਹੈ ।

ਮੇਜਰ ਸਿੰਘ ਨਾਭਾ
ਮੋ:9463553962

ਇਥੇ ਤਾਂ ਅਸਲੀਅਤ ਕੁਝ ਹੋਰ ਹੀ ਹੈ ਸਰਕਾਰਾਂ ਵਲੋਂ ਵੱਡੀਆਂ ਵੱਡੀਆਂ ਡੀਂਗਾਂ ਤਾਂ ਮਾਰੀਆਂ ਜਾਂਦੀਆਂ ਰਹੀਆਂ ਹਨ ਪਰ ਹੇਠਲੇ ਪੱਧਰ ਤੇ ਨੀਂਹ ਨੂੰ ਮਜਬੂਤ ਕਰਨ ਲਈ ਅੱਖਾਂ ਮੀਚ ਕੇ ਡੰਗ ਟਪਾਉਣ ਦੀ ਰੀਤ ਨੂੰ ਸਾਇਦ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਅਪਣਾਉਂਦੀ ਨਜ਼ਰ ਆ ਰਹੀ ਹੈ ।ਭਾਵੇਂ ਸਰਕਾਰ ਪ੍ਰਿੰਸੀਪਲਾਂ , ਹੈਡਮਾਸਟਰਾਂ ਅਤੇ ਅਧਿਆਪਕਾਂ ਨੂੰ ਸਪੈਸ਼ਲ ਟ ?ਰੇਨਿੰਗ / ਸੈਮੀਨਾਰ ਸਿੱਖਿਆ ਦੇ ਸੁਧਾਰ ਨਾਂ ਹੇਠ ਵਿਦੇਸ਼ ਭੇਜ ਰਹੀ ਹੈ , ਇਸ ਦੇ ਨਤੀਜੇ ਸਾਹਮਣੇ ਆਉਣੇ ਬਾਕੀ ਹਨ । ਇਸ ਤਰ੍ਹਾਂਸਿੱਖਿਆ ਸੁਧਾਰ ਸਕੂਲਾਂ 'ਚ ਅਧਿਆਪਕਾਂ ਦੀ ਘਾਟ ਸਦਕਾ ਨਹੀਂ ਹੋ ਸਕਦਾ , ਜਿਸ ਵੱਲ ਸਰਕਾਰ ਦਾ ਧਿਆਨ ਹੀ ਨਹੀਂ । ਨਵੇਂ ਸ਼ੈਸ਼ਨ ਦੇ ਸ਼ੁਰੂ ਵਿੱਚ ਹੀ ਸਾਰੀਆਂ ਪੋਸਟਾਂ ਦੀ ਭਰਤੀ ਹੋ ਜਾਣੀ ਚਾਹੀਦੀ ਹੈ ਜੇਕਰ ਸਰਕਾਰ ਦੀ ਨੀਅਤ ਸਾਫ ਹੋਵੇ ਤਾਂ ਇਹ ਹੋ ਸਕਦਾ ਹੈ ।ਏਥੇ ਤਾਂ ਅਧਿਆਪਕਾਂ ਦੀ ਨਿਯੁਕਤੀ ਕਰਨ ਦੀ ਕੋਈ ਗੱਲ਼ ਹੀ ਨਹੀਂ ਹੋ ਰਹੀ ਜਦੋਂ ਕਿ ਸਰਕਾਰ ਦੇ ਕੋਲ ਕੁਝ ਮਹੀਨੇ ਦਾ ਸਮਾਂ ਰਹਿ ਗਿਆ ਹੈ ।ਸਿੱਖਿਆ ਸੁਧਾਰ ਫਿਰ ਕਿਵੇਂ ਹੋ ਸਕੇਗਾ । ਜਿਵੇਂ ਇਸ ਸਰਕਾਰ ਨੇ ਚੋਣਾਂ ਸਮੇਂ ਸਿਹਤ ਅਤੇ ਸਿੱਖਿਆ ਦੇ ਸੁਧਾਰ ਨੂੰ ਪਹਿਲ ਦੇ ਆਧਾਰ ਤੇ ਵੱਡੇ ਸੁਧਾਰ ਕਰਕੇ ਭਾਰਤ 'ਚ ਨਮੂਨੇ ਦਾ ਰਾਜ ਬਣਾਉਣ ਦਾ ਅਹਿਦ ਲਿਆ ਸੀ,ਉਸ ਨੂੰ ਪੂਰਾ ਕਰਨ ਲਈ ਤੇਜ਼ੀ ਨਾਲ ਸਬੰਧਤ ਕਾਰਜ ਕਰਨ ਦੀ ਲੋੜ ਸੀ ।ਭਾਵੇਂ ਰਾਜ ਦੇ ਮੁੱਖ ਮੰਤਰੀ ਵਲੋਂ ਅਧਿਆਪਕ ਦਿਵਸ਼ ਮੌਕੇ ਖਾਲੀ ਆਸਾਮੀਆਂ ਹੋਣ ਦੀ ਗੱਲ ਮੰਨਦੇ ਹੋਏ ਵੱਡੀ ਗਿਣਤੀ 'ਚ ਸਾਰੇ ਕਾਡਰਾਂ ਦੀ ਭਰਤੀ ਵੱਡੇ ਪੱਧਰ ਉੱਪਰ ਕਰਨ ਦੀ ਗੱਲ ਆਖੀ ਸੀ ।ਸਿੱਖਿਆ ਸੁਧਾਰ ਦੀ ਗੱਲ ਕਰ ਰਹੀ ਸਰਕਾਰ ਵਲੋਂ ਖਾਲੀ ਪੋਸਟਾਂ ਲਈ ਨਵੇਂ ਅਧਿਆਪਕਾਂ ਦੀ ਭਰਤੀ ਕਿਉਂ ਨਹੀਂ ਕੀਤੀ ਜਾ ਰਹੀ ਸਮਾਂ ਲੰਘਦਾ ਜਾ ਰਿਹਾ ।ਉਚੇਰੀ ਸਿੱਖਿਆ ਦੀ ਜੇ ਗੱਲ ਕਰੀਏ ਤਾਂ ਖਾਲੀ ਪਏ ਕਾਲਜਾਂ ਨੂੰ 1158 ਅਸਿਸਟੈਂਟ ਪ੍ਰੋਫੈਸਰ ਅਤੇ ਲਾਇਬ੍ਰੇਰੀਅਨਦੀ ਭਰਤੀ ਨਾਲ ਕੁਝ ਸੁਧਾਰ ਦੀ ਗੱਲ ਹੋਈ । ਇਹ ਭਰਤੀ ਹਾਈ ਕੋਰਟ ਵਿੱਚ ਪਹਿਲਾਂ ਸਟੇਅ ਹੋ ਗਈ , ਫੈਸਲਾ ਆਉਣ ਤੇ ਭਰਤੀ ਦੀ ਚੋਣ ਮਾਪਦੰਡ ਅਨੁਸਾਰ ਨਾ ਹੋਣ ਦੀ ਗੱਲ ਕਾਰਨ ਰੱਦ ਕਰ ਦਿੱਤੀ । ਪਰ ਡਬਲ ਬੈਂਚ ਤੇ ਕੇਸ ਜਾਣ ਕਾਰਨ ਇਹ ਭਰਤੀ ਬਹਾਲ ਕਰ ਦਿੱਤੀ ਗਈ ਅਤੇ ਇਨ੍ਹਾਂ ਸਿਲੈਕਟਿਡ ਉਮੀਦਵਾਰਾਂ ਨੂੰ ਪੜ੍ਹਾਅ ਵਾਰ ਜੁਆਇਨ ਕਰਵਾ ਲਿਆ ਗਿਆ ।ਪਰ ਸੁਪਰੀਮ ਕੋਰਟ ਵਿੱਚ ਕੇਸ ਜਾਣ ਕਰਕੇ ਇਹ ਭਰਤੀ ਰੱਦ ਹੋਣ ਦੇ ਫੈਸਲੇ ਨਾਲ ਜੁਆਇਨ ਕਰ ਚੁੱਕੇ ਉਮੀਦਵਾਰਾਂ ਉੱਪਰ ਤਲਵਾਰ ਲਟਕੀ ਪਈ ਹੈ , ਫੈਸਲੇ ਅਨੁਸਾਰ ਛੇ ਮਹੀਨੇ ਅੰਦਰ ਨਵੀਂ ਭਰਤੀ ਕਰਨ ਨੂੰ ਕਿਹਾ ਗਿਆ ਸੀ , ਉਦੋਂ ਤੱਕ ਇਹ ਪੀੜ੍ਹਤ ਅਸਿਸਟੈਂਟ ਪ੍ਰੋਫੈਸਰ ਅਤੇਲਾਇਬ੍ਰੇਰੀਅਨਕੰਮ ਕਰਦੇ ਰਹਿਣਗੇ ਪਰ ਅਜੇ ਤੱਕ ਨਾ ਤਾਂ ਇਸ ਭਰਤੀ ਨੂੰ ਬਰਕਰਾਰ ਰੱਖਣ ਲਈ ਸਰਕਾਰ ਨੇ ਕੋਈ ਗੰਭੀਰਤਾ ਦਿਖਾਈ ਹੈ ਨਾ ਹੀ ਭਰਤੀ ਲਈ ਕੋਈ ਪ੍ਰਕ੍ਰਿਆ ਸ਼ੁਰੂ ਕੀਤੀ ਹੈ ।ਜੇ ਚਾਹੇ ਤਾਂ ਸਰਕਾਰ ਸਪੈਸ਼ਲ ਆਰਡੀਨੈਂਸ ਜਾਰੀ ਕਰਕੇ ਇਸ ਭਰਤੀ ਨੂੰ ਬਚਾ ਸਕਦੀ ਹੈ ਜਿਵੇਂ ਪਹਿਲਾਂ ਵੀ ਅਧਿਆਪਕਾਂ ਦੀ ਭਰਤੀ ਨਾਲ ਇੰਝ ਹੋਇਆ ਸੀ । ਹੁਣ ਸਰਕਾਰ ਨੂੰ ਸਿੱਖਿਆ ਕ੍ਰਾਂਤੀ ਲਿਆਉਣ ਲਈ ਇਸ ਥੋੜੇ ਸਮੇਂ ਵਿੱਚ ਸਿੱਖਿਆ ਵਿਭਾਗ ਵਿੱਚ ਨਵੀਂ ਭਰਤੀ ਕਰਨ ਲਈ ਤੁਰੰਤ ਗੰਭੀਰਤਾ ਨਾਲ ਪ੍ਰਕ੍ਰਿਆ ਸ਼ੁਰੂ ਕਰਨੀ ਚਾਹੀਦੀ ਹੈ ।ਨੌਜਵਾਨਾਂ ਨੂੰ ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਆਪਣੇ ਪੈਰਾਂ ਉੱਪਰ ਖੜ੍ਹੇ ਕਰਨਾ ਚਾਹੀਦਾ ਹੈ ਨਾ ਕਿ ਮੁਫਤ ਦੀਆਂ ਸਹੂਲਤਾਂ ਦੇ ਕੇ ਨਿਕੰਮੇ ਹੋਣ ਵੱਲ ਧੱਕਣਾ ਚਾਹੀਦਾ ।

# ਉਮੀਦਾਂ ਦਾ ਭਾਰ



ਰਾਤ ਦੇ ਕਰੀਬ ਅੱਠ ਵੱਜਣ ਵਾਲੇ ਸਨ । ਪੰਮੀ ਵਾਰ ਵਾਰ ਗਲੀ ਦੇ ਗੇੜੇ ਮਾਰ ਰਹੀ ਸੀ, ਜਿਵੇਂ ਕਿਸੇ ਦਾ ਬੇਸਬਰੀ ਨਾਲ ਇੰਤਜਾਰ ਕਰ ਰਹੀ ਹੋਵੇ ।ਜੱਗਾ ਦੁਪਹਿਰ ਗਿਆਰਾਂ ਵਜੇ ਦਾ ਆਪਣੇ ਪਿਉ ਨਾਲ ਲੜ ਕੇ ਘਰੋਂ ਨਿਕਲਿਆ ਹੋਇਆ ਸੀ। ਪਹਿਲਾਂ ਤਾਂ ਪੰਮੀ ਨੂੰ ਲੱਗ ਰਿਹਾ ਸੀ ਕਿ ਜਦ ਸ਼ਾਮ ਨੂੰ ਜੱਗੇ ਦਾ ਗੁੱਸਾ ਠੰਡਾ ਹੋਵੇਗਾ ਤਾਂ ਉਹ ਆਪਣੇ ਆਪ ਹੀ ਘਰ ਆ ਜਾਵੇਗਾ ।ਪਰ ਜਿਵੇਂ ਜਿਵੇਂ ਰਾਤ ਪੈ ਰਹੀ ਸੀ ਪੰਮੀ ਦਾ ਦਿਲ ਬੈਠਦਾ ਜਾ ਰਿਹਾ ਸੀ ।

ਰਸੋਈ ਦੀ ਬਾਰੀ ਕੋਲ ਬੈਠੀ ਪੰਮੀ ਨੂੰ ਸਡਕ ਤੇ ਜਾ ਰਹੇ ਸਕੂਟਰ ਕਾਰਾਂ ਦੇ ਹਾਰਨਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ।ਇਨ੍ਹਾਂ ਆਵਾਜ਼ਾਂ ਨੂੰ ਸੁਣਦੀ ਸੁਣਦੀ ਪੰਮੀ ਕੁਝ ਪੁਰਾਣੇ ਖ਼ਿਆਲਾਂ ਵਿੱਚ ਖੋ ਗਈ ।ਜਦ ਉਹ ਪਿੰਡ ਵਾਲੇ ਘਰ ਵਿੱਚ ਇਸੇ ਤਰ੍ਹਾਂ ਬੈਠੀ ਆਪਣੇ ਪਤੀ ਗੁਰਦੇਵ ਦੀ ਉਡੀਕ ਕਰ ਰਹੀ ਸੀ ਅਤੇ ਘਰ ਕੋਲੋਂ ਰੇਲਵੇ ਪਟੜੀ ਲੰਘਦੀ ਹੋਣ ਕਾਰਨ ਉਸ ਨੂੰ ਜਾ ਰਹੀ ਟਰੇਨ ਦੇ ਹਾਰਨ ਦੀਆਂ ਆਵਾਜ਼ ਆ ਰਹੀਆਂ ਸਨ ।ਗੁਰਦੇਵ ਅਕਸਰ ਹੀ ਸ਼ਰਾਬ ਪੀ ਕੇ ਘਰ ਵੜਦਾ ਹੁੰਦਾ ਸੀ ।ਜਦ ਪੰਮੀ ਗੁਰਦੇਵ ਨੂੰ ਸ਼ਰਾਬ ਪੀਣ ਤੋਂ ਮਨ੍ਹਾ ਕਰਦੀ ਤਾਂ ਉਹ ਉਸ ਨਾਲ ਲੜਾਈ ਝਗੜਾ ਕਰਦਾ ।ਗੁਰੂਦੇਵ ਨੇ ਆਪਣੀ ਇਸ ਸ਼ਰਾਬ ਪੀਣ ਦੀ ਮਾੜੀ ਆਦਤ ਕਾਰਨ ਆਪਣੀ ਕਾਫੀ ਜ਼ਮੀਨ ਵੀ ਗਵਾ ਲਈ ਸੀ ।ਪੰਮੀ ਦੇ ਪੇਕੇ ਕੁਝ ਜਿਆਦਾ ਤਗੜੇ ਨਹੀਂ ਸੀ , ਪਰ ਜੇਕਰ ਉਹ ਤਗੜੇ ਹੁੰਦੇ ਤਾਂ ਵੀ ਸ਼ਾਇਦ ਪੰਮੀ ਗੁਰਦੇਵ ਨੂੰ ਛੱਡ ਕੇ ਜਾਣ ਦੀ ਕਦੀ ਗੱਲ ਸੋਚ ਵੀ ਨਹੀਂ ਸਕਦੀ ਸੀ ।ਉਸ ਨੂੰ ਹਰ ਸਮੇਂ ਹੀ ਲੱਗਦਾ ਰਹਿੰਦਾ ਸੀ ਕਿ ਇਕ ਦਿਨ ਆਵੇਗਾ ਜਦ ਉਸਦੀ ਜੀਂਦਗੀ ਵੀ ਖੁਸ਼ਹਾਲ ਹੋਵੇਗੀ । ਇਸੇ ਉਮੀਦ ਵਿੱਚ ਉਹ ਆਪਣੇ ਲੜਕੇ ਜੱਗੇ ਨੂੰ ਵੱਢਿਆ ਹੁੰਦਾ ਵੇਖ ਰਹੀ ਸੀ ।ਹੁਣ ਤਾਂ ਗੁਰਦੇਵ ਘਰ ਵੀ ਸਾਰਾ ਸਾਰਾ ਦਿਨ ਸ਼ਰਾਬ ਪੀ ਕੇ ਪਿਆ ਰਹਿੰਦਾ ਸੀ। ਗੁਰਦੇਵ ਨੂੰ ਨਾ ਘਰ ਬਾਰ ਦੀ ਕੋਈ ਫਕਿਰ ਸੀ ਅਤੇ ਨਾ ਹੀ ਖੇਤੀਬਾੜੀ ਦੀ। ਗੁਰਦੇਵ ਦੀ ਜਮੀਨ ਵੀ ਪੰਮੀ ਦੇ ਭਰਾ ਹੀ ਵਾਹ ਕੇ ਜਾਂਦੇ ਹੁੰਦੇ ਸਨ। ਗੁਰਦੇਵ ਦੀਆਂ ਮਾੜੀਆਂ ਆਦਤਾਂ ਕਾਰਨ ਪੰਮੀ ਨੇ ਘਰ ਦੀ ਸਾਰੀ ਜੀਂਮੇਵਾਰੀ ਆਪਣੇ ਉੱਪਰ ਚੁੱਕ ਲਈ ਸੀ ।ਪੰਮੀ ਨੂੰ ਅਕਸਰ ਹੀ ਅਜਿਹੀਆਂ ਖ਼ਬਰਾਂ ਮਿਲਦੀਆਂ ਸਨ ਕਿ ਗੁਰਦੇਵ ਨੇ ਕਿਸੇ ਕੋਲੋਂ ਸ਼ਰਾਬ ਪੀਣ ਲਈ ਪੈਸੇ ਫੜ ਲਏ ਹਨ ਜਿਸ ਕਾਰਨ ਪੰਮੀ ਨੇ ਆੜ੍ਹਤੀਏ ਨੂੰ ਵੀ ਗੁਰਦੇਵ ਨੂੰ ਪੈਸੇ ਦੇਣ ਤੋਂ ਸਾਫ ਮਨ੍ਹਾ ਕੀਤਾ ਹੋਇਆ ਸੀ । ਫਿਰ ਵੀ ਗੁਰਦੇਵ ਕਿਸੇ ਨਾ ਕਿਸੇ ਬਹਾਨੇ ਸ਼ਰਾਬ ਜੋਗੇ ਪੈਸੇ ਕਿਸੇ ਨਾ ਕਿਸੇ ਤੋਂ ਫੜ ਹੀ ਲਿਆਂਦਾ ਸੀ ।ਸਮਾਂ ਆਪਣੀ ਰਫਤਾਰ ਨਾਲ ਚੱਲਦਾ ਜਾ ਰਿਹਾ ਸੀ । ਪੰਮੀ ਦਾ ਮੁੰਡਾ ਜੱਗਾ ਵੀ ਦਿਨੋਂ ਦਿਨ ਜਵਾਨ ਹੁੰਦਾ ਜਾ ਰਿਹਾ ਸੀ ।ਜੱਗਾ ਹੀ ਪੰਮੀ ਦੀ ਉਮੀਦ ਸੀ ਜਿਸ ਦੇ ਸਹਾਰੇ ਉਹ ਗੁਰਦੇਵ ਨਾਲ ਆਪਣੀ ਜੀਂਦਗੀ ਕੱਟ ਰਹੀ ਸੀ ।

ਜੱਗਾ ਹੁਣ ਥੋੜ੍ਹਾ ਥੋੜ੍ਹਾ ਖੇਤੀ ਦਾ ਕੰਮ ਵੀ ਸੰਭਾਲਣ ਲੱਗ ਗਿਆ ਸੀ । ਜੱਗੇ ਦਾ ਇੱਕ ਬਹੁਤ ਹੀ ਜਿਗਰੀ ਯਾਰ ਸੀ ਮੀਤਾ ।ਜੱਗਾ ਅਤੇ ਮੀਤਾ ਅਕਸਰ ਹੀ ਇਕੱਠੇ ਰਹਿੰਦੇ ਸਨ ।ਪੜ੍ਹਾਈ ਵਿੱਚ ਜਿਆਦਾ ਮਨ ਨਾ ਲੱਗਣ ਕਰਕੇ ਦੋਨਾਂ ਨੇ ਹੀ ਬਾਰ੍ਹਵੀਂ ਜਮਾਤ ਤੋਂ ਬਾਅਦ ਅੱਗੇ ਪੜ੍ਹਾਈ ਨਾ ਕਰਨ ਦਾ ਫੈਸਲਾ ਵੀ ਇਕੱਠਿਆਂ ਹੀ ਕੀਤਾ ਸੀ । ਪੰਮੀ ਚਾਹੁੰਦੀ ਸੀ ਕਿ ਖੇਤੀਬਾੜੀ ਅਤੇ ਜ਼ਮੀਨ ਜਾਇਦਾਦ ਦਾ ਕੰਮ ਹੁਣ ਜੱਗਾ ਸੰਭਾਲ ਲਵੇ ਅਤੇ ਜੱਗੇ ਨੇ ਵੀ ਉਸਦੇ ਕਹੀਆਂ ਗੱਲਾਂ ਉੱਤੇ ਫੁੱਲ ਚੜ੍ਹਾਏ ਸਨ ਅਤੇ ਘਰ ਦੀ ਸਾਰੀ ਜੀਂਮਿਵਾਰੀ ਹੁਣ ਜੱਗੇ ਨੇ ਆਪਣੇ ਸਿਰ ਲੈ ਲਈ ਸੀ ।

ਪਿਛਲੇ ਕੁਝ ਦਿਨਾਂ ਤੋਂ ਜੱਗਾ ਘਰ ਕਾਫੀ ਲੇਟ ਆ ਰਿਹਾ ਸੀ ਅਤੇ ਆਉਂਦਿਆਂ ਹੀ ਆਪਣੇ ਕਮਰੇ ਵਿੱਚ ਵੜ ਜਾਂਦਾ ਸੀ ।ਪੰਮੀ ਨੂੰ ਉਨ੍ਹਾਂ ਦੇ ਸੀਰੀ ਤੋਂ ਪਤਾ ਲੱਗਾ ਸੀ ਕਿ ਜੱਗਾ ਪਿਛਲੇ ਕੁਝ ਦਿਨਾਂ ਤੋਂ ਖੇਤ ਵੀ ਨਹੀਂ ਆਇਆ ਸੀ ।ਪੰਮੀ ਨੂੰ ਲੱਗ ਰਿਹਾ ਸੀ ਕਿ ਸਾਇਦ ਮੀਤਾ ਜੱਗੇ ਨੂੰ ਵਿਗਾੜ ਰਿਹਾ ਹੈ ਅਤੇ ਉਸ ਨੂੰ ਖੇਤ ਕੰਮ ਕਰਨ ਜਾਂਣ ਨਹੀਂ ਦਿੰਦਾ । ਜਦ ਪੰਮੀ ਨੇ ਕਿਸੇ ਤੋਂ ਮੀਤੇ ਦਾ ਨੰਬਰ ਲੈ ਕੇ ਉਸ ਨੂੰ ਫੋਨ ਕੀਤਾ ਤਾਂ ਜੋ ਮੀਤੇ ਨੇ ਕਿਹਾ ਉਹ ਸੁਣ ਕੇ ਪੰਮੀ ਦੇ ਹੋਸ਼ ਉੱਡ ਗਏ , ਜੱਗਾ ਕਾਫੀ ਦਿਨ ਤੋਂ ਮੀਤੇ ਨੂੰ ਵੀ ਨਹੀਂ ਮਿਲਿਆ ਸੀ ਅਤੇ ਮੀਤੇ ਦੇ ਕਹਿਣ ਮੁਤਾਬਕ ਸ਼ਾਇਦ ਪਿਛਲੇ ਦਿਨੀਂ ਕੁਝ ਗਲਤ ਮੁੰਡਿਆਂ ਦੇ ਸੰਗ ਵਿੱਚ ਪੈ ਗਿਆ ਸੀ । ਮੰਮੀ ਦਾ ਦਿਲ ਬਹੁਤ ਡਰ ਗਿਆ ਸੀ ਉਸ ਨੂੰ ਕੁਝ ਵੀ ਸਮਝ ਨਹੀਂ ਆ ਰਿਹਾ ਸੀ ਕਿ ਉਹ ਕੀ ਕਰੇ ਅਤੇ ਇਸ ਗੱਲ ਦਾ ਪਤਾ ਕਿੱਦਾਂ ਲਗਾਵੇ ।ਪੰਮੀ ਨੇ ਆਪਣੇ ਭਰਾਵਾਂ ਨੂੰ ਫੋਨ ਕਰਕੇ ਸਾਰੀ ਗੱਲ ਦੱਸੀ ਅਤੇ ਕੁਝ ਦਿਨ ਜੱਗੇ ਦਾ ਚੋਰੀ ਪਿੱਛਾ ਕਰਨ ਲਈ ਕਿਹਾ ।ਆਖਿਰ ਗੱਲ ਉਹੀ ਨਿਕਲੀ ਜਿਸ ਦਾ ਡਰ ਸੀ ਜੱਗਾ ਆਪਣੇ ਕੁਝ ਗਲਤ ਦੋਸਤਾਂ ਨਾਲ ਮਿਲ ਕੇ ਨਸ਼ੇ ਕਰਨ ਦਾ ਆਦੀ ਹੋ ਗਿਆ ਸੀ ।ਜਦ ਪੰਮੀ ਨੂੰ ਇਹ ਗੱਲ ਪਤਾ ਲੱਗੀ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ।ਉਸ ਨੇ ਸਾਰੀ ਉਮਰ ਆਪਣੇ ਸ਼ਰਾਬੀ ਪਤੀ ਨਾਲ ਜਿਸ ਉਮੀਦ ਨਾਲ ਕੱਟੀ ਸੀ ਕਿ ਉਸ ਦਾ ਪੁੱਤਰ ਵੱਡਾ ਹੋ ਕੇ ਉਸ ਨੂੰ ਸੁੱਖ ਦੇ ਕੁਝ ਪਲ ਦਵੇਗਾ। ਉਸ ਦੀ ਇਹ ਉਮੀਦ ਵੀ ਉਸਨੂੰ ਟੁੱਟਦੀ ਜਾਪਦੀ ਸੀ ।

ਪੰਮੀ ਨੇ ਜੱਗੇ ਨੂੰ ਇਸ ਮਾੜੀ ਆਦਤ ਛੁਡਾਉਣ ਲਈ ਕਾਫੀ ਯਤਨ ਕੀਤੇ । ਰਿਸ਼ਤੇਦਾਰਾਂ ਨੂੰ ਇਕੱਠੇ ਕਰ ਕੇ ਉਸ ਨੂੰ ਸਮਝਾਉਣ ਦੀ ਕੋਸਸਿ ਕੀਤੀ ।ਇੱਕ ਦੋ ਵਾਰ ਨਸ਼ਾ ਛਡਾਊ ਕੇਂਦਰਾਂ ਵੱਲੋਂ ਵੀ ਜੱਗੇ ਨੂੰ ਚੁਕਵਾਇਆ ।ਪਰ ਪੰਮੀ ਦੀਆਂ ਸਾਰੀਆਂ ਕੋਸ਼ਿਸ਼ਾਂ ਜਿਵੇਂ ਨਾਕਾਮ ਜਾ ਰਹੀਆਂ ਸਨ ।ਉਸ ਨੂੰ ਇੰਜ ਲੱਗ ਰਿਹਾ ਸੀ ਜਿਵੇਂ ਉਸ ਦਾ ਰੱਬ ਉਸ ਤੋਂ ਰੁੱਸ ਗਿਆ ਹੋਵੇ । ਇੱਕੋ ਦਮ ਗੇਟ ਦਾ ਖੜਾਕਾ ਹੋਇਆ ਤਾਂ ਸੋਚਾਂ ਵਿਚ ਪਈ ਪੰਮੀ ਇੱਕ ਲੰਮੇ ਸਫਰ ਤੋਂ ਹੋ ਕੇ ਜਿਵੇਂ ਵਾਪਸ ਮੁੜੀ ਹੋਵੇ ।ਗੇਟ ਤੇ ਜੱਗੇ ਨੂੰ ਆਪਣੇ ਮੋਢੇ ਦਾ ਸਹਾਰਾ ਦੇ ਕੇ ਲੈ ਆ ਰਿਹਾ ਉਸ ਦਾ ਦੋਸਤ ਮੀਤਾ ਸੀ ।ਜਿਸ ਨੇ ਦੱਸਿਆ ਕਿ ਜੱਗਾ ਉਸ ਦੇ ਘਰ ਦੇ ਨਜ਼ਦੀਕ ਹੀ ਨਸ਼ੇ ਦੀ ਹਾਲਤ ਵਿਚ ਅਚਾਨਕ ਡਿੱਗ ਪਿਆ ਸੀ ਜਿਸ ਨੂੰ ਉਹ ਘਰ ਲੈ ਕੇ ਆਇਆ ਹੈ ।ਮੀਤੇ ਨੇ ਜੱਗੇ ਨੂੰ ਉਸ ਦੇ ਕਮਰੇ ਤੱਕ ਪਹੁੰਚਾਇਆ ਅਤੇ ਉਹਨੀ ਪੈਰੀਂ ਵਾਪਸ ਮੁੜ ਗਿਆ ।ਹੁਣ ਪੰਮੀ ਨੂੰ ਵੀ ਇਸ ਗੱਲ ਦਾ ਪਤਾ ਲੱਗ ਚੁੱਕਾ ਸੀ ਕਿ ਜੱਗੇ ਦੇ ਵਿਗੜਨ ਵਿੱਚ ਮੀਤੇ ਦਾ ਕੋਈ ਹੱਥ ਨਹੀਂ ਸੀ ਉਹ ਤਾਂ ਉਸ ਦਾ ਇਕ ਸੱਚਾ ਦੋਸਤ ਸੀ ਜੋ ਉਸ ਨੂੰ ਸੁਧਾਰਨਾ ਚਾਹੁੰਦਾ ਸੀ ।

ਕੁਝ ਦਿਨ ਬਾਅਦ ਗੁਰਦੇਵ ਦੀ ਭੂਆ ਕਰਮੋ ਉਨ੍ਹਾਂ ਨੂੰ ਮਿਲਣ ਘਰ ਆਈ ਸੀ । ਉਸ ਨੂੰ ਵੀ ਸ਼ਾਇਦ ਕਿਸੇ ਰਿਸ਼ਤੇਦਾਰ ਕੋਲੋਂ ਜੱਗੇ ਦਾ ਇਸ ਮਾੜੀ ਆਦਤ ਵਿੱਚ ਪੈ ਜਾਣ ਬਾਰੇ ਪਤਾ ਲੱਗਾ ਸੀ । ਕਰਮੋ ਗੱਲਾਂ ਗੱਲਾਂ ਵਿੱਚ ਪੰਮੀ ਨੂੰ ਕਹਿਣ ਲੱਗੀ ਕਿ " ਜੱਗਾ ਜਵਾਨ ਹੋ ਗਿਆ ਹੈ ਤੂੰ ਇਸ ਦਾ ਵਿਆਹ ਕਰਦੇ ਵਿਆਹ ਤੋਂ ਬਾਅਦ ਤਾਂ ਵੱਡੇ ਵੱਡੇ ਸੁਧਰ ਜਾਂਦੇ ਨੇ ਇਹ ਕਿਵੇਂ ਨਾ ਸੁਧਰੂ, ਤੂੰ ਵੇਖੀ ਜਦੋਂ ਇਹਦੇ ਤੇ ਪਰਿਵਾਰ ਦਾ ਬੋਝ ਪਿਆ ਤਾਂ ਸਾਰਾ ਨਸ਼ਾ ਪੱਤਾ ਛੱਡ ਦਊਗਾ " ਕਰਮੂ ਦੀਆਂ ਇਨ੍ਹਾਂ ਗੱਲਾਂ ਨੇ ਇੱਕ ਵਾਰ ਤਾਂ ਪੰਮੀ ਦੇ ਦਿਲ ਵਿੱਚ ਇੱਕ ਨਵੀਂ ਆਸ ਪੈਦਾ ਕੀਤੀ ।ਕਰਮੋ ਨੇ ਚਾਹ ਪਾਣੀ ਪੀਤਾ ਅਤੇ ਕੁਝ ਦੇਰ ਬਾਅਦ ਪੰਮੀ ਦੇ ਘਰੋਂ ਚਲੀ ਗਈ ।ਪੰਮੀ ਜੋ ਕਰਮੋ ਦੀਆਂ ਕਹੀਆਂ ਗੱਲਾਂ ਬਾਰੇ ਸੋਚ ਰਹੀ ਸੀ।ਸੋਚਦੀ – ਸੋਚਦੀ ਆਪਣੇ ਕਮਰੇ ਅੰਦਰ ਆਈ ਹੀ ਸੀ ਕਿ ਉਸ ਦਾ ਧਿਆਨ ਆਪਣੇ ਕਮਰੇ ਵਿੱਚ ਲੱਗੇ ਸ਼ੀਸ਼ੇ ਉਤੇ ਪਿਆ ' ਪਰ ਹੈਰਾਨੀ ਦੀ ਗੱਲ ਇਹ ਸੀ ਕਿ ਪੰਮੀ ਨੂੰ ਸ਼ੀਸ਼ੇ ਵਿੱਚ ਆਪਣਾ ਆਪ ਨਹੀ ਹੱਥਾਂ ਵਿੱਚ ਚੂੜਾ ਪਾਈ ਇਕ ਨਵ ਵਿਆਹੀ ਲੜਕੀ ਦਿਖਾਈ ਦੇ ਰਹੀ ਸੀ ।ਪੰਮੀ ਨੇ ਉਸ ਨੂੰ ਪੁੱਛਿਆ " ਤੂੰ ਕੌਣ ਹੈ ? " ਤਾਂ ਸ਼ੀਸ਼ੇ ਵਿੱਚ ਖੜ੍ਹੀ ਉਹ ਨਵੀਂ ਵਿਆਹੀ ਲੜਕੀ ਕਹਿਣ ਲੱਗੀ " ਮੈਂ ਉਹੀ ਹਾਂ ਜਿਸ ਨੂੰ ਤੂੰ ਆਪਣੇ ਪੁੱਤਰ ਜੱਗੇ ਨੂੰ ਸੁਧਾਰਨ ਲਈ ਉਸ ਨਾਲ ਵਿਆਹੁਣਾ ਚਾਹੁਨੀ ਹੈ ਮੈਨੂੰ ਨਹੀਂ ਪਤਾ ਕਿ ਜੱਗਾ ਸੁਧਰੇਗਾ ਜਾਂ ਨਹੀਂ ਪਰ ਮੈਨੂੰ ਇੰਨਾ ਪਤਾ ਹੈ ਕਿ ਜਿਨ੍ਹਾਂ ਉਮੀਦਾਂ ਦੇ ਭਾਰ ਹੇਠ ਤੂੰ ਆਪਣੀ ਸਾਰੀ ਉਮਰ ਕੱਟੀ ਹੈ ਪਤਾ ਨਹੀਂ ਮੈਨੂੰ ਉਹ ਉਮੀਦਾਂ ਵੀ ਮਿਲਣਗੀਆਂ ਜਾਂ ਨਹੀਂ , ਸ਼ਾਇਦ ਮੈਂ ਤੇਰਾ ਹੀ ਇੱਕ ਛੋਟਾ ਜਿਹਾ ਰੂਪ ਹਾਂ , ਜਿਸ ਦੀ ਸਾਰੀ ਉਮਰ ਇਕ ਨਸ਼ੇੜੀ ਪਤੀ ਨਾਲ ਗੁਜ਼ਰਨ ਵਾਲੀ ਹੈ । " ਇਹ ਗੱਲਾਂ ਸੁਣ ਕੇ ਪੰਮੀ ਜਿਵੇਂ ਬੁੱਤ ਹੀ ਬਣ ਗਈ ਸੀ ।ਉਸ ਨੂੰ ਇਹ ਗੱਲ ਸਮਝ ਆ ਗਈ ਸੀ ਕਿ ਆਪਣੇ ਨਸ਼ੇੜੀ ਪੁੱਤ ਨੂੰ ਸੁਧਾਰਨ ਲਈ ਉਹ ਕਿਸੇ ਦੀ ਧੀ ਦੀ ਜ਼ਿੰਦਗੀ ਖਰਾਬ ਨਹੀਂ ਕਰ ਸਕਦੀ ।ਅਕਸਰ ਸਾਡੇ ਸਮਾਜ ਵਿੱਚ ਇਹ ਸੋਚਿਆ ਜਾਂਦਾ ਹੈ ਕੀ ਅਗਰ ਕੋਈ ਲੜਕਾ ਨਸ਼ੇ ਕਰਦਾ ਹੈ ਜਾਂ ਮਾੜੀ ਆਦਤਾਂ ਵਿੱਚ ਹੈ ਤਾਂ ਉਸ ਦਾ ਵਿਆਹ ਕਰ ਦਿਓ ਉਹ ਸੁਧਰ ਜਾਵੇਗਾ , ਪਰ ਕੋਈ ਇਹ ਨਹੀਂ ਸੋਚਦਾ ਕਿ ਇਸ ਲਈ ਕਿਸੇ ਲੜਕੀ ਦੀ ਜ਼ਿੰਦਗੀ ਦਾਅ ਤੇ ਲਗਾਈ ਜਾ ਰਹੀ ਹੈ ।

**ਅਮਨ ਚੌਹਾਨ**
**ਫਿਰੋਜ਼ਪੁਰ**
**ਸੰਪਰਕ** 94642 12566

# ਨਗਰ ਵਸਦੇ ਭਲੇ....

'ਨਗਰ ਵਸਦੇ ਭਲੇ ਤੇ ਸਾਧੂ ਚਲਦੇ ਭਲੇ', ਨਗਰ-ਖੇੜੇ ਦੀ ਸੁੱਖ ਹਰ ਕੋਈ ਮੰਗਦਾ ਹੈ। ਬੰਦਾ ਰੁੱਖਾਂ ਤੋਂ ਉੱਤਰਿਆਂ, ਗੁਫਾਵਾਂ ਚੋਂ ਬਾਹਰ ਨਿਕਲਿਆ – ਖੇਤੀ ਅਤੇ ਪਸ਼ੂ-ਪਾਲਣ ਦੇ ਆਹਰ ਲੱਗ ਗਿਆ। ਖੇਤਾਂ, ਪਸ਼ੂਆਂ ਦੀ ਰਾਖੀ ਤੇ ਦੇਖਭਾਲ ਲਈ ਉਨ੍ਹਾਂ ਕੋਲ ਹੀ ਵਸ ਵੀ ਗਿਆ। ਕੰਮ ਕਾਜ ਵਿੱਚ ਇੱਕ ਦੂਜੇ ਦੀ ਲੋੜ ਸੀ, ਸ਼ਿਕਾਰੀ ਜੀਵਨ ਤੋਂ ਹੀ ਪਰਿਵਾਰ ਬਣ ਗਏ ਸੀ। ਹੁਣ ਨਦੀਆਂ ਕਿਨਾਰੇ ਪਰਿਵਾਰਾਂ ਦੇ ਨਿੱਕੇ ਸਮੂਹ ਬਣ ਗਏ ਕਿਉਂਕਿ ਖੇਤੀ ਪਾਣੀ ਦੇ ਸੋਮੇ ਨੇੜੇ ਹੀ ਕੀਤੀ ਜਾਂਦੀ ਸੀ। ਇਹ ਨਿੱਕੇ ਸਮੂਹ ਹੀ ਸਮਾਂ ਪਾ ਕੇ ਮਨੁੱਖ ਦੀਆਂ ਪਹਿਲੀਆਂ ਵੱਡੀਆਂ ਬਸਤੀਆਂ ਬਣੇ। ਪਹਿਲੇ ਨਗਰ। ਸਮਾਂ ਪਾ ਕੇ ਬਹੁਤ ਸਾਰੇ ਨਗਰ ਵੱਡੇ ਵਪਾਰਕ ਰਸਤਿਆਂ ਅਤੇ ਸਮੁੰਦਰੀ ਕਿਨਾਰਿਆਂ ਤੇ ਵਸ ਗਏ।

ਸੀਰੀਆ ਦਾ ਦਮਿਸ਼ਕ, ਜਿਸ ਨੂੰ ਅਰਬ ਸੱਭਿਆਚਾਰ ਦੀ ਰਾਜਧਾਨੀ ਵੀ ਆਖਦੇ ਹਨ, ਦੁਨੀਆ ਦੇ ਸਭ ਤੋਂ ਪਹਿਲਾਂ ਆਬਾਦ ਹੋਏ ਨਗਰਾਂ ਵਿੱਚ ਗਿਣਿਆ ਗਿਆ ਹੈ। ਉਦੋਂ ਤੋਂ ਹੁਣ ਤੱਕ ਆਬਾਦ ਇਹ ਸ਼ਹਿਰ, ਏਸੀਆ ਅਤੇ ਅਰਬ ਦੇ ਮੁੱਖ ਵਪਾਰਕ ਰਾਹਾਂ ਉੱਤੇ, ਬਰਾਦਾ ਨਦੀ ਦੇ ਕੰਢੇ ਲਗਪਗ 11000 ਸਾਲ ਪਹਿਲਾਂ ਵਸਿਆ ਜੋ ਕਿ ਈਸਾ ਪੂਰਵ 6500 ਦਾ ਸਮਾਂ ਬਣਦਾ ਹੈ। ਸੀਰੀਆ ਵਿੱਚ ਹੀ ਇਸੇ ਸਮੇਂ ਦਾ ਦੂਜਾ ਸ਼ਹਿਰ ਅਲੇਪੋ ਯੂਫਰੇਤੀਜ ਨਦੀ ਕਿਨਾਰੇ ਵਸਿਆ।

ਦਜਲਾ ਅਤੇ ਫਰਾਤ ਨਦੀਆਂ ਵਿਚਲੇ ਇਲਾਕੇ ਵਿੱਚ ਲਗਪਗ ਸੁਮੇਰੀਆ, ਬੇਬੀਲੋਨ, ਅਸੀਰੀਆ, ਕੈਲਡ੍ਰੀਆ ਸੱਭਿਆਤਾਵਾਂ ਈਸਾ ਪੂਰਵ 4500 ਤੋਂ 2500 ਤੱਕ ਆਪਣੀ ਉੱਨਤੀ ਦੇ ਸਿਖਰ ਤੇ ਸਨ। ਸਾਂਝੇ ਤੌਰ ਤੇ ਇਹਨਾਂ ਨੂੰ ਮੈਸੋਪੋਟਾਮੀਆ ਦੀ ਸੱਭਿਅਤਾ ਕਹਿ ਦਿੱਤਾ ਜਾਂਦਾ ਹੈ ਜਿਸਦਾ ਭਾਵ ਦੋ ਦਰਿਆਵਾਂ ਵਿਚਕਾਰਲਾ ਇਲਾਕਾ ਜਾਂ ਦੁਆਬਾ ਹੈ। ਇਹ ਅਜੋਕੇ ਇਰਾਕ ਦਾ ਹਿੱਸਾ ਹੈ। ਦਜਲਾ ਕੰਢੇ ਦਾ ਹੀ ਬਗਦਾਦ ਸ਼ਹਿਰ 4000 ਸਾਲ ਪਹਿਲਾਂ ਪੱਛਮੀ ਯੂਰਪ ਅਤੇ ਪੂਰਬੀ ਦੇਸ਼ਾਂ ਦੇ ਮੁੱਖ ਵਪਾਰਕ ਰਾਹ ਤੇ ਹੋਣ ਕਰਕੇ ਵਪਾਰ ਦਾ ਕੇਂਦਰ ਬਣਿਆ। ਇੰਨਾ ਹੀ ਪੁਰਾਣਾ ਨਗਰ ਇੱਥੇ ਉਪਰੀ ਜਾਬ ਅਤੇ ਲੋਅਰ ਜਾਬ ਦਰਿਆਵਾਂ ਦੇ ਕੇਂਦਰ ਵਿੱਚ ਵਸਿਆ ਇਰਬਿਲ ਹੈ। ਇਰਾਨ ਦਾ ਸੂਸਾ ਸ਼ਹਿਰ 6300 ਸਾਲ ਤੋਂ ਹੋਂਦ ਵਿੱਚ ਹੈ ਜੋ ਕਿ ਕਰਖੇਯ ਨਦੀ ਕਾਰਨ ਵਸਿਆ। ਇਥੋਂ ਦਾ ਤੇਹਰਾਨ ਵੀ ਬਹੁਤ ਪੁਰਾਣਾ ਆਬਾਦ ਨਗਰ ਹੈ। ਜਾਰਡਨ ਨਦੀ ਕਿਨਾਰੇ ਦੇ ਫਲਸਤੀਨੀ ਸ਼ਹਿਰ ਜੇਰਿਕੋ ਵਿੱਚੋਂ ਮਨੁੱਖੀ ਵਸੋਂ ਦੇ 11000 ਸਾਲ ਪੁਰਾਣੇ ਸਬੂਤ ਲੱਭੇ ਹਨ। ਯੂਨਾਨ ਵਿੱਚ ਸਥਿਤ ਅਰਸਤੂ, ਪਲੂਟੋ, ਸੁਕਰਾਤ, ਡਾਯੋਨੀਸ, ਹੋਮਰ, ਆਰਕੇਮੀਡਿਸ ਵਰਗੇ ਮਹਾਨ ਦਾਰਸ਼ਨਿਕ ਅਤੇ ਵਿਗਿਆਨੀਆਂ ਦਾ ਸ਼ਹਿਰ ਏਥਨਜ, ਕੈਫੀਸਸ ਅਤੇ ਇਲੀਸਸ ਨਦੀਆਂ ਦੇ ਵਿਚਕਾਰ ਵਸਿਆ ਜਿਸ ਵਿੱਚੋਂ ਪੁਰਾਤੱਤਵ ਖੋਜਕਾਰਾਂ ਨੇ 8000 ਈਸਾ ਪੂਰਵ ਤੋਂ ਆਬਾਦੀ ਦੇ ਸਬੂਤ ਖੋਜੇ ਹਨ। ਲਗਪਗ ਇੰਨਾ ਹੀ ਪੁਰਾਣਾ ਹੁਣ ਤੱਕ ਆਬਾਦ ਸ਼ਹਿਰ ਲਿਬਨਾਨ ਦਾ ਬਾਇਬਲੋਸ ਹੈ। ਇਹ ਇਬਰਾਹਿਮ ਨਾਂ ਦੀ ਨਦੀ ਕਿਨਾਰੇ ਵਸਿਆ ਹੈ। ਯੂਨਾਨ ਦੀ ਇਨੇਹੋਸ ਨਦੀ ਕਿਨਾਰੇ ਵਸਿਆ ਅਰਗੋਸ ਸ਼ਹਿਰ 5000 ਈਸਾ ਪੂਰਵ ਤੋਂ ਵਸਿਆ ਹੈ। ਬੁਲਗਾਰੀਆ ਦਾ ਪਲੋਵਡਿਵ, ਭੂ-ਮੱਧ ਸਾਗਰ ਕਿਨਾਰੇ ਵਸਿਆ ਲਿਬਨਾਨ ਦਾ ਸਿਡੋਨ, ਮਿਸਰ ਦੀ ਨੀਲ ਨਦੀ ਤੇ ਕਾਹਿਰਾ, ਈਸਾ ਤੋਂ 4000 ਸਾਲ ਪਹਿਲਾਂ ਦੇ ਨਗਰ ਹਨ।

ਫਿਲੀਸਤੀਨ ਦਾ ਬੇਥਲੇਹਮ ਈਸਾ ਤੋਂ 1400 ਸਾਲ ਪਹਿਲਾਂ ਦਾ ਵਸਦਾ ਹੈ ਇੱਥੇ ਹੀ ਉਹਨਾਂ ਦਾ ਜਨਮ ਹੋਇਆ ਸੀ। ਇਜ਼ਰਾਈਲ ਦਾ ਜੇਰੂਸਲਮ ਨਗਰ ਈਸਾ ਤੋਂ 4500 ਸਾਲ ਪਹਿਲਾਂ ਦਾ ਵਸਿਆ ਹੋਇਆ ਹੈ। ਇਸ ਸ਼ਹਿਰ ਦਾ ਸੰਬੰਧ ਪੈਗੰਬਰ ਇਬਰਾਹਿਮ ਨਾਲ ਹੈ। ਪੈਗੰਬਰ ਈਸਾ ਨਾਲ ਵੀ ਹੈ। ਇਸ ਕਰਕੇ ਮੁਸਲਿਮ, ਇਸਾਈ ਅਤੇ ਯਹੂਦੀ ਭਾਈਚਾਰਿਆਂ ਵਿੱਚ ਇਸ ਸ਼ਹਿਰ ਦੀ ਖਾਸ ਅਹਿਮੀਅਤ ਹੈ। ਸਾਊਦੀ ਅਰਬ ਵਿੱਚ ਸਥਿਤ ਪਵਿੱਤਰ ਸ਼ਹਿਰ ਮੱਕਾ ਵੀ ਦੁਨੀਆ ਦੇ ਸਭ ਤੋਂ ਪੁਰਾਣੇ ਸ਼ਹਿਰਾਂ ਵਿੱਚੋਂ ਇੱਕ ਹੈ। ਪੈਗੰਬਰ ਹਜਰਤ ਮੁਹੰਮਦ ਸਾਹਿਬ ਦਾ ਜਨਮ ਛੇਵੀਂ ਸਦੀ ਈਸਵੀ ਵਿੱਚ ਇੱਥੇ ਹੀ ਹੋਇਆ ਸੀ।

ਦੁਨੀਆ ਦੇ ਸਭ ਤੋਂ ਪੁਰਾਣੇ ਗ੍ਰੰਥ ਰਿਗ ਵੇਦ ਵਿੱਚ ਕਾਸ਼ੀ ਸ਼ਹਿਰ ਦਾ ਜਿਕਰ ਮਿਲਦਾ ਹੈ। ਭਾਰਤ ਵਿੱਚ ਗੰਗਾ ਨਦੀ ਦੇ ਕਿਨਾਰੇ ਵਸੇ ਸਭ ਤੋਂ ਪੁਰਾਣੇ ਨਗਰਾਂ ਵਿੱਚੋਂ ਇੱਕ ਹੈ। ਇਸ ਨੂੰ ਬਨਾਰਸ ਅਤੇ ਵਾਰਾਨਸੀ ਨਾਮਾਂ ਨਾਲ ਵੀ ਜਾਣਦੇ ਹਾਂ। ਇਸ ਨੂੰ ਹਿੰਦੂ ਦੇਵ ਭਗਵਾਨ ਸ਼ਿਵ ਦਾ ਨਗਰ ਮੰਨਿਆ ਜਾਂਦਾ ਹੈ। ਲਗਪਗ 3000 ਈਸਾ ਪੂਰਵ ਤੋਂ ਇਸ ਦੇ ਆਬਾਦ ਹੋਣ ਦੇ ਪ੍ਰਮਾਣ ਮਿਲਦੇ ਹਨ ਜਦਕਿ ਕੁਝ ਇਤਿਹਾਸਕਾਰ ਇਸ ਨੂੰ 6000 ਈਸਾ ਪੂਰਵ ਤੋਂ ਵਸਿਆ ਮੰਨਦੇ ਹਨ।

ਸਿੰਧੂ ਘਾਟੀ ਦੀ ਸੱਭਿਅਤਾ ਜੋ ਕਿ ਭਾਰਤੀ ਉਪ-ਮਹਾਂਦੀਪ ਦੇ ਉੱਤਰ-ਪੱਛਮੀ ਭਾਗ ਵਿੱਚ ਲਗਪਗ 4500 ਸਾਲ ਪਹਿਲਾਂ ਵਿਕਸਿਤ ਹੋਈ ਸੀ, ਸਭ ਤੋਂ ਮਹਾਨ ਅਤੇ ਵੱਡ ਅਕਾਰੀ ਸੱਭਿਅਤਾ ਸੀ। ਸਭ ਤੋਂ ਵੱਧ ਵਿਵਸਥਾ ਵਾਲੀ ਸੱਭਿਅਤਾ। ਮੋਹਨਜੋਦੜੋ, ਹੜੱਪਾ, ਕਾਲੀਬੰਗਨ, ਲੋਥਲ, ਇਸ ਦੇ ਮੁੱਖ ਵੱਡੇ ਕੇਂਦਰ ਸਨ। ਰੋਪੜ, ਰੋਹੀੜਾ, ਸੰਘੋਲ, ਕੋਟਲਾ ਨਿਹੰਗ ਖਾਂ, ਚੂਹਨਜੋਦੜੋ, ਢੋਲਾਵੀਰਾ, ਬਨਵਾਲੀ, ਰਾਖੀਗੜ੍ਹੀ ਆਦਿ ਥਾਵਾਂ ਤੇ ਨਗਰਾਂ ਦੀ ਹੋਂਦ ਦੀ ਗਵਾਹੀ ਮਿਲਦੀ ਹੈ। ਰਮਾਇਣ ਕਾਲ ਤੋਂ ਅਯੁੱਧਿਆ, ਕਿਸਕੰਧਾ, ਮਿਥਲਾ, ਲੰਕਾ ਨਗਰਾਂ ਦਾ ਜਿਕਰ ਮਿਲਦਾ ਹੈ ਜਦਕਿ ਮਹਾਂਭਾਰਤ ਵਿੱਚ ਮਥੁਰਾ, ਦੁਆਰਕਾ, ਹਸਤਨਾਪੁਰ, ਇੰਦਰਪ੍ਰਸਥ, ਗੰਧਾਰ, ਮਗਧ ਦਾ ਵਰਨਣ ਹੈ।

ਮਨੁੱਖੀ ਵਸੋਂ ਦੇ ਵਾਧੇ ਨਾਲ ਨਗਰਾਂ ਦਾ ਆਕਾਰ ਅਤੇ ਗਿਣਤੀ ਵਧਦੀ ਗਈ। ਨਗਰ ਵਾਰ-ਵਾਰ ਹਾਲਾਤਾਂ ਅਨੁਸਾਰ ਉਜੜਦੇ, ਮੁੜ ਵਸਦੇ ਰਹੇ। ਕਈ ਵਾਰ ਆਪਣਾ ਥਾਂ ਬਦਲਦੇ ਰਹੇ। ਪਰਤ ਦਰ ਪਰਤ ਮੁੜ ਵਸੇਬਿਆਂ ਦੇ ਪੁਰਾਤੱਤਵ ਰੂਪ ਪ੍ਰਗਟ ਹੁੰਦੇ ਰਹੇ ਹਨ। ਅੱਜ ਸੰਸਾਰ ਵਿੱਚ ਮਹਾਨਗਰਾਂ ਦਾ ਵੀ ਅੰਤ ਨਹੀਂ। ਨਗਰਾਂ ਵਿੱਚ ਅਚੰਭੇ ਦੀ ਹੱਦ ਤੱਕ ਸਭ ਕੁਝ ਉਪਲੱਬਧ ਹੈ। ਸਮਾਰਟ ਸ਼ਹਿਰਾਂ ਦੇ ਸੁਪਨੇ ਦੇਖੇ-ਦਿਖਾਏ ਗਏ ਹਨ। ਨਗਰ ਖੇਤੀ ਕਰਨ ਲਈ ਮਨੁੱਖ ਦੇ ਇਕੱਠੇ ਰਹਿਣ ਲਈ ਵਸੇ ਸਨ। ਹੁਣ ਨਗਰਾਂ ਕਰਕੇ ਖੇਤੀਯੋਗ ਜਮੀਨ ਦੀ ਘਾਟ ਪੈਦਾ ਹੋ ਗਈ ਹੈ। ਵਿਕਾਸ ਪ੍ਰੋਜੈਕਟ ਉਪਜਾਊ ਜਮੀਨਾਂ ਨੂੰ ਖਾ ਰਹੇ ਹਨ। ਮਨੁੱਖ ਕੀ ਖਾਵੇਗਾ ਪਤਾ ਨਹੀਂ। ਸੋਚਣ, ਸਮਝਣ ਦੀ ਲੋੜ ਹੈ। ਸਿੱਖਿਅਤ, ਸੂਝਵਾਨ, ਸਮਾਜ ਦੀ ਲੋੜ ਹੈ। ਜਾਗਣ ਦਾ ਵੇਲਾ ਹੈ। ਨਗਰਾਂ ਦੇ ਵਸਦੇ ਰਹਿਣ ਲਈ ਖੇਤਾਂ ਦਾ, ਖੇਤਾਂ ਵਾਲਿਆਂ ਦਾ ਵਸਦੇ ਰਹਿਣਾ ਜਰੂਰੀ ਹੈ। ਅੰਨ ਵਿੱਚ ਜਾਨ ਹੁੰਦੀ ਹੈ। ਜਾਨ ਨਾਲ ਜਹਾਨ ਹੁੰਦਾ ਹੈ। ਜਹਾਨ ਵਸਦਾ ਰਹੇ।





**ਪਰਮਿੰਦਰ ਭੁੱਲਰ**
**9463067430**

# ਬਾਬਾ ਬਿਸ਼ਨ ਸਿੰਘ ਨੇ ਹਜ਼ਾਰਾਂ ਲਾਏ ਰੁੱਖਾਂ ਨੂੰ ਪੁੱਤਾਂ ਵਾਂਗ ਪਾਲਿਆ





ਬਾਬਾ ਬਿਸ਼ਨ ਸਿੰਘ ਨੇ ਵਾਤਾਵਰਣ ਦੀ ਸਵੱਛਤਾ ਬਚਾਉਣ ਲਈ ਹਜ਼ਾਰਾਂ ਪੌਦੇ ਆਪਣੇ ਪਿੰਡ ਦੇ ਅਤੇ ਹੋਰਾਂ ਪਿੰਡਾਂ ਦੇ 'ਫੋਕਲ ਪੁਆਇੰਟਾਂ' ਅਤੇ ਆਲੇ ਦੁਆਲੇ ਪਿੰਡਾਂ ਤੋਂ ਇਲਾਵਾ ਦੂਰ ਦੂਰ ਤੱਕ ਭਮਾਰਸੀ , ਚਹਿਲ , ਅਮਲੋਹ , ਨਾਭਾ , ਭੜੋ ਆਦਿ ਥਾਵਾਂ ਦੀ ਸਾਮਲਾਟ ,ਸਮਸ਼ਾਨ ਘਰਾਂ , ਦਾਣਾ ਮੰਡੀਆਂ ਅਤੇ ਨਹਿਰਾਂ ਦੇ ਕੰਢਿਆਂ ਤੇ , ਪਾਣੀ ਵਾਲੇ ਨਲਕਿਆਂ ਦੇ ਆਲੇ ਦੁਆਲੇ ਖਾਲੀ ਪਈ ਥਾਂ ਤੇ ਲਾਏ ਅਤੇ ਸਮੇਂ ਸਮੇਂ ਸਿਰ ਪੁੱਤਰਾਂ ਵਾਂਗ ਪਾਲਣ-ਪੋਸ਼ਣ ਕੀਤਾ। ਉਨ੍ਹਾਂ ਆਪਣੇ ਲਾਏ ਰੁੱਖਾਂ ਨੂੰ ਲੋੜ ਮੁਤਾਬਕ ਪਾਣੀ ਵੀ ਪਾਇਆ, ਜਿਨ੍ਹਾਂ 'ਚੋਂ ਜ਼ਿਆਦਾ ਪਿੱਪਲ , ਬਰੋਟੇ ਅਤੇ ਡਕੈਣਾਂ ਤ੍ਰਿਵੈਣੀ ਦੇ ਰੂਪ 'ਚ ਹਨ ਜੋ ਅੱਜ ਲੋਕਾਂ ਨੂੰ ਛਾਂ ਦੇ ਕੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਾਉਂਦੇ ਹਨ।ਪੌਦਿਆਂ ਦੀ ਪਨੀਰੀ ਉਹ ਆਪ ਤਿਆਰ ਕਰਦੇ ਸੀ । ਉਨ੍ਹਾਂ ਕਦੇ ਵੀ ਆਪਣੇ ਕੰਮਾਂ ਨੂੰ ਪੌਦਿਆਂ ਦੀ ਸੰਭਾਲ ਤੋਂ ਪ੍ਰਮੁੱਖ ਨਹੀਂ ਸਮਝਿਆ ।ਘਰ ਦੇ ਸਾਰੇ ਕੰਮਾਂ ਨੂੰ ਵਿਚਾਲੇ ਹੀ ਛੱਡ ਕੇ ਆਪਣੇ ਬੇਟੇ ਸੇਵਾ ਸਿੰਘ ਨੂੰ ਨਾਲ ਲੈ ਕੇ ਭਾਵੇਂ ਬੇਟਾ ਟਰੈਕਟਰ ਨਾਲ ਕੋਈ ਜਰੂਰੀ ਕੰਮ ਵੀ ਕਰਦਾ ਹੁੰਦਾ ਤਾਂ ਵੀ ਕੰਮ ਬੰਦ ਕਰਕੇ ਟਰੈਕਟਰ ਨਾਲ ਲੈ ਕੇ ਜਾਣ ਲਈ ਕਹਿ ਦਿੰਦੇ , ਬੇਟੇ ਨੇ ਵੀ ਕਦੇ ਇਸ ਕੰਮ ਲਈ ਨਾਂਹ ਨਹੀਂ ਕੀਤੀ ਸੀ । ਉਨ੍ਹਾਂ ਵਲੋਂ ਲਾਏ ਬੂਟਿਆਂ ਨੂੰ ਪਾਣੀ ਪਾ ਕੇ ਆਉਣਾ ਉਨ੍ਹਾਂ ਦੀ ਰੁਟੀਨ ਸੀ ।ਉਹ ਆਪਣੇ ਨਾਲ ਟਰਾਲੀ ਵਿੱਚ ਲਾਏ ਕਮਜੋਰ ਜਾਂ ਛੋਟੇ ਬੂਟਿਆਂ ਦੁਆਲੇ ਵਾੜ ਕਰਨ ਲਈ ਝਿੰਗਾਂ ਵੀ ਨਾਲ ਲਿਜਾਂਦੇ ਤਾਂ ਜੋ ਅਵਾਰਾ ਡੰਗਰਾਂ ਆਦਿ ਤੋਂ ਬਚ ਕੇ ਉੱਪਰ ਉੱਠ ਸਕਣ । ਉਹ ਇੱਕ ਕਿਸਾਨ ਹੋਣ ਦੇ ਨਾਤੇ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਜਾਗਰੂਕ ਹੋਣ ਕਰਕੇ ਕਿਸਾਨ ਯੂਨੀਅਨ ਦੇ ਨਾਲ ਜੁੜੇ ਹੋਏ ਸਨ ।ਜਦੋਂ ਵੀ ਕੋਈ ਧਰਨਾ ਹੁੰਦਾ ਤਾਂ ਸਾਰੇ ਕੰਮ ਛੱਡ ਕੇ ਸਾਥੀਆਂ ਸਮੇਤ ਜਾਂਦੇ । ਇੱਕ ਵਾਰੀ ਪਟਿਆਲੇ ਡੀ.ਸੀ. ਦਫਤਰ ਸਾਹਮਣੇ ਧਰਨਾ ਸੀ ਤਾਂ ਉਥੇ ਉਨ੍ਹਾਂ ਦੀ ਨਿਗ੍ਹਾ ਸਾਹਮਣੇ ਉੱਚੀ ਬਿਲਡਿੰਗ ਉੱਪਰ ਉੱਗੇ ਪਿੱਪਲ , ਬਰੋਟਿਆਂ ਉੱਪਰ ਪਈ ਤਾਂ ਉਸੀ ਸਮੇਂ ਉਨ੍ਹਾਂ ਨੇ ਪੌਦਿਆਂ ਨੂੰ ਜੜ੍ਹਾਂ ਤੋਂ ਕੱਢ ਕੇ ਕਿਸੇ ਯੋਗ ਥਾਂ ਤੇ ਲਾਉਣ ਦਾ ਮਨ ਬਣਾ ਲਿਆ ।ਉਹ ਉਸ ਬਿਲਡਿੰਗ 'ਚ ਮੌਕੇ ਦੇ ਅਫਸਰ ਸਾਹਿਬਾਨ ਨੂੰ ਨਿਮਰਤਾ ਸਹਿਤ ਆਪਣਾ ਮਕਸਦ ਦੱਸ ਕੇ ਉਹ ਪੌਦੇ ਕੱਢਣ ਦੀ ਇਜਾਜਤ ਲੈ ਲਈ ਅਤੇ ਇਸ ਕੰਮ ਨੂੰ ਨੇਪੜੇ ਚਾੜ੍ਹਣ ਲਈ ਉਥੇ ਪੁੱਜਣ ਲਈ ਕਰੇਨ ਦਾ ਪ੍ਰਬੰਧ ਵੀ ਉਸ ਅਫਸਰ ਤੋਂ ਕਰਵਾ ਲਿਆ । ਇਸ ਤਰ੍ਹਾਂ ਉਹ ਆਪਣੇ ਮਿਸ਼ਨ 'ਚ ਸਫਲਤਾ ਪ੍ਰਾਪਤ ਕਰਨ ਲਈ ਹਮੇਸ਼ਾ ਕਾਮਯਾਬੀ ਪ੍ਰਾਪਤ ਕਰ ਲੈਂਦੇ ।

ਸਨ ਉਹ ਪਿੰਡ ਦੇ ਗਰੀਬਾਂ ਦੇ ਹਮਦਰਦ ਸਨ ।ਉਹ ਪਿੰਡ ਦੇ ਗੁਰਦੁਆਰਾ ਸਹਿਬ ਦੀ ਸੇਵਾ ਸੰਭਾਲ ਲਈ ਵੀ ਕਾਰਜ ਕਰਦੇ ਰਹੇ ।ਨਿਸਾਨ ਸਾਹਿਬ ਚੜ੍ਹਾਉਣ ਦੀ ਸੇਵਾ ਵੀ ਉਹ ਕਰਦੇ ਰਹੇ । ਉਨ੍ਹਾਂ ਨੇ ਮੈਂਬਰ ਪੰਚਾਇਤ ਹੋਣ ਦੇ ਨਾਤੇ ਪਿੰਡ ਦੀ ਬੇਹਤਰੀ ਲਈ ਹਮੇਸ਼ਾ ਭਲਾਈ ਦੇ ਕੰਮ ਕਰਨ ਨੂੰ ਤਰਜ਼ੀਹ ਦਿੱਤੀ । ਸਵ: ਸ. ਲਾਭ ਸਿੰਘ ਸਰਪੰਚ ਨਾਲ ਪੰਚਾਇਤ ਮੈਂਬਰਾਂ ਨੇ ਪਿੰਡ ਵਿੱਚ ਫੋਕਲ ਪੁਆਇੰਟ ਲਿਆਉਣ ਲਈ ਪੂਰਾ ਜ਼ੋਰ ਲਾਇਆ ਜਿਸ ਵਿੱਚ ਬਾਬਾ ਬਿਸ਼ਨ ਸਿੰਘ ਦਾ ਅਹਿਮ ਰੋਲ ਰਿਹਾ ।ਉਨ੍ਹਾਂ ਨੇ ਉਸ ਸਮੇਂ ਦੇ ਪਿੰਡ ਦੇ ਗੋਤੀ ਕੈਬਨਿਟ ਮੰਤਰੀ ਸ. ਸੁਖਦੇਵ ਸਿੰਘ ਢੀਂਡਸਾ ਤੋਂ ਵੀ ਇਸ ਸਬੰਧ 'ਚ ਸਹਿਯੋਗ ਲਿਆ ਜਿਸ ਸਦਕਾ ਹੀ ਉਸ ਸਮੇਂ ਦੇ ਪੇਂਡੂ ਵਿਕਾਸ ਮੰਤਰੀ ਸ. ਆਤਮਾ ਸਿੰਘ ਤੋਂ 1976 ਵਿੱਚ ਨੀਂਹ ਪੱਥਰ ਰੱਖਵਾ ਕੇ ਪਿੰਡ ਦਾ ਨਾਂ ਇਲਾਕੇ ਵਿੱਚ ਉੱਚਾ ਕੀਤਾ ਜਿਸ ਦੀਆਂ ਸਹੂਲਤਾਂ ਪਿੰਡ ਦੇ ਲੋਕ ਮਾਣ ਕੇ ਆਰਥਿਕ ਪੱਖੋਂ ਉੱਪਰ ਉੱਠੇ ਹਨ ।ਉਨ੍ਹਾਂ ਦਾ ਨਾਂ ਜਿਲ੍ਹੇ ਦੇ ਉੱਚ ਅਫਸਰਾਂ ਤੱਕ ਜਾਣਿਆ ਜਾਂਦਾ ਸੀ । ਇੱਕ ਵਾਰੀ ਪਿੰਡ ਦਾ ਲੜਕਾ ਪੁਲਿਸ 'ਚ ਭਰਤੀ ਹੋਣ ਗਿਆ ਜੋ ਕਿ ਚੰਗੇ ਜੁੱਸੇ ਵਾਲਾ ਸੀ ਜਦੋਂ ਅਫਸਰ ਨੇ ਪਿੰਡ ਦਾ ਨਾਂ ਦੇਖਿਆ ਤਾਂ ਬਾਬਾ ਬਿਸਨ ਦੀ ਯਾਦ ਉਸ ਨੂੰ ਆ ਗਈ ਤਾਂ ਉਹ ਲੜਕਾ ਸਿਲੈਕਟ ਹੋ ਗਿਆ । ਬਾਬਾ ਬਿਸ਼ਨ ਸਿੰਘ ਨੇ ਐਮਰਜੈਂਸੀ ਦੌਰਾਨ ਜੇਲ੍ਹ ਯਾਤਰਾ ਵੀ ਕੀਤੀ ।ਉਨ੍ਹਾਂ ਦੀ ਹਲਕੇ ਦੇ ਕਈ ਵਾਰ ਵਿਧਾਇਕ ਅਤੇ ਮੰਤਰੀ ਰਹਿ ਚੁੱਕੇ ਰਾਜਾ ਨਰਿੰਦਰ ਸਿੰਘ ਨਾਲ ਪਰਿਵਾਰਿਕ ਸਬੰਧ ਰਹੇ ।ਇੱਕ ਵਾਰ ਰਾਜਾ ਸਾਹਿਬ ਦੇ ਇਕਲੌਤੇ ਬੇਟੇ ਦਾ ਭਿਆਨਕ ਐਕਸੀਡੈਂਟ ਹੋ ਗਿਆ ਤਾਂ ਉਨ੍ਹਾਂ ਦੀ ਸਿਹਤਯਾਬੀ ਲਈ ਉਨ੍ਹਾਂ ਅਰਦਾਸ ਕੀਤੀ ਅਤੇ ਉਨ੍ਹਾਂ ਦੇ ਤੰਦਰੁਸਤ ਹੋਣ ਤੇ ਗੁਰੂ ਘਰ ਆਖੰਡ ਪਾਠ ਕਰਵਾਇਆ ਤਾਂ ਰਾਜਾ ਸਾਹਬ ਦਾ ਸਾਰਾ ਪਰਿਵਾਰ ਨਿਮਰਤਾ ਸਹਿਤ ਭੋਗ ਸਮੇਂ ਸਾਮਲ ਹੋਇਆ ।ਸੱਚ ਮੁੱਚ ਬਾਬਾ ਜੀ ਦੂਸਰਿਆਂ ਦੇ ਦੁੱਖ ਦਰਦ ਨੂੰ ਵੰਡਾਉਣ ਲਈ ਹਰ ਉਪਰਾਲਾ ਕਰਦੇ ਰਹੇ। ਇੱਕ ਵਾਰੀ ਮੇਰੇ ਨਾਲ ਡੀ.ਪੀ.ਆਈ.(ਸਕੂਲਜ਼) ਦੇ ਦਫਤਰ ਨੌਕਰੀ ਦੇ ਸਬੰਧ 'ਚ ਪਈ ਮੇਰੀ ਫਾਈਲ ਤੇ ਅੱਗੋਂ ਕਾਰਵਾਈ ਕਰਵਾਉਣ ਲਈ ਹਲਕਾ ਵਿਧਾਇਕ ਸਾਬਕਾ ਮੰਤਰੀ ਰਾਜਾ ਨਰਿੰਦਰ ਸਿੰਘ ਪਾਸ ਚੰਡੀਗੜ੍ਹ ਉਨ੍ਹਾਂ ਦੀ ਕੋਠੀ ਗਏ ਤਾਂ ਰਾਜਾ ਸਾਹਿਬ ਨੇ ਚਾਹ ਪਾਣੀ ਸਾਨੂੰ ਪਿਆਇਆ ਅਤੇ ਆਪਣੀ ਗੱਡੀ 'ਚ ਸਾਨੂੰ ਬਿਠਾ ਕੇ ਦਫਤਰ ਲੈ ਕੇ ਗਏ , ਉਥੇ ਉਨ੍ਹਾਂ ਡੀ.ਪੀ.ਆਈ. ਨੂੰ ਮਸਲਾ ਦੱਸਿਆ ਤਾਂ ਤੁਰੰਤ ਉਨ੍ਹਾਂ ਡੀ.ਡੀ.ਐਸ.ਏ. ਨੂੰ ਡੀ.ਓ. ਲੈਟਰ ਡੀ.ਈ.ਓ. ਪਟਿਆਲਾ ਨੂੰ ਮਸਲਾ ਹੱਲ ਕਰਨ ਲਈ ਲਿਖ ਕੇ ਸਾਨੂੰ ਤੁਰੰਤ ਦੇਣ ਲਈ ਕਿਹਾ । ਭਾਵੇਂ ਮੇਰਾ ਕੰਮ ਤਾਂ ਬਾਅਦ 'ਚ ਕਿਸੇ ਕਾਰਨ ਨਹੀਂ ਬਣਿਆ ਪਰ ਬਾਬਾ ਜੀ ਨੇ ਆਪਣੀਆਂ ਸੇਵਾਵਾਂ ਦੇਣ 'ਚ ਕੋਈ ਕਸਰ ਨਾ ਛੱਡੀ ।ਉਨ੍ਹਾਂ ਦਾ ਇਸ ਤਰ੍ਹਾਂ ਰਾਜਨੀਤਕ ਹਲਕਿਆਂ 'ਚ ਸਤਿਕਾਰ ਹੋਣਾ ਉਨ੍ਹਾਂ ਦੀ ਅਪਣੱਤ ਭਰੀ ਮਿੱਠੀ ਬੋਲ- ਬਾਣੀ ਸਦਕਾ ਸੀ ।ਉਨ੍ਹਾਂ ਨੇ ਐਮਰਜੈਂਸੀ ਵਿਰੁੱਧ ਲਾਏ ਮੋਰਚੇ ਦੌਰਾਨ ਜੇਲ੍ਹ ਯਾਤਰਾ ਵੀ ਕੀਤੀ ।

ਬਾਬਾ ਬਿਸ਼ਨ ਸਿੰਘ ਜਦੋਂ ਵੀ ਕਿਸੇ ਪਿੰਡ ਪੌਦਿਆਂ ਨੂੰ ਪਾਣੀ ਦੇਣ ਜਾਂਦੇ ਤਾਂ ਉਨ੍ਹਾਂ ਕਦੇ ਵੀ ਆਪਣੇ ਘਰ ਦੇ ਕੰਮਾਂ ਨੂੰ ਤਰਜ਼ੀਹ ਨਹੀਂ ਦਿੱਤੀ ਸਗੋਂ ਵਿੱਚੇ ਛੱਡ ਕੇ ਲਾਏ ਪੌਦਿਆਂ ਨੂੰ ਪਾਣੀ ਦੇਣ ਨੂੰ ਪਹਿਲ ਦਿੰਦੇ । ਆਪਣੇ ਬੇਟੇ ਸੇਵਾ ਸਿੰਘ ਨੂੰ ਜੇਕਰ ਉਹ ਵੀ ਕੋਈ ਟਰੈਕਟਰ ਨਾਲ ਕੰਮ ਕਰਦਾ ਹੁੰਦਾ ਤਾਂ ਉਸ ਨੂੰ ਕੰਮ ਵਿਚਾਲੇ ਹੀ ਬੰਦ ਕਰਕੇ ਨਾਲ ਜਾਣ ਲਈ ਕਹਿ ਦਿੰਦੇ ਜੋ ਸਤਿ ਬਚਨ ਕਹਿ ਕੇ ਨਾਲ ਤੁਰ ਪੈਂਦਾ । ਟਰਾਲੀ 'ਚ ਪਾਣੀ , ਵਾੜ ਲਈ ਝਿੰਗਾਂ ਆਦਿ ਲੋੜੀਂਦਾ ਸਮਾਨ ਰੱਖ ਲੈਂਦੇ ।ਜੇਕਰ ਪਿੰਡ ਦੀ ਲੜਕੀ ਪੌਦੇ ਲਾਉਣ ਵਾਲੇ ਪਿੰਡ ਜਾਂ ਨੇੜੇ ਦੇ ਪਿੰਡ ਵਿਆਹੀ ਹੋਣ ਦਾ ਉਨ੍ਹਾਂ ਨੂੰ ਪਤਾ ਹੁੰਦਾ ਤਾਂ ਉਸ ਦੇ ਘਰ ਜਾਕੇ ਪਿੰਡ ਦੀ ਅਪਣੱਤ ਨੂੰ ਕਾਇਮ ਰੱਖਦਿਆਂ ਉਸ ਨੂੰ ਬਣਦਾ ਸਰਦਾ ਸ਼ਗਨ ਜਰੂਰ ਦੇ ਕੇ ਆਉਂਦੇ ।ਅਚਾਨਕ ਉਹ 19 ਮਾਰਚ 1997 ਨੂੰ ਵਾਹਿਗੁਰੂ ਦਾ ਜਾਪ ਕਰਦੇ ਹੋਏ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਏ । ਉਨ੍ਹਾਂ ਦੇ ਕੀਤੇ ਸਮਾਜ ਸੇਵੀ ਕੰਮਾਂ ਨੂੰ ਭੁਲਾਇਆ ਨਹੀਂ ਜਾ ਸਕਦਾ ।ਉਨ੍ਹਾ ਦਾ ਬੇਟਾ ਸੇਵਾ ਸਿੰਘ ਵੀ ਉਨ੍ਹਾਂ ਦੀ ਸੋਚ ਦਾ ਧਾਰਨੀ ਹੈ , ਉਹ ਆਪਣੀ ਪਤਨੀ ਅਤੇ ਪਰਿਵਾਰ ਸਮੇਤ ਕਨੇਡਾ ਵਿਖੇ ਆਪਣੇ ਬੇਟੇ ਵਰਿੰਦਰ ਸਿੰਘ ਕੋਲ ਰਹਿ ਰਿਹਾ ਹੈ ।ਉਹ ਉੱਥੇ ਬੈਠਾ ਵੀ ਪਿੰਡ ਦੀ ਬਿਹਤਰੀ ਲਈ ਕਈ ਕਾਰਜ ਮਨ 'ਚ ਸਮੋਈ ਬੈਠਾ ਹੈ , ਜੋ ਵਾਤਾਵਰਣ ਨਾਲ ਸਬੰਧਤ ਕਾਰਜ ਹਨ ।ਅੱਜ ਉਨ੍ਹਾਂ ਦੇ ਲਾਏ ਪੌਦੇ ਪੂਰੇ ਦਰੱਖਤ ਬਣ ਚੁੱਕੇ ਹਨ ਅਤੇ ਹਜ਼ਾਰਾਂ ਲੋਕਾਂ ਨੂੰ ਠੰਡੀ ਛਾਂ ਦੇਣ ਦਾ ਨਾਲ ਵਾਤਾਵਰਣ ਨੂੰ ਸਵੱਛ ਕਰਨ ਲਈ ਵੀ ਸਹਾਈ ਹੋ ਰਹੇ ਹਨ । ਵਾਹਿਗੁਰੂ ਜੀ ਉਨ੍ਹਾਂ ਦੇ ਬੇਟੇ ਨੂੰ ਵੀ ਇਹ ਕਾਰਜ ਨਿਰੰਤਰ ਕਰਨ ਦਾ ਬਲ ਬਖਸ਼ਣ ।ਬਾਬਾ ਬਿਸ਼ਨ ਸਿੰਘ ਦੀਆਂ ਲਾਈਆਂ ਨਿਸ਼ਾਨੀਆਂ ਨੂੰ ਕਈ ਪੀੜ੍ਹੀਆਂ ਯਾਦ ਰੱਖਣ ਨਾਲ ਆਨੰਦ ਮਾਣਨਗੀਆਂ ।ਅੱਜ ਸਮੇਂ ਦੀ ਲੋੜ ਹੈ ਬਾਬਾ ਬਿਸ਼ਨ ਸਿੰਘ ਦੀ ਜ਼ਿੰਦਗੀ ਤੋਂ ਪ੍ਰੇਰਨਾ ਲੈਣ ਦੀ ਤਾਂ ਜੋ ਵੱਧ ਰਹੇ ਤਾਪਮਾਨ ਨੂੰ ਠੱਲ੍ਹ ਪਾਉਣ 'ਚ ਹਰੇਕ ਵਿਅਕਤੀ ਦੇ ਅੰਦਰੋਂ ਆਪਣੇ ਆਪ ਹਰੇਕ ਸਾਲ ਘੱਟੋ ਘੱਟ ਕੁਝ ਤਾਂ ਪੌਦੇ ਲਾਉਣ ਲਈ ਆਵਾਜ਼ ਉੱਠੇ ।

ਮੇਜਰ ਸਿੰਘ ਨਾਭਾ,
ਮੋਬ.9463553962

ਝੱਜ ਗੋਤ ਨਾਲ ਸਬੰਧਤ ਬੁਆਣੀ ਪਿੰਡ ਦੇ ਅਰਜਨ ਸਿੰਘ, ਮੱਲ ਸਿੰਘ, ਧੰਨ ਸਿੰਘ ਅਤੇ ਪਾਖਰ ਸਿੰਘ ਵੀਹਵੀਂ ਸਦੀ ਦੇ ਆਰੰਭ ਵਿੱਚ ਪਟਿਆਲੇ ਜਿਲ੍ਹੇ ਦੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਆ ਕੇ ਵੱਸ ਗਏ ।ਇਨ੍ਹਾਂ ਪਰਿਵਾਰਾਂ ਨੂੰ ਅੱਜ ਵੀ ਬੁਆਣੀਵਾਲੇ ਕਹਿ ਕੇ ਪੁਕਾਰਿਆ ਜਾਂਦਾ ਹੈ ਜਿਸ ਨਾਲ ਹਰ ਕੋਈ ਆਸਾਨੀ ਨਾਲ ਸਮਝ ਜਾਂਦਾ ਹੈ।ਇਨ੍ਹਾਂ ਪਰਿਵਾਰਾਂ ਨੇ ਪਿੰਡ ਵਿਚ ਆਪਣੇ ਸਮਾਜ ਸੇਵੀ ਕੰਮਾਂ ਕਰਕੇ ਬਜੁਰਗਾਂ ਦਾ ਨਾਂ ਉੱਚਾ ਕੀਤਾ ਹੈ।ਬਾਬਾ ਅਰਜਨ ਸਿੰਘ ਧਾਰਮਿਕ ਬਿਰਤੀ ਵਾਲੇ ਸਾਂਤ ਸੁਭਾਅ ਦੇ ਇਨਸਾਨ ਸਨ । ਉਹ ਨਿਹੰਗ ਬਾਣੇ ਵਿੱਚ ਰਹਿੰਦੇ ਸਨ । ਉਨ੍ਹਾਂ ਦੇ ਘਰ ਦੇ ਸਾਹਮਣੇ ਉਨ੍ਹਾਂ ਦੀ ਜ਼ਮੀਨ ਸੀ ਜਿਸ 'ਚ ਇੱਕ ਅੰਬ ਦਾ ਦਰੱਖਤ ਸੀ , ਗਰਮੀਆਂ ਵਿੱਚ ਉਸ ਹੇਠ ਚੌਂਕੜਾ ਮਾਰ ਕੇ ਬੈਠ ਕੇ ਬਾਣੀ ਦੀਆਂ ਪੋਥੀਆਂ ਪੜ੍ਹਦੇ ਰਹਿੰਦੇ ।ਉਨ੍ਹਾਂ ਦੀ ਧਰਮ ਪਤਨੀ ਮਾਤਾ ਗੋਬਿੰਦ ਕੌਰ ਨੇ ਵੀ ਪੂਰਨ ਗੁਰਸਿੱਖੀ ਰਹਿਣੀ ਬਹਿਣੀ ਵਾਲਾ ਜੀਵਨ ਧਾਰਨ ਕਰਕੇ ਬਤੀਤ ਕੀਤਾ ।ਘਰ ਅੰਦਰ ਪੂਰਨ ਧਾਰਮਿਕ ਮਾਹੌਲ ਦੀ ਸਿਰਜਨਾ ਨੇ ਉਨ੍ਹਾਂ ਦੇ ਪੁੱਤਰ ਬਿਸ਼ਨ ਸਿੰਘ ਦੀ ਜ਼ਿੰਦਗੀ 'ਚ ਅਹਿਮ ਰੋਲ ਨਿਭਾਇਆ ।

ਉਨ੍ਹਾਂ ਦੇ ਪੁੱਤਰ ਬਾਬਾ ਬਿਸ਼ਨ ਸਿੰਘ ਨੂੰ ਬਚਪਨ ਵਿੱਚ ਹੀ ਧਾਰਮਿਕ ਮਾਹੋਲ 'ਚ ਵਿਚਰਨ ਕਰਕੇ ਮੋਹ ਮਾਇਆ ਦੇ ਜਾਲ ਤੋਂ ਦੂਰ ਰਹਿਣ ਦੀ ਗੁੜ੍ਹਤੀ ਮਾਪਿਆਂ ਤੋਂ ਮਿਲ ਚੁੱਕੀ ਸੀ ।ਉਨ੍ਹਾਂ ਦੀ ਧਰਮ ਪਤਨੀ ਮਾਤਾ ਰਣਜੀਤ ਕੌਰ ਨੇ ਅੱਗੋਂ ਆਪਣੇ ਬੱਚਿਆਂ ਨੂੰ ਵੀ ਧਾਰਮਿਕ ਸ਼ੰਸ਼ਕਾਰਾਂ ਨਾਲ ਜੋੜ ਕੇ ਆਪਣਾ ਫਰਜ਼ ਨਿਭਾਇਆ । ਬਾਬਾ ਬਿਸ਼ਨ ਸਿੰਘ ਦਾ ਵੱਡਾ ਪੁੱਤਰ ਸਵ: ਸੰਤੋਖ ਸਿੰਘ ਆਪਣੇ ਨਾਨਕੇ ਪਿੰਡ ਬਰੌਂਗਾ ਵਿਖੇ ਰਹਿਣ ਲੱਗ ਪਿਆ, ਉਨ੍ਹਾਂ ਦਾ ਬੇਟਾ ਕੁਲਵਿੰਦਰ ਸਿੰਘ ਵੀ ਸਮਾਜ ਸੇਵੀ ਅਤੇ ਧਾਰਮਿਕ ਵਿਚਾਰਾਂ ਦਾ ਧਾਰਨੀ ਹੈ ।

ਦੂਸਰਾ ਬੇਟਾ ਸਵ: ਸਤਨਾਮ ਸਿੰਘ ਵੀ ਸਾਂਤ ਸੁਭਾਅ ਵਾਲਾ ਸੀ ।ਉਹ ਵੀ ਪੌਦੇ ਲਾਉਣ 'ਚ ਮਦਦ ਕਰਿਆ ਕਰਦਾ ਸੀ ।ਉਨ੍ਹਾਂ ਦਾ ਬੇਟਾ ਲਖਵੀਰ ਸਿੰਘ ਪਿੰਡ ਰਹਿੰਦਾ ਹੈ । ਤੀਸਰਾ ਬੇਟਾ ਸੇਵਾ ਸਿੰਘ ਜਿਵੇਂ ਨਾਮ ਤੋਂ ਹੀ ਪਤਾ ਲੱਗਦਾ ਹੈ ਕਿ ਇਸ ਨੇ ਸੇਵਾ ਹੀ ਕਰਨੀ ਹੈ , ਬਿਲਕੁਲ ਸੱਚ ਹੈ ਉਨ੍ਹਾਂ ਅੰਦਰ ਵੀ ਸਮਾਜ ਲਈ ਸੇਵਾ ਕਰਨ ਦੀ ਅਥਾਹ ਪਿਆਸ ਹੈ।ਉਨ੍ਹਾਂ ਦੀਆਂ ਦੋ ਬੇਟੀਆਂ ਗੁਰਜੰਟ ਕੌਰ ਸੌਂਢੇ (ਫਤਿਹਗੜ੍ਹ ਸਾਹਿਬ) ਅਤੇ ਹਰਜਿੰਦਰ ਕੌਰ ਦੌਲਤਪੁਰ (ਪਾਇਲ ) ਵਿਆਹ ਉਪਰੰਤ ਆਪਣੇ ਪਰਿਵਾਰਾਂ 'ਚ ਸੁੱਖੀ ਰਹਿ ਰਹੀਆਂ ਹਨ ।

ਸ਼੍ਰੀ ਲਾਲ ਚੰਦ 'ਸਿਰਸੀਵਾਲਾ' ਵੈਟਰਨਰੀ ਡਾਕਟਰ ਬਾਬਾ ਬਿਸ਼ਨ ਸਿੰਘ ਦੀ ਸ਼ਖਸ਼ੀਅਤ ਤੋਂ ਉਨ੍ਹਾਂ ਦੇ ਪਿੰਡ ਡਿਊਟੀ ਨਿਭਾਉਂਦੇ ਹੋਏ ਬਹੁਤ ਪ੍ਰਭਾਵਿਤ ਹੋਏ ਹਨ ।ਉਨ੍ਹਾਂ ਨੇ 'ਅਪਣੱਤ ਸੋਸ਼ਲ ਸੋਸਾਇਟੀ (ਰਜਿ:) ਪਟਿਆਲਾ' ਦੇ ਸਹਿਯੋਗ ਨਾਲ ਬਾਬਾ ਬਿਸ਼ਨ ਸਿੰਘ ਦੇ ਮਿਸ਼ਨ ਨੂੰ ਅੱਗੇ ਤੋਰਦਿਆਂ ਕਈ ਥਾਵਾਂ ਤੇ ਵਾਤਾਵਰਣ ਸਬੰਧੀ ਸੈਮੀਨਾਰ ਆਦਿ ਕਰਵਾ ਕੇ , ਖ਼ੂਨਦਾਨ ਅਤੇ ਮੈਡੀਕਲ ਕੈਂਪ ਲਗਾ ਕੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਵਾਇਆ ਹੈ, ਪਿੰਡ ਦੰਦਰਾਲਾ ਢੀਂਡਸਾ ਵਿਖੇ 24 ਜੁਲਾਈ 2022 ਨੂੰ ਇਸੇ ਸੰਸਥਾ ਵਲੋਂ ਪਹਿਲਾ ' ਖ਼ੂਨਦਾਨ ਅਤੇ ਮੈਡੀਕਲ ਕੈਂਪ ' ਜਥੇਦਾਰ ਬਿਸ਼ਨ ਸਿੰਘ ਝੱਜ ਅਤੇ ਸਵ: ਸੂਬੇਦਾਰ ਇੰਦਰਜੀਤ ਸਿੰਘ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਜਿਸ ਵਿੱਚ ਖ਼ੂਨਦਾਨੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਇਸ ਮੌਕੇ ਛਾਂਦਾਰ ਅਤੇ ਫਲਦਾਰ ਬੂਟੇ ਸੰਸਥਾ ਵਲੋਂ ਮੁਫਤ ਵੰਡੇ ਗਏ ।ਉਮੀਦ ਹੈ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਇਹ ਲੜੀ ਨਿਰੰਤਰ ਜਾਰੀ ਰਹੇਗੀ । ਸ੍ਰੀ ਲਾਲ ਚੰਦ ਸਿਰਸੀਵਾਲਾ ਇਸ ਸਮਾਜ ਸੇਵੀ ਸੰਸਥਾ ਦੇ ਜਨਰਲ ਸਕੱਤਰ ਵਜੋਂ ਸੇਵਾ ਨਿਭਾ ਰਹੇ ਹਨ ਜੋ ਵਾਤਾਵਰਣ ਪ੍ਰਤੀ ਜਾਗਰੂਕ ਹੋਣ ਕਰਕੇ ਹਰੇਕ ਸਾਲ ਨਵੇਂ ਪੌਦੇ ਲਾਉਣ ਦਾ ਕਾਰਜ ਕਰਦੇ ਆ ਰਹੇ ਹਨ ।ਸਾਡੇ ਸਮਾਜ ਨੂੰ ਬਾਬਾ ਬਿਸ਼ਨ ਸਿੰਘ ਜੀ ਦੇ ਕੀਤੇ ਕਾਰਜਾਂ ਤੋਂ ਪ੍ਰੇਰਨਾ ਲੈ ਕੇ ਵਾਤਾਵਰਣ ਨੂੰ ਸਵੱਛ ਰੱਖਣ ਲਈ ਬਣਦਾ ਯੋਗਦਾਨ ਜ਼ਰੂਰ ਪਾਉਣਾ ਚਾਹੀਦਾ ਹੈ ਜੋ ਅੱਜ ਸਮੇਂ ਦੀ ਅਹਿਮ ਲੋੜ ਹੈ।



# ਸਿਹਤ ਸੇਵਾਵਾਂ ਦੇ ਨਿੱਜੀਕਰਣ ਕਾਰਣ ਵੱਧ ਰਿਹਾ ਲੋਕਾਂ ਦਾ ਸ਼ੋਸਣ



ਜਿਸ ਦੇਸ਼ ਦੇ ਨਾਗਿਰਕ ਨੂੰ ਲੋੜ ਪੈਣ ਤੇ ਸਿਹਤ ਸੇਵਾਵਾਂ ਸਮੇਂ ਸਿਰ ਅਤੇ ਵਾਜਬ ਖਰਚ ਵਿੱਚ ਮਿਲ ਜਾਦੀਆਂ ਹਨ ਉਸ ਦੇਸ਼ ਦੇ ਨਾਗਿਰਕ ਦਾ ਆਪਣੇ ਦੇਸ਼ ਦੀਆਂ ਸਿਹਤ ਸੇਵਾਵਾਂ ਤੇ ਫਖਰ ਕਰਨਾ ਸੁਭਾਵਿਕ ਹੈ।ਪਰ ਜਿਸ ਦੇਸ਼ ਦੇ ਹਸਪਤਾਲਾਂ ਵਿੱਚ ਸੜਕਾਂ ਦੇ ਬਾਈਪਾਸ ਘੱਟ ਬਣਦੇ ਹੋਣ ਪਰ ਆਦਮੀ ਦੇ ਸ਼ਰੀਰ ਵਿੱਚ ਬਾਈਪਾਸ ਵੱਧ ਨਿਕਲ ਜਾਣ ਤਾਂ ਉਸ ਦੇਸ਼ ਦੇ ਨਾਗਿਰਕ ਦਾ ਫਿਕਰਮੰਦ ਹੋਣਾ ਸੁਭਾਵਿਕ ਹੈ।ਬਾਈਪਾਸ ਸਰਜਰੀ ਹੋਣ ਤੇ ਜਦੋਂ ਮਰੀਜ ਡਾਕਟਰ ਨੂੰ ਪੁੱਛਦਾ ਕਿ ਹੁਣ ਕੋਈ ਖਤਰਾ ਤਾਂ ਨਹੀ ਡਾਕਟਰ ਕਹਿੰਦਾ ਬੱਸ ਸਮੇਂ ਸਿਰ ਟੋਲ ਭਰਦੇ ਰਹਿਣਾ ਬਾਈਪਾਸ ਵਧੀਆ ਚੱਲੇਗਾ।

ਜਿਸ ਦੇਸ਼ ਵਿੱਚ ਸਿਹਤ ਸੇਵਾਵਾਂ ਦੇਣ ਵਾਲੇ ਡਾਕਟਰ ਦੇ ਅਜਿਹੇ ਸ਼ਬਦ ਸੁਣਨ ਨੂੰ ਮਿੱਲਣ ਤਾਂ ਉਸ ਦੇਸ਼ ਦੇ ਨਾਗਿਰਕ ਦਾ ਫਿਕਰਮੰਦ ਹੋਣਾ ਸੁਭਾਵਿਕ ਹੈ। ਅਤੇ ਉਹਨਾਂ ਦੇ ਸਟਾਫ ਵੱਲ ਲੋਕ ਸ਼ੱਕ ਦੀ ਨਜਰ ਨਾਲ ਦੇਖਣ ਤਾਂ ਉਹ ਨਾਗਿਰਕ ਦਾ ਫਿਕਰਮੰਦ ਹੋਣਾ ਵੀ ਜਾਇਜ ਹੈ।ਵਿਦੇਸ਼ਾ ਵਿੱਚ ਸਿਹਤ ਸੇਵਾਵਾਂ ਬਾਰੇ ਸੁਣਿਆ ਸੀ ਪਰ ਪਿਛਲੇ ਦਿਨੀ ਕਨੇਡਾ ਜਾਣ ਦਾ ਮੋਕਾ ਮਿਲਆ ਅਤੇ ਉਥੋਂ ਦੀਆਂ ਸਿਹਤ ਸੇਵਾਵਾਂ ਨੂੰ ਵੀ ਨੇੜੇ ਤੋਂ ਦੇਖਣ ਦਾ ਮੋਕਾ ਮਿਲਆ ਤਾਂ ਦੇਖਿਆ ਕਿ ਬੇਸ਼ਕ ਉਥੇ ਸਿਹਤ ਸੇਵਾਵਾਂ ਲਈ ਉਥੇ ਤਹਾਨੂੰ ਲੰਮਾ ਇੰਤਜਾਰ ਕਰਨਾ ਪੇ ਸਕਦਾ ਪਰ ਜੇਕਰ ਤਹਾਨੂੰ ਮੈਡੀਕਲ ਸਟਾਫ ਵੱਲੋਂ ਸਮਾਂ ਮਿਲ ਜਾਦਾਂ ਤਾਂ ਤੁਹਾਡਾ ਸਾਰਾ ਖਰਚਾ ਸਰਕਾਰ ਜਾਂ ਜੇ ਤੁਹਾਡਾ ਬੀਮਾ ਹੈ ਤਾਂ ਬੀਮਾ ਕੰਪਨੀਆਂ ਸਹਿਣ ਕਰਨਗੀਆਂ।ਡਾਕਟਰ ਵੱਲੋਂ ਮਰੀਜ ਨੂੰ ਦੇਖਣ ਤੋਂ ਬਾਅਦ ਉਸ ਨੂੰ ਕਿਸ ਟੈਸਟ ਦੀ ਜਰੂਰਤ ਹੈ ਕਿਸ ਦਵਾਈ ਦੀ ਜਰੂਰਤ ਹੈ ਇਸ ਬਾਰੇ ਮਰੀਜ ਨਾਲੋਂ ਹਸਪਤਾਲ ਜਿਆਦਾ ਫਿਕਰ ਕਰਦਾ।ਤੁਸੀ ਸਿਸਟਮ ਦੇਖਕੇ ਹੈਰਾਨ ਹੋ ਜਾਦੇ ਹੋ,ਵੱਡੇ ਵੱਡੇ ਹਸਪਤਾਲ ਦੇ ਬਾਹਰ ਕੋਈ ਵੀ ਦਵਾਈਆਂ ਦੀ ਦੁਕਾਨ ਨਹੀ।ਪਰ ਇਥੇ ਹਸਪਤਾਲ ਜਾਂ ਮੈਡੀਕਲ ਦੇ ਬਾਹਰ ਤਾਂ ਦੁਕਾਨਾਂ ਹੋਣਾ ਸਮਝ ਵਿੱਚ ਆਉਦਾਂ ਪਰ ਕਈ ਥਾਵਾਂ ਤੇ ਕੋਈ ਡਾਕਟਰ ਨਹੀ ਜਾਂ ਇੱਕ ਜਾਂ ਦੋ ਉਥੇ 10-10 ਦੁਕਾਨਾਂ ਹਨ।ਡਾਕਟਰ ਪਰਚੀ ਆਪਣੇ ਨਿਸ਼ਚਤ ਕੀਤੇ ਦਵਾਈਆਂ ਵਾਲੇ ਕੋਲ ਪਰਚੀ ਭੇਜਦੇ ਹਨ ਫੇਰ ਬਾਕੀ ਦੁਕਾਨਾਂ ਵਾਲੇ ਨਸ਼ੇ ਹੀ ਵੇਚਣਗੇ।ਮੈਂ ਇਹ ਗੱਲ ਕਿਊਬਕ ਮੌਂਟਰੀਅਲ ਦੀ ਕਰ ਰਿਹਾਂ ਬੇਸ਼ਕ ਬਾਕੀ ਸ਼ਹਿਰਾਂ ਜਿਵੇਂ ਬਰਿਮਪੈਟਨ,ਸਰੀ,ਵੈਨਕੋਵਰ ਆਦਿ ਜਿਥੇ ਭਾਰਤੀ ਜਿਆਦਾ ਹਨ ਉਥੇ ਪ੍ਰਾਈਵੇਟ ਡਾਕਟਰ ਵੀ ਹਨ ਪਰ ਕਿਊਬਕ ਵਿੱਚ ਨਹੀ।ਕੀ ਸਾਡੇ ਇਹ ਸਬ ਕੁਝ ਨਹੀ ਹੋ ਸਕਦਾ ਸਰਕਾਰਾਂ ਟੈਕਸ ਦੇ ਅਧਾਰ ਤੇ ਚੱਲਦੀਆਂ ਹਨ ਟੈਕਸ ਤਾਂ ਸਾਡਾ ਦੇਸ਼ ਵੀ ਲੈਂਦਾ ਫੇਰ ਅਸੀ ਮੁੱਫਤ ਸੇਵਾਵਾਂ ਕਿਉਂ ਨਹੀ ਦੇ ਸਕਦੇ।

ਪਰ ਸਾਡੇ ਰਾਜਨੀਤਕ ਲੋਕ ਆਪਣੇ ਵੋਟ ਬੈਂਕ ਲਈ ਮੁੱਫਤ ਮੁੱਫਤ ਤਾਂ ਵੰਡ ਸਕਦੇ ਪਰ ਜਰੂਰੀ ਸੇਵਾਵਾਂ ਹਰ ਵਿਅਕਤੀ ਲਈ ਨਹੀ ਕਰ ਸਕਦੇ।ਸਾਡੀ ਕਹਿਣੀ ਕਥਨੀ ਦਾ ਫਰਕ ਅਤੇ ਦੇਸ਼ ਪ੍ਰਤੀ ਸੋਚ ਸਾਨੂੰ ਪਿੱਛੇ ਲਿਜਾ ਰਹੀ ਹੈ। ਸਮਾਜ ਵਿੱਚ ਮੁੱਖ ਤੋਰ ਤੇ ਸਿਹਤ ਸੇਵਾਵਾਂ ਸਾਡੀ ਅਜਿਹੀ ਮੁੱਢਲੀ ਜਰੂਰਤ ਹੈ ਜੇਕਰ ਸਰਕਾਰਾਂ ਇਸ ਨੂੰ ਇਮਾਨਦਾਰੀ ਨਾਲ ਚਲਾਉਣ ਤਾਂ ਸਮਾਜ ਦਾ ਵਿਕਾਸ ਸਕਾਰਤਾਮਕ ਅਤੇ ਅਤੇ ਤੰਦਰੁਸਤ ਸਮਾਜ ਸਿਰਜਿਆ ਜਾ ਸਕਦਾ ਹੈ।ਦੇਸ਼ ਦੀ ਅਜਾਦੀ ਦੇ 77 ਸਾਲ ਬਾਅਦ ਤੱਕ ਵੀ ਅਸੀ ਸਿਹਤ ਸੇਵਾਵਾਂ ਨੂੰ ਇੰਝ ਚਲਾ ਰਹੇ ਹਾਂ ਜਿਵੇਂ ਸਾਨੂੰ ਦੇਸ਼ ਤੇ ਭਰੋਸਾ ਨਾ ਹੋਵੇ।ਇਸ ਵਿੱਚ ਕੋਈ ਸ਼ੱਕ ਨਹੀ ਕਿ ਅਸੀ ਲੋਕਤੰਤਰ ਵਿੱਚ ਰਹਿ ਰਹੇ ਹਾਂ ਜਿਸ ਵਿੱਚ ਹਰ ਪੰਜ ਸਾਲ ਬਾਅਦ ਚੋਣਾਂ ਹੁੰਦੀਆਂ ਨਵੀ ਸਰਕਾਰ ਦਾ ਗਠਨ ਹੁੰਦਾਂ।ਹਰ ਸਰਕਾਰ ਆਪਣੇ ਅੁਨਸਾਰ ਆਪਣੀ ਸ਼ਾਬਾਸ਼ ਖੱਟਣ ਲਈ ਆਪਣੇ ਅੁਨਸਾਰ ਸਿਹਤ ਸੇਵਾਵਾਂ ਦੀਆਂ ਯੋਜਨਾ ਬਣਾਉਦੀ ਹੈ।ਜਿਸ ਕਾਰਣ ਪਿਛਲੀ ਸਰਕਾਰ ਵੱਲੋਂ ਚੱਲ ਰਹੀ ਯੋਜਨਾ ਖੂਹ ਖਾਤੇ ਵਿੱਚ ਪਾ ਦਿੱਤੀ ਜਾਦੀ ਅਤੇ ਨਵੀ ਯੋਜਨਾ ਤੇ ਕੰਮ ਸ਼ੁਰੂ ਹੋ ਜਾਦਾਂ।ਚਾਹੀਦਾ ਇਹ ਹੈ ਕਿ ਸਿਹਤ,ਸਿਖਿਆ ਜਾਂ ਹੋਰ ਸੇਵਾਵਾਂ ਇੱਕ ਲਗਾਤਾਰ ਚੱਲਣ ਵਾਲਾ ਪ੍ਰੋਜੇਕਟ ਹੋਣਾ ਚਾਹੀਦਾ ਕਦੇ ਜਿਲ੍ਹਾ ਪ੍ਰੀਸ਼ਦ ਵਾਲੇ ਡਾਕਟਰ ਕਦੇ ਮਹੁੱਲਾ ਕਲੀਨਕ।ਜਦੋਂ ਸਿਹਤ ਸੇਾਵਾਂ ਦਾ ਬੁਰਾ ਹਾਲ ਹੋ ਜਾਦਾਂ ਲੋਕ ਰੋਲਾ ਪਾਉਦੇ ਤਾਂ ਰਾਜਨੀਤਕ ਲੋਕ ਆਪਣੀ ਨਲਾਇਕੀ ਛਪਾਉਣ ਲਈ ਡਾਕਟਰਾਂ ਅਤੇ ਪ੍ਰਬੰਧਕਾ ਤੇ ਸਾਰਾ ਨਜਲਾ ਝਾੜ ਦਿੰਦੇ ਜਦੋਂ ਕਿ ਸਾਰੇ ਹਲਾਤਾਂ ਦਾ ਪੱਤਾ ਉਹਨਾਂ ਨੂੰ ਵੀ ਹੁੰਦਾ।

ਵਿਸ਼ਵ ਸਿਹਤ ਸਗਠੰਨ ਵੀ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਹਿੱਤ ਫੰਡ ਖਰਚ ਕਰਦੀ ਪਰ ਉਹ ਪੈਸਾ ਵੀ ਕੇਂਦਰ ਸਰਕਾਰ ਵੱਲੋਂ ਗੈਰ ਸਰਕਾਰੀ ਸੰਸਥਾਵਾਂ ਰਾਂਹੀ ਖਰਚ ਕੀਤਾ ਜਾਦਾਂ ਅਤੇ ਕੇਵਲ ਗਤੀਵਿਧੀਆਂ ਨੂੰ ਕਾਗਜਾਂ ਵਿੱਚ ਹੀ ਸੀਮਤ ਕਰ ਦਿੱਤਾ ਜਾਦਾਂ ਜੇਕਰ ਇਸ ਵਿੱਚ ਜਾਂਚ ਕਰਵਾਈ ਜਾਵੇ ਤਾਂ ਵੱਡੇ ਵੱਡੇ ਘਪਲੇ ਬਾਹਰ ਆ ਸਕਦੇ ਹਨ।ਜਿਵੇਂ ਸੀਬੀਆਈ ਨੇ ਉਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਕੌਮੀ ਸਿਹਤ ਮਿਸ਼ਨ,ਏਡਜ,ਟੀਬੀ,ਅੰਨਾਪਣ ਰੋਕਣ ਹਿੱਤ ਅਤੇ ਦਿੰਵਆਂਗ ਵਿਅਕਤੀਆਂ ਲਈ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਸਕੀਮਾਂ ਵਿੱਚ ਕਰੋੜਾਂ ਰੁਪਏ ਦੇ ਘਪਲੇ ਦਾ ਪਰਦਾਫਾਸ਼ ਕੀਤਾ ਗਿਆ ਅਤੇ ਬਹੁਤ ਅਧਿਕਾਰੀ ਅਤੇ ਰਾਜਨੀਤਕ ਲੋਕ ਜੇਲ ਅੰਦਰ ਡੱਕੇ ਗਏ।

ਲੇਖਕ ਡਾ.ਸੰਦੀਪ ਘੰਡ
9478231000

ਕੁਝ ਸਿਹਤ ਸੇਵਾਵਾਂ ਨਾਲ ਜੁੜੇ ਬੁੱਧੀਜੀਵੀਆਂ ਦਾ ਕਹਿਣਾ ਹੈ ਸਿਹਤ ਸੇਵਾਵਾਂ ਪੂਰੀ ਤਰਾਂ ਰਾਜ ਸਰਕਾਰ ਦੇ ਅਧੀਨ ਹੋਣੀਆਂ ਚਾਹੀਦੀਆਂ ਪਰ ਜਿਵੇ ਅਸੀ ਜਾਣਦੇ ਹਾਂ ਕਿ ਰਾਜ ਸਰਕਾਰਾਂ ਕੋਲ ਵਿੱਤੀ ਸਾਧਨਾ ਦੀ ਘਾਟ ਹੁੰਦੀ ਇਸ ਲਈ ਕੇਂਦਰ ਸਰਕਾਰ ਨੂੰ ਉਸ ਰਾਜ ਦੀ ਜੰਨਸੰਖਿਆ ਅੁਨਸਾਰ ਵਿੱਤੀ ਸਾਧਨ ਮਹੁਈਆਂ ਕਰਵਾਉਣੇ ਚਾਹੀਦੇ ਹਨ।ਵਿਸ਼ਵ ਸਿਹਤ ਸਗੰਠਨ ਵੀ ਇਸ ਵਿੱਚ ਆਪਣਾ ਰੋਲ ਅਦਾ ਕਰਦੀ।ਜਿਵੇਂ ਅਸੀ ਇਸ ਵਾਰ ਕੋਵਿਡ ਸਮੇ ਦੇਖਿਆ ਕਿ ਪੰਜਾਬ ਦੇ ਲੋਕਾਂ ਨੇ ਆਪ ਅੱਗੇ ਹੋਕੇ ਆਪਣੀ ਜਿੰਦਗੀ ਦਾ ਰਿਸਕ ਲੈਂਦੇ ਹੋਏ ਲੋਕਾਂ ਦੀ ਦਵਾਈਆਂ ਟੈਸਟਾਂ,ਖਾਣਪੀਣ,ਆਕਸੀਜਨ ਸਲੈਡਰ ਅਤੇ ਇਥੋਂ ਤੱਕ ਕਿ ਡਾਕਟਰ ਲਈ ਪੀਪੀ ਕਿੱਟਾਂ ਮਾਸਕ ਦਾ ਵੀ ਪ੍ਰਬੰਧ ਕੀਤਾ।ਜੇਕਰ ਸਿਹਤ ਸੇਵਾਵਾਂ ਦੀ ਗੱਲ ਕਰੀਏ ਤਾਂ ਅਸੀ ਦੇਖਦੇ ਹਾਂ ਕਿ ਸਰਕਾਰੀ ਪੱਧਰ ਅਤੇ ਵਿਸ਼ਵ ਸਿਹਤ ਸਗੰਠਨ ਤੋਂ ਇਲਾਵਾ ਉਹ ਬਹੁਕਰੋੜੀ ਹਸਪਤਾਲ ਵੀ ਸ਼ਾਮਲ ਹਨ ਜਿਸ ਲਈ ਸਰਕਾਰਾਂ ਵੱਲੋਂ ਹਸਪਤਾਲ ਨੂੰ ਜਮੀਨਾਂ ਕੋਡੀਆਂ ਦੇ ਭਾਅ ਅਤੇ ਮੁੱਫਤ ਦਿੱਤੀ ਗਈ।ਪਰ ਹੁਣ ਉਹ ਹਰ ਪੱਖੋਂ ਲੋਕਾਂ ਦਾ ਸ਼ੋਸਣ ਕਰਦੇ ਹਨ ਅਤੇ ਉਹਨਾਂ ਦਾ ਇਲਾਜ ਗਰੀਬ ਇਥੋਂ ਤੱਕ ਕਿ ਮੱਧਵਰਗੀ ਪ੍ਰੀਵਾਰਾਂ ਦੀ ਪਹੁੰਚ ਤੋਂ ਬਾਹਰ ਹੈ।ਉਹ ਪ੍ਰਾਈਵੇਟ ਹਸਪਤਾਲ ਦੇ ਅੰਦਰ ਜਾਕੇ ਤੁਸੀ ਜਦੋਂ ਦੇਖਦੇ ਹੋ ਤਾਂ ਉਹ ਹਸਪਤਾਲ ਨਾਲੋਂ ਫਾਈਵ ਸਟਾਰ ਹੋਟਲ ਵੱਧ ਲੱਗਦੇ ਹਨ।ਇਹਨਾਂ ਹਸਪਤਾਲਾਂ ਦੇ ਮੁੱਖੀ ਜਾਂ ਮਾਲਕ ਰਾਜਨੀਤਕ ਲੋਕ ਜਾਂ ਵੱਡੇ ਵੱਡੇ ਸਰਮਾਏਦਾਰ ਲੋਕ ਹਨ ਜਿੰਨਾ ਦਾ ਮੈਡੀਕਲ ਨਾਲ ਕੋਈ ਸਬੰਧ ਨਹੀ ਅਤੇ ਡਾਕਟਰਾਂ ਨੂੰ ਵੱਡੇ ਵੱਡੇ ਪੈਕਜ ਦਿੱਤੇ ਗਏ ਹਨ।ਜਿਸ ਕਾਰਣ ਗਰੀਬ ਵਿਅਕਤੀਆਂ ਕੋਲ ਕੇਵਲ ਸਰਕਾਰੀ ਹਸਪਤਾਲ ਦੀ ਹੀ ਆਪਸ਼ਨ ਹੁੰਦੀ ਅਤੇ ਸਰਕਾਰੀ ਹਸਪਤਾਲ ਵਿੱਚ ਭੀੜ ਭੜੱਕੇ ਅਤੇ ਸਾਫ ਸਫਾਈ ਦੇ ਪ੍ਰਬੰਧ ਨੂੰ ਦੇਖ ਕੇ ਹੀ ਅੱਧੇ ਮਰੀਜ ਆਪਣੇ ਆਪ ਨੂੰ ਮਰਿਆ ਸਮਝਣ ਲੱਗ ਜਾਦੇਂ।ਇਹਨਾਂ ਹਸਪਤਾਲਾਂ ਦਾ ਇਲਾਜ ਵੀ ਵੀ.ਆਈ.ਪੀ ਅਤੇ ਅਜਿਹਾ ਹੁੰਦਾ ਜਿਸ ਨੂੰ ਸੁਣ ਕੇ ਲੱਗਦਾ ਕਿ ਜਿਵੇਂ ਇਹਨਾਂ ਦੀ ਜਮੀਰ ਬਿਲਕੁੱਲ ਮਰ ਗਈ ਹੋਵੇ

ਹੁਣ ਲੋਕਾਂ ਕੋਲ ਕੇਵਲ ਉਹ ਪ੍ਰਾਈਵੇਟ ਡਾਕਟਰ ਹਨ ਜਿੰਨਾਂ ਨੇ ਆਪ ਆਪਣੇ ਸਾਧਨਾ ਨਾਲ ਡਾਕਟਰੀ ਦੀ ਪੜਾਈ ਪੂਰੀ ਕੀਤੀ ਅਤੇ ਹੁਣ ਉਹ ਆਪਣੇ ਹਸਪਤਾਲਾਂ ਵਿੱਚ ਮਰੀਜਾਂ ਦਾ ਇਲਾਜ ਕਰ ਰਹੇ ਹਨ।ਪਰ ਉਹ ਕਿਸ ਮਾਨਸਿਕ ਪੀੜਾ ਵਿੱਚੋਂ ਲੰਘ ਰਹੇ ਹਨ ਉਸ ਬਾਰੇ ਦੇਖਿਆ ਜਾਵੇ ਤਾਂ ਉਹ ਬੇਸ਼ਕ ਪੜਾਈ ਕਰਕੇ ਡਾਕਟਰ ਬਣ ਗਏ ਹਨ ਪਰ ਸਿਸਟਮ ਨੇ ਉਹਨਾਂ ਨੂੰ ਬਹੁਤ ਵੱਡਾ ਮਰੀਜ ਬਣਾਕੇ ਰੱਖਦਿੱਤਾ ਹੈ।ਪਹਿਲਾਂ ਤਾਂ ਪਲੱਸ ਟੂ ਮੈਡੀਕਲ ਕਰਨ ਤੋਂ ਬਾਅਦ ਨੀਟ ਦੀ ਪ੍ਰੀਖਿਆ ਉਸ ਤੋਂ ਬਾਅਦ ਲੱਖਾਂ ਦੀ ਡੋਨੇਸ਼ਨ ਦੇਕੇ ਦਾਖਲਾ,ਪ੍ਰਾਈਵੇਟ ਕਾਲਜਾਂ ਦੀ ਹਰ ਸਾਲ ਲੱਖਾਂ ਦੀ ਫੀਸ ਅਤੇ ਡਾਕਟਰ ਦੀ ਪੂਰੀ ਕਰਨ ਵਿੱਚ ਦਸ ਸਾਲ ਦਾ ਸਮਾਂ।ਹੁਣ ਅੰਦਾਜਾ ਲਾਇਆ ਜਾ ਸਕਦਾ ਕਿ ਉਹ ਵਿਅਕਤੀ ਜਿਸ ਨੇ ਕਕਰੋੜਾ ਰੁਪਏ ਖਰਚ ਕਰਕੇ ਪੜਾਈ ਕੀਤੀ ਅਤਟ ਫੇਰ ਬੈਂਕ ਤੋ ਕਰੋੜਾਂ ਦਾ ਲੋਨ ਲੇਕੇ ਹਸਪਤਾਲ ਖੋਲਿਆ।ਹੁਣ ਉਹ ਵਿਅਕਤੀ ਬੈਂਕ ਦੇ ਲੋਨ ਦੀ ਕਿਸ਼ਤ ਵੱਲ ਦੇਖੇ,ਮਾਪਿਆਂ ਵੱਲੋਂ ਲੋਕਾਂ ਤੋਂ ਮੰਗਕੇ ਜਾਂ ਬੈਂਕ ਤੋ ਲੋਨ ਲਿਆ ਦੀ ਕਿਸ਼ਤ,ਹਸਪਤਾਲ ਦੇ ਖਰਚਿਆਂ ਨੂੰ ਦੇਖੇ ਜਾਂ ਆਪਣੀ ਜਮੀਰ ਨੂੰ ।ਇੱਕ ਡਾਕਟਰ ਬਣਦੇ ਬਣਦੇ ਵਿਅਕਤੀ ਦੀ ਅੱਧੀ ਤੋਂ ਵੱਧ ਜਿੰਦਗੀ ਲੰਘ ਜਾਦੀ।ਇਸ ਲਈ ਸਰਕਾਰਾਂ ਨੂੰ ਚਾਹੀਦਾ ਕਿ ਘੱਟ ਤੋਂ ਘੱਟ ਸਿਹਤ ਸੇਵਾਵਾਂ ਨੂੰ ਲੋਕਾਂ ਦੀ ਮੁੱਢਲੀ ਜਰੂਰਤ ਮੰਨਦੇ ਹੋਏ ਇਸ ਵੱਲ ਧਿਆਨ ਦੇਵੇ।ਸਰਕਾਰਾਂ ਨੂੰ ਮੁੱਫਤ ਬਿੱਜਲੀ,ਆਟਾ ਦਾਲ ਦੇਣ ਦੀ ਬਜਾਏ ਸਿਹਤ ਸੇਵਾਵਾਂ ਅਜਿਹੀਆਂ ਜਰੂਰ ਹੋਣ ਜੋ ਲੋਕਾਂ ਦੀ ਪਹੁੰਚ ਵਿੱਚ ਹੋਣ।ਪਰ ਸਰਕਾਰਾਂ ਨੂੰ ਆਪਣੇ ਵੋਟ ਬੈਂਕ ਲਈ ਅਜਿਹੀਆਂ ਮੁੱਫਤ ਦੀ ਰਿਊੜੀਆਂ ਵੰਡਣ ਦੀ ਬਜਾਏ ਸਿਹਤ ਅਤੇ ਸਿੱਖਿਆ ਸੇਵਾਵਾਂ ਦੇ ਨਾਲ ਸੀਮਤ ਰੋਜਗਾਰ ਦੇ ਸਾਧਨ ਜਰੂਰ ਮਹੁੱਈਆਂ ਕਰਵਾਏ ਜਾਣ।ਸਰਕਾਰੀ ਸਿਹਤ ਸੇਵਾਵਾਂ ਵਿੱਚ ਸੁਧਾਰ ਕੀਤਾ ਜਾਵੇ ਮੈਡੀਕਲ ਕਾਲਜਾਂ ਵਿੱਚ ਡਾਕਟਰ ਦੀ ਪੜਾਈ ਕਰਨ ਲਈ ਜੀਰੋ ਡੋਨੇਸ਼ਨ ਅਤੇ ਬਿਲਕੁਲ ਸੀਮਤ ਫੀਸ ਕੀਤੀ ਜਾਵੇ ਅਤੇ ਹਰ ਡਾਕਟਰ ਦੀ ਪੜਾਈ ਕਰਨ ਤੋਂ ਬਾਅਦ ਉਹ ਸਰਕਾਰੀ ਹਸਪਤਾਲ ਵਿੱਚ ਪਹਿਲੇ ਪੰਜ ਸਾਲ ਦਾ ਸਮਾਂ ਜਰੂਰ ਲਾਵੇ।ਸਰਕਾਰੀ ਹਸਪਤਾਲਾਂ ਦੀ ਦਿੱਖ ਸੁਧਾਰੀ ਜਾਵੇ ਸਾਫ ਸਫਾਈ ਅਤੇ ਹੋਰ ਪ੍ਰਬੰਧ ਠੀਕ ਕੀਤੇ ਜਾਣ।ਲੋਕਾਂ ਦਾ ਵਿਸ਼ਵਾਸ ਬਣਾਉਣ ਹਿੱਤ ਸਾਰੇ ਰਾਜਨੀਤਕ ਅਫਸਰ ਅਤੇ ਸਰਕਾਰੀ ਅਧਿਕਾਰੀਆਂ ਨੂੰ ਕਿਹਾ ਜਾਵੇ ਕਿ ਉਹ ਆਪਣਾ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਕਰਵਾਉਣ।ਜੇਕਰ ਸਾਡੀਆਂ ਸਰਕਾਰਾਂ ਸਿਹਤ ਅਤੇ ਸਿੱਖਿਆ ਵਰਗੀਆਂ ਮੁੱਢਲੀਆਂ ਦੋ ਜਰੂਰਤਾਂ ਨੂੰ ਸੁਧਾਰ ਲਿਆ ਦੇਵੇ ਤਾਂ ਸਾਡੇ ਦੇਸ਼ ਦਾ ਨਾਗਰਿਕ ਪੂਰਨ ਸਿੱਖਿਅਤ ਹੋਣ ਦੇ ਨਾਲ ਨਾਲ ਪੂਰਨ ਤੰਦਰੁਸਤ ਅਤੇ ਜਾਗਰੂਕ ਹੋਵੇਗਾ।ਜਿਸ ਨਾਲ ਉਹ ਦੇਸ਼ ਦੇ ਸਮਾਜਿਕ,ਰਾਜਨੀਤਕ ਅਤੇ ਆਰਿਥਕ ਵਿਕਾਸ ਵਿੱਚ ਆਪਣਾ ਵੱਡਮੁੱਲਾਂ ਯੋਗਦਾਨ ਪਾ ਸਕਦਾ।

## ਤੰਗੀ ਅਤੇ ਤਣਾਓ

ਆਮ ਤੌਰ ਉਤੇ ਮੰਨਿਆ ਜਾਂਦਾ ਹੈ ਕਿ ਕੋਈ ਵਿਅਕਤੀ ਜ਼ਰੂਰਤ ਤੋਂ ਜ਼ਿਆਦਾ ਭਾਵਨਾਤਮਕ ਦਬਾਅ ਦੀ ਹਾਲਤ ਵਿੱਚ ਕਈ ਵਾਰ ਖੁਦ ਨੂੰ ਨਹੀਂ ਸੰਭਾਲ ਪਾਉਂਦਾ ਹੈ ਅਤੇ ਮੌਤ ਨੂੰ ਗਲੇ ਲਗਾ ਲੈਂਦਾ ਹੈ। ਅਜਿਹੀਆਂ ਮੌਤਾਂ ਨੂੰ ਅਕਸਰ ਪ੍ਰਤੱਖ ਕਾਰਨਾਂ ਦੇ ਨਤੀਜੇ ਤੱਕ ਸੀਮਤ ਕਰਕੇ ਦੇਖਿਆ ਜਾਂਦਾ ਰਿਹਾ ਹੈ ਪਰ ਜੇਕਰ ਆਤਮਹੱਤਿਆ ਦੀਆਂ ਘਟਨਾਵਾਂ ਵਿੱਚ ਅਚਾਨਕ ਵਾਧਾ ਹੋਣ ਲੱਗੇ ਤਾਂ ਇਹ ਕਿਸੇ ਦੇ ਲਈ ਵੀ ਚਿੰਤਾ ਦੀ ਗੱਲ ਹੋਣੀ ਚਾਹੀਦੀ ਹੈ। ਖਾਸ ਕਰਕੇ ਜਦੋਂ ਕਿਸੇ ਵਿਅਕਤੀ ਨੂੰ ਸਰਕਾਰੀ ਨੀਤੀਆਂ ਤੋਂ ਉਪਜੇ ਹਾਲਾਤ ਦੇ ਕਾਰਨ ਖੁਦਕੁਸ਼ੀ ਕਰਨ ਦੇ ਇਲਾਵਾ ਕੋਈ ਬਦਲ ਦਿਸਣਾ ਬੰਦ ਹੋ ਜਾਂਦਾ ਹੈ। ਉਂਝ ਕਮੀ ਜਾਂ ਹੋਰ ਕਈ ਕਾਰਨਾਂ ਕਰਕੇ ਲੋਕਾਂ ਦੀਆਂ ਖੁਦਕੁਸ਼ੀਆਂ ਦੀਆਂ ਘਟਨਾਵਾਂ ਨਵੀਆਂ ਨਹੀਂ ਹਨ ਅਤੇ ਖਾਸ ਕਰਕੇ ਪਿਛਲੇ ਕਈ ਸਾਲਾਂ ਤੋਂ ਕਰਜ਼ੇ ਵਿੱਚ ਡੁੱਬੇ ਕਿਸਾਨਾਂ ਦੀ ਗਿਣਤੀ ਵਿੱਚ ਆਤਮਹੱਤਿਆ ਦੇ ਆਂਕੜਿਆਂ ਨੇ ਇਸ ਸਮੱਸਿਆ ਦੇ ਵਿਆਪਕ ਪਰਿਪੇਖ ਉਤੇ ਸੋਚਣ ਉਤੇ ਮਜਬੂਰ ਕੀਤਾ ਹੈ। ਇਸ ਦੇ ਬਾਵਜੂਦ ਸਰਕਾਰ ਵਲੋਂ ਅਜਿਹੀਆਂ ਨੀਤੀਆਂ ਬਣਾਉਣ ਦੀ ਦਿਸ਼ਾ ਵਿੱਚ ਕੋਈ ਇਮਾਨਦਾਰ ਪਹਿਲ ਨਹੀਂ ਹੋਈ, ਤਾਂਕਿ ਕਿਸੇ ਵਿਅਕਤੀ ਦੇ ਸਾਹਮਣੇ ਖੁਦਕੁਸ਼ੀ ਦੀ ਨੌਬਤ ਨਾ ਆਵੇ। ਇਹ ਬੇਵਜ੍ਹਾ ਨਹੀਂ ਹੈ ਕਿ ਅੱਜ ਆਰਥਿਕ ਤੰਗੀ ਦਾ ਫੰਦਾ ਇਸ ਕਦਰ ਕਸ ਰਿਹਾ ਹੈ ਕਿ ਕਈ ਲੋਕ ਆਪਣੇ ਜੀਵਨ ਤੋਂ ਹਾਰ ਰਹੇ ਹਨ। ਇਸ ਮਸਲੇ ਉਤੇ ਸੰਸਦ ਵਿੱਚ ਸਰਕਾਰ ਨੇ ਜੋ ਤਸਵੀਰ ਪੇਸ਼ ਕੀਤੀ, ਉਹ ਇਹ ਦੱਸਣ ਲਈ ਕਾਫੀ ਹੈ ਕਿ ਜਿਸ ਖੇਤਰ ਵਿੱਚ ਸਰਕਾਰ ਨੀਤੀਗਤ ਅਤੇ ਅਮਲ ਦੇ ਪੱਧਰ ਉਤੇ ਕੁਝ ਠੋਸ ਕਦਮ ਚੁੱਕ ਕੇ ਆਤਮਹੱਤਿਆ ਦੇ ਜਟਿਲ ਮਸਲੇ ਦਾ ਹੱਲ ਕੱਢ ਸਕਦੀ ਸੀ ਜਾਂ ਇਸ ਦੀ ਤੀਬਰਤਾ ਘਟ ਕਰ ਸਕਦੀ ਸੀ ਉਸ ਵਿੱਚ ਵੀ ਕੁਝ ਨਹੀਂ ਕੀਤਾ ਗਿਆ ਬਲਕਿ ਪਿਛਲੇ ਦੋ-ਢਾਈ ਸਾਲਾਂ ਦੇ ਦੌਰਾਨ ਮਹਾਂਮਾਰੀ ਜਾਂ ਹੋਰ ਕਈ ਕਾਰਨਾਂ ਕਦੇ ਕਰਜ਼ਾ ਅਤੇ ਬੇਰੁਜ਼ਗਾਰੀ ਦਾ ਜੋ ਸੰਕਟ ਖੜ੍ਹਾ ਹੋਇਆ, ਉਸ ਵਿੱਚ ਫਸ ਕੇ ਬਹੁਤ ਸਾਰੇ ਲੋਕਾਂ ਦਾ ਧੀਰਜ ਜਵਾਬ ਦੇ ਗਿਆ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਹਵਾਲੇ ਤੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਨੇ ਰਾਜ ਸਭਾ ਵਿੱਚ ਦੱਸਿਆ ਕਿ ਬੀਤੇ ਤਿੰਨ ਸਾਲਾਂ ਦੇ ਦੌਰਾਨ ਬੇਰੁਜ਼ਗਾਰੀ ਅਤੇ ਕਰਜ਼ੇ ਵਿੱਚ ਡੁੱਬੇ ਹੋਣ ਦੇ ਕਾਰਨ 25 ਹਜ਼ਾਰ ਤੋਂ ਉਪਰ ਲੋਕਾਂ ਨੇ ਆਤਮਹੱਤਿਆ ਕਰ ਲਈ। ਇਸ ਆਂਕੜੇ ਦੇ ਮੁਤਾਬਿਕ ਬੇਰੁਜ਼ਗਾਰੀ ਨਾਲ ਜੂਝਦੇ ਹੋਏ ਕਰੀਬ ਨੌਂ ਹਜ਼ਾਰ ਅਤੇ ਕਰਜ਼ੇ ਦੇ ਜਾਲ ਵਿੱਚ ਫਸ ਕੇ ਦਿਵਾਲੀਆ ਹੋ ਜਾਣ ਦੇ ਕਾਰਨ ਸੋਲਾਂ ਹਜ਼ਾਰ ਤੋਂ ਉਪਰ ਲੋਕਾਂ ਨੇ ਜਾਨ ਦੇ ਦਿੱਤੀ। ਪਿਛਲੇ ਦੋ ਸਾਲਾਂ ਵਿੱਚ ਆਤਮਹੱਤਿਆ ਕਰਨ ਵਾਲੇ ਲੋਕਾਂ ਦੀ ਕੁਲ ਗਿਣਤੀ ਕਰੀਬ ਤਿੰਨ ਲੱਖ ਸੀ। ਵਰਨਣਯੋਗ ਇਹ ਹੈ ਕਿ ਕੋਰੋਨਾ ਦੇ ਮੱਦੇਨਜ਼ਰ ਸਰਕਾਰ ਨੇ ਪੂਰਨਬੰਦੀ ਲਗਾ ਦਿੱਤੀ ਸੀ, ਜੋ ਹੁਣ ਵੀ ਕਈ ਥਾਵਾਂ ਉਤੇ ਸਮੇਂ-ਸਮੇਂ ਉਤੇ ਲਗਾਈ ਜਾਂਦੀ ਹੈ। ਇਸ ਦਾ ਸਭ ਤੋਂ ਜ਼ਿਆਦਾ ਅਸਰ ਉਹੋ ਜਿਹੇ ਲੋਕਾਂ ਉਤੇ ਪਿਆ ਜੋ ਗੁਜ਼ਾਰੇ ਦੇ ਲਈ ਦਿਹਾੜੀ ਜਾਂ ਫਿਰ ਨੌਕਰੀ ਉਤੇ ਨਿਰਭਰ ਹਨ। ਜਿਨ੍ਹਾਂ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਖੋਹੀ ਗਈ, ਉਨ੍ਹਾਂ ਵਿੱਚ ਬਹੁਤਿਆਂ ਦੇ ਸਾਹਮਣੇ ਜ਼ਿੰਦਾ ਰਹਿਣ ਦੇ ਲਈ ਘੱਟੋ-ਘੱਟ ਖਰਚ ਹਾਸਲ ਕਰ ਸਕਣਾ ਵੀ ਆਸਾਨ ਨਹੀਂ ਰਿਹਾ। ਇਸ ਤਰ੍ਹਾਂ ਬਹੁਤ ਸਾਰੇ ਲੋਕ ਕਰਜ਼ੇ ਦੇ ਜਾਲ ਵਿੱਚ ਫਸੇ ਅਤੇ ਇਸ ਦੇ ਬਾਅਦ ਆਮਦਨੀ ਬੰਦ ਹੋਣ ਦੇ ਚਲਦਿਆਂ ਉਸ ਨੂੰ ਚੁਕਾਉਣ ਲਾਇਕ ਨਹੀਂ ਰਹੇ। ਸਿਰਫ ਇਨ੍ਹਾਂ ਦੋ ਕਾਰਨਾਂ ਕਾਰਨ ਪੈਦਾ ਮਜਬੂਰੀ ਅਤੇ ਫਿਰ ਦਬਾਅ ਨੂੰ 25 ਹਜ਼ਾਰ ਤੋਂ ਜ਼ਿਆਦਾ ਲੋਕ ਸਹਿ ਨਹੀਂ ਸਕੇ ਅਤੇ ਖੁਦਕੁਸ਼ੀ ਨੂੰ ਹੱਲ ਮੰਨ ਲਿਆ। ਨਿਸ਼ਚਿਤ ਰੂਪ ਵਿੱਚ ਆਤਮਹੱਤਿਆ ਕਿਸੇ ਵੀ ਹਾਲ ਵਿੱਚ ਸਮੱਸਿਆ ਦਾ ਹੱਲ ਨਹੀਂ ਹੋ ਸਕਦੀ। ਪੀੜਤ ਵਿਅਕਤੀ ਦੀ ਸਥਿਤੀ ਅਤੇ ਉਸ ਤੋਂ ਉਪਜੇ ਦਬਾਅ ਦੇ ਸਮਾਂਤਰ ਵਿਵਸਥਾਗਤ ਪੱਧਰ ਉਤੇ ਇਸ ਦੇ ਕਾਰਨਾਂ ਦਾ ਵਿਸਥਾਰ ਸਰਕਾਰ ਦੀਆਂ ਨੀਤੀਆਂ ਤੱਕ ਹੁੰਦਾ ਹੈ। ਸੱਚ ਇਹ ਹੈ ਕਿ ਆਤਮਹੱਤਿਆ ਅਜਿਹੀਆਂ ਮੌਤਾਂ ਹਨ, ਜਿਨ੍ਹਾਂ ਤੋਂ ਬੱਚਿਆ ਜਾ ਸਕਦਾ ਹੈ। ਪਰ ਇਹ ਸਰਕਾਰ ਦੀ ਦ੍ਰਿਸ਼ਟੀ ਅਤੇ ਇੱਛਾਸ਼ਕਤੀ ਉਤੇ ਨਿਰਭਰ ਹੈ ਕਿ ਉਹ ਕਿਸ ਤਰ੍ਹਾਂ ਦੀਆਂ ਸਮਾਜਿਕ ਵਿਕਾਸ ਨੀਤੀਆਂ ਉਤੇ ਅਮਲ ਕਰਦੀ ਹੈ।

# ਅਮਰੀਕਾ-ਈਰਾਨ ਜੰਗਬੰਦੀ: ਤੇਲ, ਤਾਕਤ ਅਤੇ ਇੱਕ ਨਾਜ਼ੁਕ ਸ਼ਾਂਤੀ

ਵਾਸ਼ਿੰਗਟਨ ਅਤੇ ਤੇਹਰਾਨ ਵਿਚਕਾਰ ਟਕਰਾਅ ਨੇ ਗਲਫ਼ ਤੋਂ ਬਾਹਰਲੇ ਦੇਸ਼ਾਂ ਦੇ ਸ਼ੇਅਰ ਬਾਜ਼ਾਰਾਂ, ਜਹਾਜ਼ ਰਵਾਨਗੀ ਦਰਾਂ ਅਤੇ ਈਂਧਨ ਦੇ ਖਰਚਿਆਂ ਨੂੰ ਹਿਲਾ ਦਿੱਤਾ। ਇਸ ਦੀ ਵਜ ?ਹਾ ਸਪਸ਼ਟ ਸੀ। ਜੂਨ 2026 ਦਾ ਸੰਕਟ ਦੁਨੀਆ ਦੀ ਤੇਲ-ਧਾਰਾ, ਇਜ਼ਰਾਈਲ ਦੀ ਸੁਰੱਖਿਆ ਚਿੰਤਾ ਅਤੇ ਮੱਧ ਪੂਰਬ ਦੇ ਸਭ ਤੋਂ ਪੁਰਾਣੇ ਅਣਸੁੱਲਝੇ ਪਰਮਾਣੂ ਮਸਲੇ ਨਾਲ ਇਕੱਠੇ ਜੁੜ ਗਿਆ ਸੀ।




ਅਮਰੀਕਾ ਅਤੇ ਇਰਾਨ, ਇਜ਼ਰਾਈਲ ਦੀ ਤਣਾਅ ਭਰੀ ਨਿਗਰਾਨੀ ਦੇ ਵਿਚਕਾਰ, ਹੁਣ ਇੱਕ ਰਿਪੋਰਟ ਕੀਤੇ ਅੰਤਰਿਮ ਸਮਝੌਤੇ ਵੱਲ ਵਧੇ ਹਨ, ਖੁੱਲ੍ਹੇ ਹਮਲੇ ਵੱਲ ਨਹੀਂ। ਸਮੇਂ ਦੀ ਚੋਣ ਵੀ ਅਹਿਮ ਸੀ, ਕਿਉਂਕਿ ਹੋਰਮੁਜ਼ ਦੀ ਖਾੜੀ ਅਤੇ ਇਰਾਨ ਦੀ ਪਰਮਾਣੂ ਫਾਈਲ ਹੁਣ ਇਕੋ ਰਾਜਨੀਤਕ ਤੂਫ਼ਾਨ ਵਿੱਚ ਫਸੀ ਹੋਈ ਹੈ। ਰੁਕਾਵਟ ਸੱਚੀ ਹੈ, ਪਰ ਇਸ ਨੂੰ ਸ਼ਾਂਤੀ ਕਹਿਣਾ ਜਲਦਬਾਜ਼ੀ ਹੋਵੇਗੀ।

ਅਮਰੀਕਾ-ਇਰਾਨ ਟਕਰਾਅ ਦੀ ਸਭ ਤੋਂ ਚੌਂਕਾਉਣ ਵਾਲੀ ਗੱਲ ਇਹ ਸੀ ਕਿ ਜਦੋਂ ਤੇਲ, ਮਿਸ਼ਾਈਲਾਂ ਅਤੇ ਇਜ਼ਰਾਈਲੀ ਸੁਰੱਖਿਆ ਨੂੰ ਇਕੋ ਫਰੇਮ ਵਿੱਚ ਰੱਖਿਆ ਗਿਆ, ਤਾਂ ਇਹ ਸਥਾਨਕ ਝਗੜਾ ਨਹੀਂ ਰਹਿ ਗਿਆ। ਇਹ ਸਿਰਫ਼ ਕੂਟਨੀਤੀ ਦਾ ਵਿਵਾਦ ਨਹੀਂ ਸੀ, ਇਹ ਇਸ ਗੱਲ ਦੀ ਪਰਖ ਸੀ ਕਿ ਕੀ ਮੱਧ ਪੂਰਬ ਦੀਆਂ ਪੁਰਾਣੀਆਂ ਦਰਾਰਾਂ ਇਕ ਵੱਡਾ ਆਰਥਿਕ ਧੱਕਾ ਪੈਦਾ ਕਰ ਸਕਦੀਆਂ ਹਨ।

ਵਾਸ਼ਿੰਗਟਨ ਅਤੇ ਤਲ ਅਵੀਵ ਲੰਮੇ ਸਮੇਂ ਤੋਂ ਇਰਾਨ ਦੇ ਪਰਮਾਣੂ ਕਾਰਜਕ੍ਰਮ ਨੂੰ ਤਕਨੀਕੀ ਚੁਣੌਤੀ ਤੋਂ ਵੱਧ ਸਮਝਦੇ ਆਏ ਹਨ। ਤੇਹਰਾਨ ਕਹਿੰਦਾ ਹੈ ਕਿ ਉਹ ਨਾਗਰਿਕ ਪਰਮਾਣੂ ਸਮਰੱਥਾ ਚਾਹੁੰਦਾ ਹੈ ਅਤੇ ਬੰਬ ਨਹੀਂ ਬਣਾਉਣਾ ਚਾਹੁੰਦਾ। ਪਰ ਅਮਰੀਕਾ ਅਤੇ ਇਜ਼ਰਾਈਲ ਇਨ੍ਹਾਂ ਹੀ ਸਹੂਲਤਾਂ ਨੂੰ ਵੇਖ ਕੇ ਇਹ ਨਤੀਜਾ ਕੱਢਦੇ ਹਨ ਕਿ ਰਾਜ ਆਪਣੇ ਲਈ ਚੋਣ ਖੁੱਲ੍ਹੀ ਰੱਖਣਾ ਚਾਹੁੰਦਾ ਹੈ, ਉਸ ਕੋਲ ਕਾਫ਼ੀ ਇਕੱਠਾ ਕੀਤਾ ਹੋਇਆ ਪਦਾਰਥ ਅਤੇ ਉਹ ਮਹਾਰਤ ਹੈ ਜੋ ਨੇਤਾਵਾਂ ਦੇ ਹੁਕਮ ਮਿਲਣ ਤੇ ਹਥਿਆਰ ਬਣਾਉਣ ਵਾਲਾ ਰਸਤਾ ਛੋਟਾ ਕਰ ਸਕਦੀ ਹੈ। ਇਹ ਡਰ ਮਿਸ਼ਾਈਲ ਤਾਕਤ ਨਾਲ ਹੋਰ ਵੀ ਔਖਾ ਬਣ ਜਾਂਦਾ ਹੈ। ਇਰਾਨ ਨੂੰ ਆਪਣੇ ਵਿਰੋਧੀਆਂ ਨੂੰ ਹਿਲਾਉਣ ਲਈ ਤਿਆਰ ਪਰਮਾਣੂ ਹਥਿਆਰ ਦੀ ਲੋੜ ਨਹੀਂ, ਉਸ ਦੀਆਂ ਬੈਲਿਸਟਿਕ ਮਿਸ਼ਾਈਲਾਂ, ਡਰੋਨ ਅਤੇ ਸਾਥੀ ਮਿਲੀਸ਼ੀਆ ਪਹਿਲਾਂ ਹੀ ਉਸਨੂੰ ਇਲਾਕੇ ਭਰ ਵਿੱਚ ਪ੍ਰਭਾਵ ਦਿੰਦੀਆਂ ਹਨ। ਇਸੇ ਕਰਕੇ ਇਹ ਮਾਮਲਾ ਕਦੇ ਵੀ ਸਿਰਫ਼ ਕਾਰਵਾਈ ਦੇ ਅਧੀਨ ਬਾਰੇ ਨਹੀਂ ਸੀ।

ਵਾਸ਼ਿੰਗਟਨ ਲਈ ਚਿੰਤਾ ਰੋਕਥਾਮ ਅਤੇ ਖੇਤਰੀ ਕ੍ਰਮ ਦੀ ਹੈ। ਇਜ਼ਰਾਈਲ ਲਈ ਗੱਲ ਬਚਾਅ ਦੀ ਹੈ, ਇੱਕ ਅਜਿਹੇ ਵਿਰੋਧੀ ਦੇ ਸਾਹਮਣੇ ਜੋ ਮਿਸ਼ਾਈਲ, ਡਰੋਨ ਜਾਂ ਪਰੋਕਸੀ ਰਾਹੀਂ ਨਿਸ਼ਾਨਾ ਲਾ ਸਕਦਾ ਹੈ। 2026 ਦਾ ਸੰਕਟ ਪਹਿਲਾਂ ਹੀ ਸੁੱਕੀ ਜ਼ਮੀਨ ਉੱਤੇ ਆਇਆ ਸੀ। ਗਾਜ਼ਾ ਨੇ ਖੇਤਰ ਨੂੰ ਤਣਾਅ ਵਿੱਚ ਰੱਖਿਆ ਹੋਇਆ ਸੀ, ਲੈਬਨਾਨ ਅਤੇ ਇਜ਼ਰਾਈਲ ਦੀ ਸਰਹੱਦ ਹਿੰਸਕ ਸੀ, ਅਤੇ ਲੈਬਨਾਨ ਵਿੱਚ ਹਿਜ਼ਬੁੱਲਾ ਦੀ ਭੂਮਿਕਾ ਨੇ ਇਜ਼ਰਾਈਲੀ ਯੋਜਨਾਕਾਰਾਂ ਨੂੰ ਦੂਜੇ ਵੱਡੇ ਮੋਰਚੇ ਦੀ ਚਿੰਤਾ ਵਿੱਚ ਰੱਖਿਆ।

ਅਜਿਹੇ ਮਾਹੌਲ ਵਿੱਚ, ਜਹਾਜ਼ੀ ਘਟਨਾ ਜਾਂ ਮਿਸ਼ਾਈਲ ਦਾਗ, ਕਿਸੇ ਲੜੀਵਾਰ ਪ੍ਰਤੀਕਿਰਿਆ ਦੀ ਸ਼ੁਰੂਆਤ ਜਾਪ ਸਕਦੇ ਸਨ। ਇਰਾਨ ਦੇ ਹਿਜ਼ਬੁੱਲਾ ਅਤੇ ਹੋਰ ਹਥਿਆਰਬੰਦ ਗਰੁੱਪਾਂ ਨਾਲ ਰਿਸ਼ਤੇ ਦਾ ਅਰਥ ਇਹ ਸੀ ਕਿ ਹਰ ਕਦਮ ਦੇ ਕਈ ਦਰਸ਼ਕ ਸਨ। ਇਜ਼ਰਾਈਲੀ ਨੇਤਾਵਾਂ ਨੇ ਇਰਾਨ ਉੱਤੇ ਦਬਾਅ ਨੂੰ ਗਾਜ਼ਾ ਅਤੇ ਲੈਬਨਾਨ ਦੀ ਪਰਚੀ ਤੋਂ ਵੇਖਿਆ, ਅਲੱਗ-ਥਲੱਗ ਵਿਵਾਦ ਵਾਂਗ ਨਹੀਂ। ਇਸ ਨਾਲ ਸੰਕਟ ਹੋਰ ਫੈਲ ਗਿਆ। ਪਰਮਾਣੂ ਟਕਰਾਅ, ਸਮੁੰਦਰੀ ਰਸਤੇ ਦੀ ਨਵੀਂ ਧਮਕੀ ਅਤੇ ਸਰਹੱਦੀ ਜੰਗ, ਸਭ ਇਕੋ ਕਹਾਣੀ ਵਿੱਚ ਆ ਮਿਲੇ, ਅਤੇ ਦੁਨੀਆ ਨੂੰ ਇਕੋ ਵੇਲੇ ਕਈ ਟਕਰਾਵਾਂ ਦੀ ਸੰਭਾਵਨਾ ਅਨੁਸਾਰ ਆਪਣੀ ਕੀਮਤ ਲਗਾਉਣੀ ਪਈ। ਜੇ ਪਰਮਾਣੂ ਮਸਲਾ ਡਰ ਦੀ ਵਜ ?ਹਾ ਹੈ, ਤਾਂ ਤੇਲ ਘਬਰਾਹਟ ਦੀ ਵਜ ?ਹਾ ਹੈ।

ਬਾਜ਼ਾਰ ਤਿੱਖੇ ਭਾਸ਼ਣ ਸਹਿ ਸਕਦੇ ਹਨ। ਉਹ ਉਸ ਵੇਲੇ ਜ਼ਿਆਦਾ ਤੇਜ਼ੀ ਨਾਲ ਪ੍ਰਤੀਕਿਰਿਆ ਕਰਦੇ ਹਨ ਜਦੋਂ ਟੈਂਕਰ ਹੌਲੇ ਪੈਂਦੇ ਹਨ, ਬੀਮਾ ਪ੍ਰੀਮੀਅਮ ਵਧ ਜਾਂਦੇ ਹਨ, ਅਤੇ ਵਪਾਰੀ ਸੋਚਣ ਲੱਗਦੇ ਹਨ ਕਿ ਕੀ ਅਗਲੇ ਹਫ਼ਤੇ ਗਲਫ਼ ਤੋਂ ਨਿਰਯਾਤ ਆਮ ਰਹੇਗੀ। ਹੋਰਮੁਜ਼ ਦੀ ਖਾੜੀ ਤੰਗ ਜ਼ਰੂਰ ਹੈ, ਪਰ ਇਸ ਰਾਹੀਂ ਦੁਨੀਆ ਦੇ ਊਰਜਾ ਵਪਾਰ ਦਾ ਵੱਡਾ ਹਿੱਸਾ ਲੰਘਦਾ ਹੈ। ਲਗਭਗ ਦੁਨੀਆ ਦੇ ਤੇਲ ਦਾ ਪੰਜਵਾਂ ਹਿੱਸਾ, ਅਤੇ ਗਲਫ਼ ਤੋਂ ਆਉਣ ਵਾਲੀ ਵੱਡੀ ਮਾਤਰਾ ਵਿੱਚ ਤਰਲ ਗੈਸ, ਇੱਥੋਂ ਲੰਘਦੀ ਹੈ। ਜਦੋਂ ਟਕਰਾਅ ਇਸ ਚੈਨਲ ਨੂੰ ਖਤਰੇ ਵਿੱਚ ਪਾਂਦਾ ਹੈ, ਬਾਜ਼ਾਰ ਆਧਿਕਾਰਕ ਬੰਦਸ਼ ਦੀ ਉਡੀਕ ਨਹੀਂ ਕਰਦਾ। ਉਹ ਖਤਰੇ, ਅਫਵਾਹ ਅਤੇ ਬੀਮੇ ਦੀ ਲਾਗਤ ਉੱਤੇ ਚੱਲਦਾ ਹੈ। ਇਸੀ ਨੇ ਅਮਰੀਕਾ-ਇਰਾਨ ਟਕਰਾਅ ਨੂੰ ਗਲੋਬਲ ਬਣਾ ਦਿੱਤਾ।

ਗਲਫ਼ ਵਿੱਚ ਮਿਸ਼ਾਈਲ ਅਦਾਨ-ਪ੍ਰਦਾਨ ਜਾਂ ਸਮੁੰਦਰੀ ਹਿਰਾਸਤ ਗਲਫ਼ ਵਿੱਚ ਹੀ ਨਹੀਂ ਰੁਕਦੀ। ਸਿੰਗਾਪੁਰ ਵਿੱਚ ਇਹ ਜਹਾਜ਼ ਕੰਪਨੀਆਂ ਤੱਕ ਪਹੁੰਚਦੀ ਹੈ, ਭਾਰਤ ਦੇ ਰਿਫਾਈਨਰਾਂ ਤੱਕ, ਲੰਡਨ ਦੇ ਟਰੇਡਰਾਂ ਤੱਕ ਅਤੇ ਮਹਿੰਗਾਈ ਦੇ ਅੰਕੜੇ ਦੇਖ ਰਹੇ ਕੇਂਦਰੀ ਬੈਂਕਾਂ ਤੱਕ। ਜਦੋਂ ਵਪਾਰ ਇਕ ਦੂਜੇ ਨਾਲ ਇੰਨਾ ਜੁੜਿਆ ਹੋਵੇ, ਤਾਂ ਇਕੋ chokepoint ਪੂਰੀ ਧਮਨੀ ਵਿੱਚ ਰੁਕਾਵਟ ਪਾ ਸਕਦਾ ਹੈ।

ਇਸ ਦਾ ਅਸਰ ਦੁਨੀਆ ਭਰ ਵਿੱਚ ਫੈਲਦਾ ਹੈ। ਜਦੋਂ ਤੇਲ ਦੀ ਕੀਮਤ ਚੜ੍ਹਦੀ ਹੈ, ਤਾਂ ਉਸਦਾ ਝਟਕਾ ਬਹੁਤ ਸਾਰੀਆਂ ਸਰਕਾਰਾਂ ਦੇ ਦਾਅਵੇ ਨਾਲੋਂ ਤੇਜ਼ ਫੈਲਦਾ ਹੈ। ਏਅਰਲਾਈਨਾਂ ਲਈ ਈਂਧਨ ਮਹਿੰਗਾ ਹੋ ਜਾਂਦਾ ਹੈ, ਟਰੱਕਾਂ ਦੇ ਖਰਚੇ ਵਧਦੇ ਹਨ, ਫੈਕਟਰੀਆਂ ਦੇ ਇਨਪੁੱਟ ਬਿੱਲ ਚੜ੍ਹਦੇ ਹਨ, ਅਤੇ ਜਹਾਜ਼ਰਾਨੀ ਕੰਪਨੀਆਂ ਖਤਰੇ ਦੀ ਵਾਧੂ ਫੀਸ ਵਸੂਲ ਕਰਦੀਆਂ ਹਨ। ਫਿਰ ਰਿਟੇਲਰ ਉਸ ਦਾ ਕੁਝ ਹਿੱਸਾ ਜਜ਼ਬ ਕਰਦੇ ਹਨ, ਕੁਝ ਹੋਰ ਉਪਭੋਗਤਾਵਾਂ ਉੱਤੇ ਲਾਦ ਦਿੰਦੇ ਹਨ। ਇਸ ਤਰ੍ਹਾਂ ਬੰਦਰ ਅੱਬਾਸ ਦੇ ਨੇੜੇ ਇਕ ਸੰਕਟ, ਮੱਧ ਪੂਰਬ ਤੋਂ ਕਾਫ਼ੀ ਦੂਰ ਖਾਣੇ ਅਤੇ ਆਵਾਜਾਈ ਦੇ ਭਾੜਿਆਂ ਵਿੱਚ ਦਿਖਾਈ ਦਿੰਦਾ ਹੈ।

ਸ਼ੇਅਰ ਬਾਜ਼ਾਰ ਵੀ ਇਸੇ ਕਾਰਨ ਪ੍ਰਤੀਕਿਰਿਆ ਕਰਦੇ ਹਨ। ਊਰਜਾ ਦੀਆਂ ਵਧੀਆਂ ਕੀਮਤਾਂ ਵਿਕਾਸ ਦੀ ਰਫ਼ਤਾਰ ਨੂੰ ਖ਼ਤਰੇ ਵਿੱਚ ਪਾਂਦੀਆਂ ਹਨ, ਘਰੇਲੂ ਖਰਚ ਘਟਾਉਂਦੀਆਂ ਹਨ ਅਤੇ ਵਿਆਜ ਦਰਾਂ ਬਾਰੇ ਫੈਸਲਿਆਂ ਨੂੰ ਔਖਾ ਬਣਾਉਂਦੀਆਂ ਹਨ। ਗਰੀਬ ਆਯਾਤਕ ਦੇਸ਼ਾਂ ਲਈ ਝਟਕਾ ਹੋਰ ਕਠੋਰ ਹੁੰਦਾ ਹੈ, ਕਿਉਂਕਿ ਈਂਧਨ ਅਤੇ ਖਾਣਾ ਉਨ੍ਹਾਂ ਦੇ ਮਹੀਨਾਵਾਰ ਬਜਟ ਦਾ ਵੱਡਾ ਹਿੱਸਾ ਹੁੰਦੇ ਹਨ।

2026 ਦੀ ਇਸ ਚਿੰਤਾ ਨੇ ਦੱਸਿਆ ਕਿ ਤੇਲ ਦੀ ਰਾਜਨੀਤੀ ਅਜੇ ਵੀ ਸਭ ਤੋਂ ਪੁਰਾਣੇ ਅਤੇ ਕੜਵੇ ਰੂਪ ਵਿੱਚ ਕਾਇਮ ਹੈ। ਇਹ ਹਰੇਕ ਦੀ ਰੋਜ਼ਾਨਾ ਜ਼ਿੰਦਗੀ ਤੱਕ ਤੇਜ਼ੀ ਨਾਲ ਪਹੁੰਚਦੀ ਹੈ। ਜੂਨ 2026 ਦਾ ਸਮਝੌਤਾ ਇਸ ਲਈ ਅਹਿਮ ਹੈ, ਕਿਉਂਕਿ ਇਹ ਡਿੱਗਦੀ ਸਥਿਤੀ ਨੂੰ ਰੋਕਦਾ ਹੈ, ਪਰ ਵਿਵਾਦ ਨੂੰ ਹੱਲ ਨਹੀਂ ਕਰਦਾ। ਰਿਪੋਰਟ ਕੀਤੀ ਗਈ ਸਹਿਮਤੀ 60 ਦਿਨਾਂ ਦੀ ਹੈ, ਜਿਸਦਾ ਮਕਸਦ ਜੰਗਬੰਦੀ ਹੈ, ਜਦੋਂ ਦੋਵੇਂ ਪੱਖ ਵੱਡੇ ਨਿਪਟਾਰੇ ਦੀ ਕੋਸ਼ਿਸ਼ ਕਰਦੇ ਹਨ, Axios ਨੇ ਰਿਪੋਰਟ ਕੀਤਾ।

ਡਰਾਫ਼ਟ ਸ਼ਰਤਾਂ ਹਕੀਕਤ ਦੇ ਨੇੜੇ ਹਨ, ਕਠੋਰ ਨਹੀਂ। ਹੋਰਮੁਜ਼ ਦੀ ਖਾੜੀ ਤੁਰੰਤ ਖੁਲ੍ਹਣੀ ਹੈ, ਜਹਾਜ਼ਰਾਨੀ ਲਗਭਗ 30 ਦਿਨਾਂ ਵਿੱਚ ਜੰਗ ਤੋਂ ਪਹਿਲਾਂ ਦੇ ਪੱਧਰ ਦੇ ਨੇੜੇ ਆਉਣੀ ਹੈ, ਅਤੇ ਅਮਰੀਕਾ ਇਰਾਨੀ ਬੰਦਰਗਾਹਾਂ ਉੱਤੇ ਆਪਣੀ ਰਿਪੋਰਟ ਕੀਤੀ ਨਾਕਾਬੰਦੀ ਹਟਾਏਗਾ। ਇਰਾਨ ਨੂੰ ਗੱਲਬਾਤ ਦੌਰਾਨ ਤੇਲ ਵੇਚਣ ਲਈ ਅਸਥਾਈ ਪਾਬੰਦੀ-ਛੂਟ ਮਿਲੇਗੀ, ਅਤੇ ਉਹ enrich ਕੀਤੇ ਯੂਰੇਨਿਯਮ ਦੇ ਭੰਡਾਰ ਬਾਰੇ ਗੱਲ ਕਰਦੇ ਹੋਏ ਪਰਮਾਣੂ ਹਥਿਆਰ ਨਾ ਬਣਾਉਣ ਲਈ ਰਾਜ਼ੀ ਹੋਵੇਗਾ।

ਇਰਾਨੀ ਮੀਡੀਆ ਨੇ 24 ਅਰਬ ਡਾਲਰ ਦੇ ਜਮ ?ਹਾ ਹੋਏ ਸੰਪਤੀ-ਭੰਡਾਰ ਜਾਰੀ ਕਰਨ ਦੀ ਵੀ ਗੱਲ ਕੀਤੀ, ਹਾਲਾਂਕਿ ਉਹ ਹਿੱਸਾ ਅਜੇ ਅਣਸ਼ਚਿੱਤ ਹੈ ਅਤੇ ਅੰਤਿਮ ਸ਼ਬਦਾਵਲੀ ਨੂੰ ਮਨਜ਼ੂਰੀ ਚਾਹੀਦੀ ਹੈ। ਪਾਬੰਦੀ-ਛੂਟ ਤੇਹਰਾਨ ਲਈ ਕੋਈ ਇਮ ? ?ੀ ਜਿੱਤ ਨਹੀਂ। ਇਹ ਆਰਥਿਕ ਸਾਹ ਹੈ। ਸਾਲਾਂ ਦੀਆਂ ਪਾਬੰਦੀਆਂ ਨੇ ਤੇਲ ਆਮਦਨ ਘਟਾਈ ਹੈ, ਮੁਦਰਾ ਨੂੰ ਮਾਰਿਆ ਹੈ, ਘਰੇਲੂ ਲਾਗਤਾਂ ਵਧਾਈਆਂ ਹਨ, ਅਤੇ ਰਾਜ ਨੂੰ ਵਿਰੋਧ ਸੰਭਾਲਣ ਲਈ ਬਹੁਤ ਘੱਟ ਥਾਂ ਛੱਡੀ ਹੈ। 60 ਦਿਨਾਂ ਲਈ ਹੀ ਸਹੀ, ਤੇਲ ਵੇਚਣ ਦਾ ਮੌਕਾ ਸਰਕਾਰੀ ਖਜ਼ਾਨੇ ਉੱਤੇ ਦਬਾਅ ਘਟਾ ਸਕਦਾ ਹੈ ਅਤੇ ਦੇਸ਼ ਅੰਦਰ ਘੇਰੇਬੰਦੀ ਦਾ ਅਹਿਸਾਸ ਹਲਕਾ ਕਰ ਸਕਦਾ ਹੈ। ਇਸੇ ਕਰਕੇ ਤੇਲ ਵਿਕਰੀ ਕੂਟਨੀਤਕ ਬਿਆਨਾਂ ਜਿੰਨੀ ਹੀ ਮਹੱਤਵਪੂਰਨ ਰਹਿੰਦੀ ਹੈ। ਇਰਾਨ ਨੂੰ ਨਕਦੀ ਦੀ ਆਵਾਜਾਈ, ਵਪਾਰ ਤੱਕ ਪਹੁੰਚ ਅਤੇ ਇਸ ਗੱਲ ਦਾ ਸਬੂਤ ਚਾਹੀਦਾ ਹੈ ਕਿ ਗੱਲਬਾਤ ਨਾਲ ਹਕੀਕੀ ਲਾਭ ਮਿਲ ਸਕਦਾ ਹੈ। ਜਿਸ ਖ਼ਬਰ ਵਿੱਚ ਪੈਸਾ ਨਾ ਹੋਵੇ, ਉਹ ਤੇਹਰਾਨ ਲਈ ਖੋਖਲੀ ਲੱਗੇਗੀ। ਮੁੱਦਾ ਪ੍ਰਤੀਕ ਨਹੀਂ, ਸਾਹ ਲੈਣ ਦੀ ਥਾਂ ਹੈ।

ਸੁਰਜੀਤ ਸਿੰਘ ਫਲੋਰਾ
647-829-9397

ਸਭ ਤੋਂ ਔਖਾ ਮਸਲਾ ਅਜੇ ਵੀ ਪਰਮਾਣੂ ਫਾਈਲ ਹੀ ਹੈ। ਵਾਸ਼ਿੰਗਟਨ ਸਖ਼ਤ ਸੀਮਾਵਾਂ, ਮਜ਼ਬੂਤ ਨਿਗਰਾਨੀ ਅਤੇ ਹਥਿਆਰ ਵੱਲ ਜਾਣ ਵਾਲੇ ਰਸਤੇ ਉੱਤੇ ਸਾਫ਼ ਰੋਕ ਚਾਹੁੰਦਾ ਹੈ। ਤੇਹਰਾਨ enrichment ਦੇ ਕੁਝ ਹੱਕ ਦੀ ਮਾਨਤਾ ਚਾਹੁੰਦਾ ਹੈ, ਅਤੇ ਅਜਿਹਾ ਸਮਝੌਤਾ ਨਹੀਂ ਚਾਹੁੰਦਾ ਜੋ ਦਬਾਅ ਅੱਗੇ ਝੁਕਣ ਵਾਂਗ ਪੜ੍ਹਿਆ ਜਾਵੇ। ਇਹੀ ਖਾਲੀ ਥਾਂ ਪਹਿਲਾਂ ਵੀ ਕੂਟਨੀਤੀ ਨੂੰ ਜਾਮ ਕਰ ਚੁੱਕੀ ਹੈ, ਅਤੇ ਇਹ ਅਜੇ ਵੀ ਗਾਇਬ ਨਹੀਂ ਹੋਈ। ਕਥਿਤ ਸਮਝੌਤਾ stockpile ਦੇ ਮਸਲੇ ਨੂੰ ਛੁਹਿੰਦਾ ਹੈ, ਪਰ ਉਸ ਨੂੰ ਸਾਫ਼ ਨਹੀਂ ਕਰਦਾ। ਇਹ ਬੈਲਿਸਟਿਕ ਮਿਸ਼ਾਈਲਾਂ ਅਤੇ ਇਰਾਨੀ ਖੇਤਰੀ ਸਾਥੀਆਂ ਨੂੰ ਵੀ ਟੈਕਸਟ ਦੇ ਸਾਫ਼ ਹਿੱਸਿਆਂ ਤੋਂ ਬਾਹਰ ਰੱਖਦਾ ਹੈ।

ਜੇ ਅਗਲੇ ਦੌਰ ਇਹ ਖਾਲੀਆਂ ਥਾਂਵਾਂ ਨਾ ਭਰ ਸਕੇ, ਤਾਂ 60 ਦਿਨਾਂ ਦੀ ਰੁਕਾਵਟ ਵੀ ਉੱਥੇ ਖਤਮ ਹੋ ਸਕਦੀ ਹੈ ਜਿੱਥੇ ਪਿਛਲੇ ਕਈ ਮੌਕੇ ਖਤਮ ਹੋਏ ਸਨ, ਅਤੇ ਦੋਵੇਂ ਪੱਖ ਇਕ ਦੂਜੇ ਉੱਤੇ ਬਦਨਿਯਤੀ ਦੇ ਦੋਸ਼ ਲਗਾਉਣਗੇ। ਹਰ ਰਾਜਧਾਨੀ ਨੂੰ ਆਪਣੀ ਜਨਤਾ ਲਈ ਵੀ ਕਹਾਣੀ ਚਾਹੀਦੀ ਹੈ। ਵਾਸ਼ਿੰਗਟਨ ਦਾਅਵਾ ਕਰ ਸਕਦਾ ਹੈ ਕਿ ਦਬਾਅ ਕਾਰਗਰ ਰਿਹਾ, ਕਿਉਂਕਿ ਜਹਾਜ਼ਰਾਨੀ ਖੁਲ੍ਹੀ ਅਤੇ ਤੇਹਰਾਨ ਮੁੜ ਗੱਲਬਾਤ ਦੇ ਮੇਜ਼ ਤੇ ਆਇਆ। ਇਰਾਨੀ ਨੇਤਾ ਇਹ ਕਹਿ ਸਕਦੇ ਹਨ ਕਿ ਉਹਨਾਂ ਨੇ ਸਮਰਪਣ ਨਹੀਂ ਕੀਤਾ, ਕਿਉਂਕਿ ਪਾਬੰਦੀ-ਛੂਟ ਅਤੇ ਤੇਲ ਵਿਕਰੀ ਸਰਕਾਰੀ ਹਾਰ ਦੇ ਆਧਾਰ ਤੇ ਨਹੀਂ ਮਿਲੀ। ਇਜ਼ਰਾਈਲ ਵੀ ਕਹਿ ਸਕਦਾ ਹੈ ਕਿ ਲਗਾਤਾਰ ਦਬਾਅ ਨਾਲ ਖ਼ਤਰੇ ਉੱਤੇ ਧਿਆਨ ਬਣਿਆ ਰਿਹਾ, ਹਾਲਾਂਕਿ ਉਸਦੀ ਸੁਰੱਖਿਆ ਪ੍ਰਣਾਲੀ ਨੂੰ ਇਹ ਚਿੰਤਾ ਰਹਿੰਦੀ ਹੈ ਕਿ ਤੇਹਰਾਨ ਨੂੰ ਕੋਈ ਵੀ ਛੂਟ ਉਸਦੇ ਖਜ਼ਾਨੇ ਨੂੰ ਮੁੜ ਮਜ਼ਬੂਤ ਕਰ ਸਕਦੀ ਹੈ ਅਤੇ ਮਿਸ਼ਾਈਲਾਂ ਜਾਂ ਸਾਥੀ ਮਿਲੀਸ਼ੀਆ ਨੂੰ ਤਾਕਤ ਦੇ ਸਕਦੀ ਹੈ। ਇਸ ਲਈ ਇਹ ਸਮਝੌਤਾ ਸੱਚਾ ਵੀ ਹੈ ਅਤੇ ਨਾਜ਼ੁਕ ਵੀ। ਇਹ ਤਾਪਮਾਨ ਬਦਲਦਾ ਹੈ, ਢਾਂਚਾ ਨਹੀਂ। ਜੰਗਬੰਦੀ ਸਮੁੰਦਰ ਵਿੱਚ ਖਤਰਾ ਘਟਾ ਸਕਦੀ ਹੈ, ਪਰ ਦਹਾਕਿਆਂ ਦੀ ਬੇਇਤਬਾਰੀ ਨੂੰ ਮਿਟਾ ਨਹੀਂ ਸਕਦੀ। ਇਹ ਕੋਈ ਸਾਰਾ ਇਲਾਜ ਨਹੀਂ, ਅਤੇ ਜੋਖਮ ਦੇ ਪੱਲੇ ਨੂੰ ਮੁੜ ਸੰਤੁਲਿਤ ਕਰਨਾ ਆਸਾਨ ਨਹੀਂ।

ਅੱਗੇ ਦੀ ਦਿਸ਼ਾ ਇਸ ਗੱਲ ਉੱਤੇ ਘੱਟ ਨਿਰਭਰ ਕਰਦੀ ਹੈ ਕਿ ਦਸਤਖ਼ਤ ਹੁੰਦੇ ਹਨ ਜਾਂ ਨਹੀਂ, ਅਤੇ ਵਧੇਰੇ ਇਸ ਉੱਤੇ ਕਿ ਆਉਣ ਵਾਲੇ ਮਹੀਨਿਆਂ ਵਿੱਚ ਕੀ ਹੁੰਦਾ ਹੈ। ਅਸਥਾਈ ਸਮਝੌਤੇ ਅਕਸਰ ਉਸ ਵੇਲੇ ਠਹਿਰ ਜਾਂਦੇ ਹਨ ਜਦੋਂ ਕੈਮਰੇ ਬੰਦ ਹੋ ਜਾਂਦੇ ਹਨ; ਸਖ਼ਤ ਧੜੇ ਨੁਕਸਾਨ ਗਿਣਨ ਲੱਗਦੇ ਹਨ। ਵਾਸ਼ਿੰਗਟਨ ਵਿੱਚ ਕਿਸੇ ਵੀ ਵ ?ਹਾਈਟ ਹਾਊਸ ਨੂੰ ਵਿਰੋਧੀ ਆਲੋਚਕਾਂ ਦਾ ਸਾਹਮਣਾ ਵੀ ਰਹੇਗਾ, ਜੋ ਕਹਿਣਗੇ ਕਿ ਅਸਥਾਈ ਰਾਹਤ ਨੇ ਤੇਹਰਾਨ ਨੂੰ ਪੈਸਾ ਦਿੱਤਾ ਪਰ ਕਾਰਜਕ੍ਰਮ ਨਹੀਂ ਤੋੜਿਆ। ਤੇਹਰਾਨ ਵਿੱਚ ਸੁਰੱਖਿਆ ਵਰਗ ਅਮਰੀਕੀ ਭਰੋਸਿਆਂ ਉੱਤੇ ਸ਼ੱਕ ਕਰਦਾ ਹੈ ਅਤੇ ਦਖ਼ਲਅੰਦਾਜ਼ ਨਿਗਰਾਨੀ ਨੂੰ ਮੰਨਣ ਤੋਂ ਹਿਚਕਦਾ ਹੈ। ਬਾਹਰੀ ਤਾਕਤਾਂ ਵੀ ਆਪਣੇ ਹਿੱਤ ਲੈ ਕੇ ਆਉਣਗੀਆਂ। ਯੂਰਪ ਊਰਜਾ ਦੀਆਂ ਘੱਟ ਕੀਮਤਾਂ ਅਤੇ ਖੇਤਰੀ ਅਸਰ ਘਟਾਉਣ ਦੀ ਉਮੀਦ ਕਰਦਾ ਹੈ।

ਦੂਜੇ ਪਾਸੇ, ਚੀਨ ਨੂੰ ਖੁੱਲ੍ਹੇ ਗਲਫ਼ ਰਸਤੇ ਅਤੇ ਇਰਾਨੀ ਕੱਚੇ ਤੇਲ ਤੱਕ ਸਥਿਰ ਪਹੁੰਚ ਚਾਹੀਦੀ ਹੈ। ਰੂਸ ਨੂੰ ਵਾਸ਼ਿੰਗਟਨ ਦੇ ਧਿਆਨ ਭਟਕਣ ਨਾਲ ਫ਼ਾਇਦਾ ਹੁੰਦਾ ਹੈ, ਪਰ ਉਸ ਨੂੰ ਐਸੇ ਗਲਫ਼ ਝਟਕੇ ਦੀ ਵੀ ਖ਼ਾਹਿਸ਼ ਨਹੀਂ ਜੋ ਊਰਜਾ ਬਾਜ਼ਾਰਾਂ ਨੂੰ ਉਲਝਾ ਦੇਵੇ। ਸਾਊਦੀ ਅਰਬ ਅਤੇ ਯੂਏਈ ਨੂੰ ਸ਼ਾਂਤ ਸਮੁੰਦਰੀ ਰਸਤੇ ਚਾਹੀਦੇ ਹਨ, ਪਰ ਉਹ ਨਹੀਂ ਚਾਹੁੰਦੇ ਕਿ ਇਰਾਨ ਪਾਬੰਦੀ-ਛੂਟ ਨੂੰ ਆਪਣੇ ਖੇਤਰੀ ਦਾਇਰੇ ਵਧਾਉਣ ਲਈ ਵਰਤੇ।

ਕਮਜ਼ੋਰ ਥਾਂਵਾਂ ਸਾਫ਼ ਹਨ। ਲੈਬਨਾਨ ਮੁੜ ਭੜਕ ਸਕਦਾ ਹੈ। ਹਿਜ਼ਬੁੱਲਾ ਹੱਦ ਦੀ ਪਰਖ ਕਰ ਸਕਦਾ ਹੈ। ਜੇ ਤੇਲ ਨਿਗਰਾਨਾਂ ਤੋਂ ਤੇਜ਼ੀ ਨਾਲ ਲੰਘਣ ਲੱਗ ਪਏ, ਤਾਂ ਪਾਬੰਦੀਆਂ ਦੀ ਪਾਲਣਾ ਟੁੱਟੀ-ਫੁੱਟੀ ਹੋ ਸਕਦੀ ਹੈ। ਜੇ ਪਹੁੰਚ ਦੇ ਮਸਲੇ ਲਟਕਦੇ ਰਹੇ, ਜਾਂ enrich ਕਰਨ ਦੇ ਪੱਧਰ ਸਪਸ਼ਟ ਨਾ ਰਹੇ, ਤਾਂ ਪਰਮਾਣੂ ਨਿਗਰਾਨੀ ਪਹਿਲੀ ਵੱਡੀ ਝਗੜੇ ਦੀ ਥਾਂ ਬਣ ਸਕਦੀ ਹੈ। ਫਿਰ ਵੀ ਇਹ ਸਮਝੌਤਾ ਇਸ ਲਈ ਅਹਿਮ ਹੈ, ਕਿਉਂਕਿ ਇਹ ਦਿਖਾਉਂਦਾ ਹੈ ਕਿ ਕੂਟਨੀਤੀ ਜੰਗ ਨੂੰ ਰੋਕ ਸਕਦੀ ਹੈ, ਭਾਵੇਂ ਟਕਰਾਅ ਗਲੋਬਲ ਕਿਉਂ ਨਾ ਹੋ ਚੁੱਕਾ ਹੋਵੇ। ਇਹ ਛੋਟੀ ਤਰੱਕੀ ਹੈ, ਖੁਸ਼ ਅੰਤ ਨਹੀਂ। ਡੂੰਘੇ ਝਗੜੇ ਅਜੇ ਵੀ ਬਾਕੀ ਹਨ ਅਤੇ ਇਲਾਕੇ ਨੂੰ ਮੁੜ ਕਿਨਾਰੇ ਤੱਕ ਲੈ ਜਾ ਸਕਦੇ ਹਨ, ਕਿਸੇ ਵੀ ਵੇਲੇ।

2023 ਦੇ ਅਮਰੀਕਾ-ਇਰਾਨ ਸਟੈਂਡਆਫ਼ ਨੇ ਵੀ ਇਹੀ ਦਿਖਾਇਆ ਸੀ ਕਿ ਮੱਧ ਪੂਰਬ ਦਾ ਇਕ ਸੰਕਟ ਕਿੰਨੀ ਤੇਜ਼ੀ ਨਾਲ ਵਿਸ਼ਵ ਆਰਥਿਕ ਖਤਰੇ ਵਿੱਚ ਬਦਲ ਸਕਦਾ ਹੈ। ਹੋਰਮੁਜ਼ ਲਈ ਧਮਕੀ, ਪਰਮਾਣੂ ਹਥਿਆਰਾਂ ਦੀ ਚਿੰਤਾ ਅਤੇ ਇਜ਼ਰਾਈਲ ਦੀ ਸੁਰੱਖਿਆ ਸੰਕਟ, ਇਹ ਸਭ ਗਲਫ਼ ਤੋਂ ਦੂਰ ਬੈਠੇ ਲੋਕਾਂ ਦੇ ਊਰਜਾ ਬਾਜ਼ਾਰਾਂ ਅਤੇ ਰੋਜ਼ਾਨਾ ਕੀਮਤਾਂ ਨੂੰ ਹਿਲਾ ਸਕਦੇ ਹਨ।

ਅੰਤਰਿਮ ਸਮਝੌਤੇ ਦੀ ਅਹਿਮੀਅਤ ਇਸੇ ਵਿੱਚ ਹੈ। ਇਹ ਜਹਾਜ਼ੀ ਰਾਹਾਂ ਨੂੰ ਬਚਾਉਂਦਾ ਹੈ, ਸਿੱਧੀ ਤਣਾਅ ਦੀ ਸੰਭਾਵਨਾ ਘਟਾਉਂਦਾ ਹੈ, ਅਤੇ ਗੱਲਬਾਤ ਲਈ ਸਮਾਂ ਦਿੰਦਾ ਹੈ। ਪਰ ਜੇ ਇਹ ਗੰਢਾਂ ਮੁੜ ਕੱਸ ਗਈਆਂ, ਤਾਂ ਜੰਗਬੰਦੀ ਦੀ ਭਾਸ਼ਾ ਜਲਦੀ ਹੀ ਸਿਮਟ ਜਾਏਗੀ। ਫਿਰ ਇੱਕ ਮਿਸ਼ਾਈਲ, ਇੱਕ ਮਾਈਨ ਜਾਂ ਇੱਕ ਬੰਦ ਰਸਤਾ ਪੁਰਾਣਾ ਸਬਕ ਦੁਹਰਾਏਗਾ, ਅਤੇ ਮੱਧ ਪੂਰਬ ਦੀ ਅਸਥਿਰਤਾ ਦੀ ਕੀਮਤ ਵੱਡੀ ਦੁਨੀਆ ਉੱਤੇ ਹੀ ਆਉਂਦੀ ਰਹੇਗੀ, ਕਿਉਂਕਿ ਕੁਝ ਨੇਤਾਵਾਂ ਨੇ ਆਪਣੇ ਨਿੱਜੀ ਝਗੜਿਆਂ ਨੂੰ ਖੇਤਰੀ ਨੀਤੀ ਬਣਾ ਦਿੱਤਾ ਹੈ।

# ਪ੍ਰੀਤ ਫੁਲਵਾੜੀ

## ਚਿੱਟੇ ਦਾ ਸ਼ਿਕਾਰ

ਪਹਿਲਾਂ ਸੋਕਿਆਂ ਨੇ ਝਾੜ ਸੁਕਾਇਆ ਸੀ,
ਤੇ ਹੁਣ ਹੜ੍ਹਾਂ ਨੇ ਵੀ ਕਹਿਰ ਮਚਾਇਆ ਸੀ।
ਜਦੋਂ ਰੱਬ ਨੇ ਹੀ ਫੜੀ ਨਹੀਂਓਂ ਬਾਂਹ, ਕਿ ਮਨਾਂ ਉਤੇ ਭਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਜਾਂਦੀ ਉਮਰ ਸੀ ਨੌਕਰੀ ਦੀ ਲੰਘਦੀ,
ਜਿੰਮੇਵਾਰੀ ਜਿੰਦ ਸੂਲੀ ਉੱਤੇ ਟੰਗਦੀ।
ਪੜ੍ਹ ਲਿਖ ਕੇ ਵੀ ਦੇਖੋ ਮੁੰਡਾ ਜੱਟਾਂ ਦਾ, ਕਿ ਬੇਰੁਜਗਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਕਦੇ ਟੁੱਟੀ ਨਹੀਂ ਸੀ ਕਰੀਜ਼, ਚਿੱਟੇ ਕੁੜਤੇ ਪਜਾਮੇ ਦੀ।
ਬੈਂਕ ਵਾਲੇ ਲੈ ਗਏ ਅੱਜ, ਚਾਬੀ ਉਹਦੇ ਯਾਹਮੇ ਦੀ।
ਗਿਆ ਕਰਜੇ ਦੇ ਭਾਰ ਹੇਠਾਂ ਦੱਬਦਾ, ਕਿ ਜ਼ਿੰਦਗੀ ਤੋਂ ਹਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਇੱਕ ਦਿਨ ਉਹ ਵੀ ਮਾਰ ਗਈ ਉਡਾਰੀ ਸੀ,
ਜੀਹਨੂੰ ਚੜ੍ਹੀ ਰਹਿੰਦੀ ਸਦਾ ਇਸ਼ਕ ਖੁਮਾਰੀ ਸੀ।
ਸ਼ਰੀਕਾਂ ਨੇ ਜੋ ਪਿੱਠ ਪਿੱਛੇ ਕੀਤਾ ਸੀ, ਕਿ ਉੱਪਰੋਂ ਉਹ ਵਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਕੁਆਰੀ ਭੈਣ ਦੇ ਸੀ ਧੌਲੇ ਹੁਣ ਆ ਗਏ,
ਲਿਸਟ ਦਾਜ ਵਾਲੀ ਸਹੁਰੇ ਸੀ ਫੜਾ ਗਏ।
ਬਚੀ ਕਿਰਨ ਉਮੀਦ ਵਾਲੀ ਕੋਈ ਨਾ, ਕਿ ਮੌਤ ਦਾ ਵਪਾਰ ਹੋ ਗਿਆ,
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਨਿੱਤ ਹੋਈ ਜਾਂਦਾ ਆਪਣੇ ਤੋਂ ਦੂਰ ਸੀ,
ਬੁੱਢੇ ਮਾਂ ਬਾਪ ਬੈਠੇ ਮਜਬੂਰ ਸੀ।
ਆਖਿਰ ਚੁੱਕ ਲਿਆ ਸਟੈਪ ਉਹਨੇ ਆਖਰੀ, ਕਿ ਖੁਦ ਕਿੱਸਾਕਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।

**ਅਮਰਬੀਰ ਸਿੰਘ ਚੀਮਾ**
**ਮੋਬਾਈਲ ਨੰ: 9888940211**

## ਕਵਿਤਾ

ਸਮੇਂ ਦੇ ਹਾਕਮ ਦੇ ਹੁਕਮ ਤੇ
ਬੀਬੀ ਭਾਨੀ ਦੇ ਚੰਨ ਨੂੰ
ਸਖ਼ਤ ਗਰਮੀ ਦੇ ਮੌਸਮ ਵਿੱਚ
ਬਿਠਾਇਆ ਗਿਆ
ਤੱਤੀ ਤਵੀ ਉੱਤੇ
ਤੇ ਪਾਈ ਗਈ
ਸੀਸ ਤੇ ਸੜਦੀ, ਬਲਦੀ ਰੇਤ।
ਉਸ ਨੂੰ ਕੀ ਪਤਾ ਸੀ
ਉਸ ਦੀ ਧਾਰਮਿਕ ਕੱਟੜਤਾ
ਤੇ ਤੰਗ ਦਿਲੀ
ਕੁੱਝ ਨਹੀਂ ਵਿਗਾੜ ਸਕਦੀ
ਬੀਬੀ ਭਾਨੀ ਦੇ ਚੰਨ ਦਾ
ਤੇ ਨਿਮਰਤਾ ਦੇ ਪੁੰਜ,
ਸ਼ਾਂਤੀ ਸਰੂਪ ਨੇ
ਇਹ ਅਸਹਿ ਸਰੀਰਕ ਕਸ਼ਟ
ਸਹਾਰ ਲੈਣੇ ਨੇ
÷ ਤੇਰਾ ਕੀਆ ਮੀਠਾ ਲਾਗੈ।
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।÷ ਕਹਿ ਕੇ
ਤੇ ਉਸ ਦੀ ਸ਼ਹਾਦਤ ਨੇ
ਉਸ ਦੇ ਸਿੱਖਾਂ ਨੂੰ
ਜਬਰ, ਜ਼ੁਲਮ ਦੇ ਟਾਕਰੇ ਲਈ
ਸਦਾ ਤਿਆਰ ਰਹਿਣ ਦਾ ਪਾਠ
ਪੜ੍ਹਾ ਦੇਣਾ ਹੈ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਸਰਦਾਰ

ਇਹ ਹੈ ਨਿਰਵੈਰ ਸਿੰਘ ਸਰਦਾਰ ਲੋਕੋ।
ਬੜਾ ਕਰਦਾ ਗਰੀਬਾਂ ਨੂੰ ਪਿਆਰ ਲੋਕੋ।
ਕਿਸੇ ਨੂੰ ਰੇੜੀ ਲੈ ਦਿੰਦਾ ਕਿਸੇ ਨੂੰ ਰਿਕਸ਼ਾ,
ਤਾਂ ਜੋ ਚਲਦਾ ਰਹੇ ਉਹਦਾ ਰੁਜ਼ਗਾਰ ਲੋਕੋ।
ਕਿਸੇ ਨੂੰ ਨਗਦ ਰੁਪਏ ਦੇਕੇ ਇਹ,
ਦਿੰਦਾ ਮੁੱਖ ਤੋਂ ਉਦਾਸੀ ਉਤਾਰ ਲੋਕੋ।
ਕਿਸੇ ਕਿਸਮ ਦਾ ਨਾਂ ਭੇਦ ਭਾਵ ਰੱਖਦਾ,
ਸਮਝੇ ਸਭਨਾਂ ਨੂੰ ਇਕਸਾਰ ਲੋਕੋ।
ਮੇਜਰ ਐਸੇ ਇਨਸਾਨ ਬੜੇ ਘੱਟ ਮਿਲਦੇ,
ਭਾਵੇਂ ਵੇਖ ਲਓ ਨਿਗਾਹ ਮਾਰ ਲੋਕੋ।

**ਮੇਜਰ ਸਿੰਘ ਬੁਢਲਾਡਾ**
**94176 42327**

## ਧੁੱਪ ਬਣੀ ਬਘਿਆੜ

ਮੀਂਹ ਘੱਟ ਪਵੇ, ਗਰਮੀ ਵਧ ਜਾਂਦੀ ?,
ਹਰ ਪਾਸੇ ਮਾਰੇ ਤਪਾੜ ਪੱਤੋ।
ਕੰਧਾਂ ਤੱਤੀਆਂ ਵਿੱਚੋਂ ਸੇਕ ਮਾਰੇ,
ਭਾਵੇਂ ਰੋਟੀ ਲੈ ਤੂੰ ਰਾੜ੍ਹ ਪੱਤੋ।
ਪੋਹ-ਮਾਘ ਵਿੱਚ ਜਿਉਂ ਠੰਡ ਪੈਂਦੀ ?,
ਗਰਮੀ ਪੈਂਦੀ ਜੇਠ ਤੇ ਹਾੜ ਪੱਤੋ ।
ਨਾਲ ਨ੍ਹੇਰੀਆਂ ਜਾਵੇ ਮੱਤ ਮਾਰੀ ?,
ਗੇਟ ਵੱਜਦੇ ਫਾੜ ਫਾੜ ਪੱਤੋ।
ਬਰੀਕ ਰੇਤਾ ਗਲਾਂ 'ਤੇ ਹੈ ਲੱੜਦਾ ?,
ਕਿਰਕ ਲੱਗੇ ਨਾਲ ਜਾ ਜਾੜ ਪੱਤੋ।
ਕੱਟ ਲੱਗਦਾ ਰਾਤ ਨੂੰ ਸੌਣ ਵੇਲੇ ?
ਲਈਏ ਮੰਜੇ ਕੋਠੇ 'ਤੇ ਚਾੜ੍ਹ ਪੱਤੋ ।
ਨੀਂਦ ਪੂਰੀ ਹੋਵੇ ਕਿਵੇਂ ਕਾਮਿਆਂ ਦੀ ?,
ਤੁਰਨ ਵਿੰਗੇ ਜਿਵੇਂ ਸਿਆੜ ਪੱਤੋ।
ਬੰਦਾ ਫੇਰ ਜਾਵੇ, ਤਾਂ ਜਾਵੇ ਕਿੱਥੇ ?,
ਧੁੱਪ ਫਿਰਦੀ ਬਣੀ ਬਘਿਆੜ ਪੱਤੋ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

## ਕਵਿਤਾ

ਭੇਜ ਦਿੱਤੇ ਸੀ ਮਾਵਾਂ ਨੇ,
ਸਕੂਲ ਕਰਕੇ ਤਿਆਰ,,
ਆਉਂਦੇ ਹੋਣੇ ਰਾਹ ਚ,,
ਮਾਪੇ ਖੜੇ ਘਰੋਂ ਬਾਹਰ,,

ਕਿਸੇ ਦੇ ਦੋ ਸੀ ਲਾਡਲੇ,
ਕਿਸੇ ਦਾ ਇੱਕ ਸੀ ਨਿਆਣਾ,
ਭੁੱਖੇ ਪਿਆਸੇ ਖੌਰੇ ਕਿਵੇਂ ਹੋਣੇ,
ਅਚਾਨਕ ਵਾਪਰ ਗਿਆ ਭਾਣਾ,

ਪਲਾਂ ਚ ਹੀ ਇਹ ਖ਼ਬਰ ,
ਫੈਲ ਗਈ ਦੂਰ ਦੁਰਾਡੇ ,,
ਮਾਂ ਪਿਓ ਨੂੰ ਫਿਕਰ ਪਿਆ,
ਹਾਏ ਹੋਣੇ ਆ ਬੱਚੇ ਸਾਡੇ,,

ਅੱਖੀਓਂ ਨੀਰ ਵਗੇ ਰੁਕੇ ਨਾ,
ਖੁਸ਼ੀਆਂ ਨੂੰ ਲੱਗੇ ਠੱਗ,,
ਤੜਫ ਉੱਠੇ ਦਿਲ ਸੁਣਕੇ,
ਸਕੂਲ ਵੈਨ ਨੂੰ ਲੱਗੀ ਅੱਗ,,

ਕੀ ਬੀਤ ਦੀ ਮਾਂ ਤੇ ਹੋਣੀ,
ਰਿਹਾ ਜਿਗਰ ਦਾ ਟੋਟਾ ਨਾ,
ਮੱਖਣ ਸ਼ੇਰੋਂ ਉਜੜ ਸੰਸਾਰ ਗਿਆ,,
ਇਹ ਦੁੱਖ ਕੋਈ ਛੋਟਾ ਨਾ,

**ਮੱਖਣ ਸ਼ੇਰੋਂ ਵਾਲਾ**
**ਸੰਪਰਕ 98787-98726**

## ਅੰਬਾਂ ਦੀ ਰੁੱਤ

ਸੋਹਣੀ ਰੁੱਤ ਅੰਬਾਂ ਦੀ ਆਈ।
ਰੇੜ੍ਹੀਆ ਉੱਤੇ ਦੇਣ ਦਿਖਾਈ।
ਭਾਈ ਉੱਚੀ ਹੋਕਾ ਲਾਉਂਦੇ।
ਚੁੱਕ ਕੇ ਹੱਥਾਂ ਵਿੱਚ ਦਿਖਾਉਂਦੇ।
ਆ ਜੋ,ਲੈ ਜੋ ਕਰਤੇ ਮੰਦੇ ?।
ਅੰਬ ਵੇਖ ਲਓ ਕਿੰਨੇ ਚੰਗੇ।
ਹਰੇ, ਪੀਲੇ ਤੇ ਲਾਲ ਸੰਧੂਰੀ।
ਵਰਕ ਲਾ ਕੇ ਕਰਨ ਮਸ਼ਹੂਰੀ।
ਗਰੀਬ ਅਮੀਰ ਸਭ ਲੈ ਕੇ ਜਾਂਦੇ ?।
ਰੁੱਤ ਰੁੱਤ ਦਾ ਮੇਵਾ ਖਾਂਦੇ।
ਲੰਗੜਾ, ਚੌਸਾ, ਅੰਬ ਅਚਾਰੀ ?।
ਚੱਟਨੀ ਬਨਦੀ ਬੜੀ ਕਰਾਰੀ।
ਕਈ ਘਰੇ ਅਚਾਰ ਨੇ ਪਾਉਂਦੇ ?।
ਜਾ ਬਜ਼ਾਰੋਂ ਮਸਾਲੇ ਲਿਆਉਂਦੇ।
ਨਾਲ ਕੰਡੇ ਦੇ ਤੋਲਣ ਭਾਈ।
ਵਿੱਚ ਲਿਫਾਫੇ ਜਾਂਦੇ ਪਾਈ।
'ਪੱਤੋ' ਦਾ ਵੀ ਮਨ ਲਲਚਾਵੇ ?।
ਚੁਣ-ਚੁਣ ਕੇ ਪਲੜੇ ਵਿੱਚ ਪਾਵੇ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ**
**ਮੋਗਾ ਫੋਨ ਨੰਬਰ 94658-21417**

## ਯਾਦ ਰੱਖਿਓ

ਸਾਡੀ ਬੇਨਤੀ ਆ ਹਰ ਇੱਕ ਨੂੰ,
ਐਤਕੀ ਵੋਟ ਪਾਇਓ ਭਵਿੱਖ ਨੂੰ,,
ਜੇ ਰੋਕਣਾਂ ਨੇ ਨੈਣੋਂ ਨੀਰਾਂ ਨੂੰ,
ਹਾੜੇ ਜਗਾ ਲਉ ਜ਼ਮੀਰਾਂ ਨੂੰ,,
ਲੀਡਰ ਜਿੱਤ ਦਿਆ ਲੋਕ ਹਾਰਦਿਆ,
ਇਹ ਜਿੱਤ ਕੇ ਸਾਨੂੰ ਹੀ ਮਾਰਦਿਆ,
ਗੱਲ ਗੋਡੇ ਲੱਗੇ ਜਾਂ ਗਿੱਟੇ ਤੇ,
ਪੁੱਤ ਲਾ ਛੱਡੇ ਇਹਨਾਂ ਚਿੱਟੇ ਤੇ,,
ਯਾਦ ਰੱਖਿਓ ਰੱਸੇ ਤੇ ਲਮਕਿਆਂ ਨੂੰ,
ਮੂੰਹ ਨਾ ਲਾਇਓ ਐਵੇ ਚਮਚਿਆਂ ਨੂੰ,,
ਐਵੇਂ ਡੁੱਲ ਜਾਇਓ ਨਾ ਸ਼ਰਾਬ ਤੇ,,
ਹਾੜੇ ਤਰਸ ਖਾ ਲਉ ਪੰਜਾਬ ਤੇ,
ਥੋੜ੍ਹੇ ਦਿਨ ਹੋਰ ਟਿਕ ਜਾਇਓ,
ਕਿਤੇ ਐਵੇ ਹੀ ਨਾ ਵਿਕ ਜਾਇਓ
ਪੈਰਾਂ ਹੇਠ ਬਾਣੀ ਲਿਤਾੜੀ ਯਾਦ ਰੱਖਿਓ,
ਬਹਿਬਲ ਕਲਾਂ ਤੇ ਬਰਗਾੜੀ ਯਾਦ ਰੱਖਿਓ,,
ਕੰਮ ਲੈ ਲਿਓ ਦਿਮਾਗ ਵਾਲੀ ਕਿੱਲੀ ਤੋਂ,,
ਦੱਸੋ ਕੀ ਸਿੱਖ ਲਿਆ ਅੰਦੋਲਨ ਦਿੱਲੀ ਤੋਂ,,
ਆ ਨਾ ਜਾਇਓ ਜ਼ਮੀਰਾਂ ਨੂੰ ਵੇਚ ਕੇ,
ਪਾਇਓ ਤੁਸੀਂ ਵੋਟ ਜਵਾਕਾਂ ਵੱਲ ਵੇਖ ਕੇ,,
ਚੁੱਲ੍ਹਾ ਠੰਡਾ ਤੇ ਸਿਵਾ ਜਲਾਇਆ ਯਾਦ ਰੱਖਿਓ,,,
ਘਰ ਘਰ ਨਸ਼ਾ ਕੀਹਨੇ ਪਹੁੰਚਾਇਆ ਯਾਦ ਰੱਖਿਓ,,,
ਪਿਓ ਦੇ ਸਿਰ ਵੱਜੀ ਜਿਹੜੀ ਸੱਟ ਯਾਦ ਰੱਖਿਓ,,
ਧੀਆਂ ਭੈਣਾਂ ਦੀ ਰੋਲੀ ਪੱਤ ਯਾਦ ਰੱਖਿਓ,,
ਸੌਹਾਂ ਖਾ ਕੇ ਮੁੱਕਰੀ ਸਰਕਾਰ ਯਾਦ ਰੱਖਿਓ,,
ਘਰ ਘਰ ਕੀਹਨੇ ਦਿੱਤਾ ਰੁਜਗਾਰ ਯਾਦ ਰੱਖਿਓ,,,
ਧੀਆਂ ਭੈਣਾ ਦੀ ਦਿੱਤੀ ਗੁੱਤ ਪੁੱਟ ਯਾਦ ਰੱਖਿਓ,
ਧਰਨਿਆਂ ਤੇ ਪਈ ਜਿਹੜੀ ਕੁੱਟ ਯਾਦ ਰੱਖਿਓ,,
ਰੁਲਦੇ ਕਿਸਾਨ ਤੇ ਮਜਦੂਰ ਯਾਦ ਰੱਖਿਓ,,
ਕੀਹਨੇ ਦਿੱਲੀ ਜਾਣ ਲੀ ਕੀਤੇ ਮਜਬੂਰ ਯਾਦ ਰੱਖਿਓ।।
ਕੀਹਨੇ ਕੀ ਕੀਤਾ ਹੁਣ ਤੱਕ ਯਾਦ ਰੱਖਿਓ,
ਕੀਹਨੇ ਨਸ਼ੇ ਦਾ ਤੋੜ ਦਿੱਤਾ ਲੱਕ ਯਾਦ ਰੱਖਿਓ।
ਲੀਡਰਾਂ ਦੇ ਬੋਲੇ ਭੱਦੇ ਬੋਲ ਯਾਦ ਰੱਖਿਓ,
ਸੜਕਾਂ ਤੇ ਕੀਹਨੇ ਦਿੱਤੇ ਰੋਲ ਯਾਦ ਰੱਖਿਓ,
ਵਧਾ ਲਉ ਕਾਫਲਾ ਤੁਸੀਂ ਵੀ ਵਿਚਾਰਾਂ ਦਾ,
ਸਾਡਾ ਵੀ ਕਸੂਰ ਕੱਲਾ ਦੋਸ ਨੀ ਸਰਕਾਰਾਂ ਦਾ,,
ਚੱਲ ਜਾਗ ਉੱਠ ਓਏ ਮੱਖਣ ਸ਼ੇਰੋਂ ਵਾਲਿਆ,,
ਸਿਆਸਤ ਨਾਮੀ ਸਿਉਂਕ ਨੇ ਤੇਰਾ ਪੰਜਾਬ ਖਾ ਲਿਆ।

**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ।**
**ਸੰਪਰਕ 9878798726**

## ਉੱਚੀ ਸ਼ਾਨ

ਮਾਂ ਪੰਜਾਬੀ ਬੋਲੀ ਤੋਂ ਅਸੀਂ ਹੋ
ਜਾਈਏ ਕੁਰਬਾਨ,
ਕਿੰਨੇ ਪੀਰ ਫਕੀਰਾਂ ਤੋ ਮਿਲਿਆ
ਇਸ ਵਰਦਾਨ।
ਕੱਲੀ ਪੰਜ ਆਬ ਦੀ ਨਹੀਂ, ਅੱਜ
ਦੁਨੀਆਂ ਵਿੱਚ ਪ੍ਰਧਾਨ,
ਵਾਰਿਸ ਸ਼ਾਹ, ਪੀਲੂ ਲਾਲ ਬਾਹੂ
ਹੋਏ ਪੁਰਸ਼ ਮਹਾਂਨ।
ਮੈਂ ਵਾਰ ਜਾਵਾਂ ਲੱਖਾਂ ਵਾਰੀ ਇਸ
ਤੋਂ ਆਪਣੀ ਜਾਨ,
ਗਾਲ ਲੱਗੇ ਜਿਸ ਵਿਸਰੇ , ਪੱਤੋ ,
ਨਾ ਢੋਈ ਵਿੱਚ ਜਹਾਨ।
ਆਉ ਸਾਰੇ ਕਸਮਾਂ ਖਾਈਏ ਉੱਚੀ
ਕਰੀਏ ਇਸ ਦੀ ਸ਼ਾਨ।

**ਹਰਪ੍ਰੀਤ ਪੱਤੋ ਪਿੰਡ ਪੱਤੋ**
**ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

## ਬੋਲੀਆਂ

ਅਸੀਂ ਯਾਰ ਨੂੰ ਪੈਸੇ ਦਿੱਤੇ ਨਾ ਉਧਾਰੇ
ਯਾਰੀ ਤੋੜ ਕੇ ਬਹਿ ਗਿਆ ਚੰਦਰਾ।
ਬਾਹਰ ਜਾ ਕੇ ਸੁੱਕਾ ਨ੍ਹੀ ਮੁੜਦਾ
ਬੰਦੇ ਦਾ ਬਾਹਰ ਜਾਣਾ ਔਖਾ ਹੋ ਗਿਆ।
ਕੋਈ ਕਿਸੇ ਤੇ ਯਕੀਨ ਨ੍ਹੀ ਕਰਦਾ
ਬੜਾ ਭੈੜਾ ਸਮਾਂ ਆ ਗਿਆ।
ਮਾਂ ਨੂੰ ਬਿਰਧ ਆਸ਼ਰਮ ਛੱਡ ਕੇ
ਪੁੱਤ-ਨੂੰਹ ਦੇ ਚਿਹਰੇ ਖਿੜ ਗਏ।
ਜਿਦ੍ਹੇ ਘਰ ਬੈਠੀ ਦੇ ਗੋਡੇ ਦੁੱਖਦੇ
ਉਹ ਡੇਰੇ ਜਾ ਕੇ ਸੇਵਾ ਕਰਦੀ।
ਚੁਗਲਖੋਰ ਉਸ ਨੂੰ ਜਿਉਣ ਨਾ ਦਿੰਦੇ
ਕੋਈ ਨਾਰੀ ਨਾ ਹੋਵੇ ਵਿਧਵਾ।
ਪੁੱਤ ਉਸ ਦਾ ਲੱਗੇ ਨਾ ਨਸ਼ਿਆਂ ਨੂੰ
ਮਾਂ ਰੱਬ ਅੱਗੇ ਅਰਦਾਸਾਂ ਕਰਦੀ।
ਕੋਈ ਚੱਜ ਦੀ ਗੱਲ ਲਿਖੀਂ @ਮਾਨਾ@
ਜੇ ਕਰ ਲਿਖਣ ਬੈਠਾਂ ਤੂੰ ਬੋਲੀਆਂ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਚੁੱਪ ਦਾ ਤਾਲਾ / ਗ਼ਜ਼ਲ

ਲਾ ਬੱਲ੍ਹਾਂ ਤੇ ਚੁੱਪ ਦਾ ਤਾਲਾ,
ਦੱਸ ਤੂੰ ਫੇਰੇਂ ਕਿਹੜੀ ਮਾਲਾ ?
ਕਰ ਦੇਵੇ ਬੰਦੇ ਨੂੰ ਰੋਗੀ,
ਜਾਂਦਾ ਜਾਂਦਾ ਚੰਦਰਾ ਪਾਲਾ।
ਉਹ ਹਰ ਇਕ ਤੋਂ ਅੱਖ ਬਚਾਵੇ,
ਕਰਦਾ ਹੈ ਜੋ ਘਾਲਾ ਮਾਲਾ।
ਉਸ ਦਾ ਕੋਈ ਯਾਰ ਨਾ ਹੁੰਦਾ,
ਜਿਹੜਾ ਹੋਵੇ ਦਿਲ ਦਾ ਕਾਲਾ।
ਇਸ ਦਾ ਪਾਣੀ ਬਹੁਤੇ ਗੰਦਾ,
ਕੋਈ ਸਾਫ ਨਾ ਕਰਦਾ ਨਾਲਾ।
ਉਸ ਤੀਵੀਂ ਨੇ ਖੁਸ਼ ਕੀ ਰਹਿਣਾ ?
ਨਸ਼ਈ ਹੈ ਜਿਸ ਦੇ ਘਰ ਵਾਲਾ।
ਹੋ ਜਾਵੇ ਹੰਕਾਰੀ ਇੱਥੇ,
ਬੰਦਾ ਬਹੁਤੇ ਪੈਸੇ ਵਾਲਾ।

**ਮਹਿੰਦਰ ਸਿੰਘ ਮਾਨ 9915803554**

## ਕਵਿਤਾ

ਮੈਨੂੰ ਛੱਤ ਤੇ ਸੌਣਾ ਚੰਗਾ ਲੱਗਦਾ ਹੈ
ਇਕ ਅੰਬਰ ਵੀ ਅਪਣਾ ਲੱਗਦਾ ਹੈ
ਦੂਜੀ ਲੱਗੇ ਜਿੰਦ ਆਜ਼ਾਦ ਜਿਹੀ
ਤੀਜਾ ਏ.ਸੀ ਦਾ ਬਿੱਲ ਬੱਚਦਾ ਹੈ
ਠੰਡੀ ਹਵਾ ਦੇ ਬੁੱਲੇ ਆਉਂਦੇ ਨੇ
ਪਿੰਡ ਦੀਆਂ ਯਾਦਾਂ ਨਾਲ ਲਿਆਉਂਦੇ ਨੇ
ਖੁੱਲੇ ਕੋਠੇ ਸੀ ਨਾ ਕੋਈ ਕੰਧ ਹੁੰਦੀ
ਨਾ ਬਾਤਾਂ ਪਾਉਂਦੇ ਥੱਕਦੇ ਨਾ ਕੋਈ ਅੱਕਦਾ ਸੀ
ਲਾਈਨ ਚ ਮੰਜੇ ਡਿਹਦੇ ਰਾਤੀ ਸੌਣ ਲਈ
ਫਰਾਟੇ ਮੂਹਰੇ ਪਹਿਲਾ ਮੰਜਾ ਕਰਦਾ ਸੀ
ਕੱਚੀ ਲੱਸੀ ਪੀਣ ਨਾਲ ਨਾ ਮਨ ਭਰਦਾ
ਘੜੇ ਦੇ ਪਾਣੀ ਨਾਲ ਕਾਲਜਾ ਠਰਦਾ ਸੀ
ਚੁੱਲੇ ਮੂਹਰੇ ਬੈਹ ਕੇ ਰੋਟੀ ਖਾਂਦੇ ਸੀ
ਇੱਕ ਵੇਹੜੇ ਵਿੱਚ ਸੌ ਜਾਂਦੇ ਸੀ
ਵੱਖਰਾ ਨਾ ਸੀ ਹੁੰਦਾ ਕੋਈ ਨਿਜਾਮ ਉਦੋਂ
ਇਕ ਦੂਜੇ ਵਿੱਚ ਵਸਦੀ ਸਭਦੀ ਜਾਨ ਉਦੋ
ਭਾਈਚਾਰੇ ਨਾਲ ਮਿਲ ਕੇ ਖੇਤ ਵਾਹ ਲੈਂਦੇ
ਨੂੰਹ, ਸੱਸ,ਨਣਾਨ ਵਿਚ ਨਾ ਪਰਦਾ ਸੀ
ਧਾਲੀਵਾਲਾ ਉਹ ਸਮਾ ਸੋਨ ਸੁਨਹਿਰ ਜਿਹਾ
ਘੱਟ ਪੈਸਾ ਤੇ ਸਾਂਝ ਬਿਨਾ ਨਾ ਸਰਦਾ ਸੀ

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ**
**7837490309**

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358

Website: www.preetnama.com Email preetnamausa@gmail.com

19 JUNE TO 25 JUNE, 2026




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358

Website: www.preetnama.com Email preetnamausa@gmail.com

19 JUNE TO 25 JUNE, 2026




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358 | Website: www.preetnama.com Email preetnamausa@gmail.com | 19 JUNE TO 25 JUNE, 2026




# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 358 | Website: www.preetnama.com Email preetnamausa@gmail.com | 19 JUNE TO 25 JUNE, 2026



## Preetnama

**is a leading International Media Company.**

Publishing a renowned newspaper in three language and operations a prominent TV channel.
With a global reach and diverse audience, Preetnama Provides in dept coverage of Current Events, News, and Analysis, Catering to a broad spectrum of interests and persp.
Preetnama TV Provides you best services.

**We promote your business worldwide.**
**We promote and do coverage all Kind Events.**




Preetnama
ਪ੍ਰੀਤਨਾਮਾ
Khara Sach
On our English language New Website WWW.PREETNEWS.COM
Chief Editor Pritpal Kaur +1 201-312-4180
Vol 4, Issue 330 Website: www.preetnama.com Email preetnamausa@gmail.com 28 NOV TO 04 DEC, 2025

## Sheikh Hasina's death sentence: India's new challenge in South Asian diplomacy

Bangladesh's judicial crisis and India's diplomatic balance
Analysis of the new equations emerging in South Asian politics after the death sentence awarded to Sheikh Hasina



Space for Available for Advertising
WWW.PREETNEWS.COM
WWW.PREETNAMA.COM
preetnamausa@gmail.com
ਨਿਊਯਾਰਕ
ਪ੍ਰੀਤਨਾਮਾ
ਖ਼ਰਾ ਸੱਚ
Online and Print Media +1 201-312-4180 +1 917-328-8436

## ਮੋਦੀ ਸਰਕਾਰ ਦੇ ਪੰਜਾਬ ਬਾਰੇ ਫੈਸਲੇ ਵਿਵਾਦਾਂ ਤੋਂ ਬਾਅਦ ਹੋ ਰਹੇ ਨੇ ਵਾਪਿਸ, ਕੀ ਭਾਜਪਾ ਸੂਬੇ ਨੂੰ ਸਮਝਣ 'ਚ ਚੁਕ ਕਰ ਰਹੀ ਹੈ ?


## Pritpal Kaur (CEO and Founder)

001 (201) 312 4180

Email: Preetnamausa@gmail.com,
www.preetnama.com www.preetnews.com